SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 22
September 7, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ





ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 32 ਤੋਂ 35 'ਤੇ



ਪ੍ਰੋ: ਦਿੱਤ ਰਾਮ ਉਰਫ
ਪ੍ਰੋ: ਦਿੱਤ ਸਿੰਘ

ਸੀ. ਐਲ. ਚੁੰਬਰ ਦਾ ਵਿਸ਼ੇਸ਼ ਲੇਖ ਦੇਖੋ
ਸਫਾ 6 'ਤੇ

# 7 ਸਾਲ ਦੀ ਉਮਰ ਵਿਚ ਪ੍ਰਧਾਨ ਮੰਤਰੀ ਦਾ ਰੋਲ ਕਰਨ ਵਾਲੀ ਲਿਜ਼ ਟ੍ਰਸ ਹੁਣ ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬੈਠੇਗੀ



**ਲੰਡਨ (ਬਿਊਰੋ)**– ਲਿਜ਼ ਟ੍ਰਸ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਨੂੰ ਜਿੱਤ ਲਿਆ ਹੈ। ਉਨ੍ਹਾਂ ਨੇ ਇਸ ਦੌੜ ਵਿੱਚ ਭਾਰਤੀ ਮੂਲ ਦੇ ਰਿਸ਼ੀ ਸੁਨਕ ਨੂੰ ਹਰਾਇਆ ਹੈ। ਲਿਜ਼ ਟ੍ਰਸ ਨੂੰ ਕੁੱਲ 81,326 ਵੋਟ ਮਿਲੇ ਹਨ ਜਦਕਿ ਰਿਸ਼ੀ ਸੁਨਕ ਨੂੰ 60,399 ਵੋਟ ਮਿਲੇ ਹਨ। ਇਸ ਚੋਣ ਵਿੱਚ ਕੁੱਲ 82.6% ਵੋਟਿੰਗ ਹੋਈ ਹੈ। ਆਪਣੇ ਭਾਸ਼ਣ ਵਿੱਚ ਟ੍ਰਸ ਨੇ ਸਭ ਤੋਂ ਪਹਿਲਾਂ ਆਪਣੇ ਹਮਾਇਤੀਆਂ ਦੀ ਧੰਨਵਾਦ ਕੀਤਾ। ਉਨ੍ਹਾਂ ਨੇ ਆਪਣੀ ਪਾਰਟੀ ਨੂੰ 'ਇਤਿਹਾਸ ਦੇ ਸਭ ਤੋਂ ਲੰਬੇ ਜੌਬ ਇੰਟਰਵਿਊ ਨੂੰ ਆਯੋਜਿਤ ਕਰਵਾਉਣ ਦੇ ਲਈ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਬੋਰਿਸ ਜੌਨਸਨ ਦਾ ਬ੍ਰੈਗਜ਼ਿਟ ਲਈ ਸ਼ੁੱਕਰੀਆ ਅਦਾ ਕੀਤਾ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਕੋਲ ਟੈਕਸ ਘੱਟ ਕਰਨ ਲਈ ਠੋਸ ਪਲਾਨ ਹੈ। ਉਨ੍ਹਾਂ ਨੇ ਆਪਣੇ ਭਾਸ਼ਣ ਦੇ ਅੰਤ ਵਿੱਚ ਕਿਹਾ, "ਵੀ ਵਿਲ ਡਿਲੀਵਰ, ਵੀ ਵਿਲ ਡਿਲੀਵਰ, ਵੀ ਵਿਲ ਡਿਲੀਵਰ' ਯਾਨੀ ਉਹ ਵਾਅਦੇ ਪੂਰੇ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ 2024 ਦੀਆਂ ਆਮ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਲੇਬਰ ਪਾਰਟੀ ਨੂੰ ਮਾਤ ਦੇਵੇਗੀ।

ਸੱਤ ਸਾਲ ਦੀ ਉਮਰ ਵਿੱਚ ਲਿਜ਼ ਟ੍ਰਸ ਨੇ ਮਾਰਗ੍ਰੈਟ ਥੈਚਰ ਦੀ ਭੂਮਿਕਾ ਨਿਭਾਈ ਸੀ। ਇਹ ਸਕੂਲ ਵਿੱਚ ਬੱਚਿਆਂ ਨੂੰ ਸਿਖਾਉਣ ਵਾਸਤੇ ਚੋਣਾਂ ਬਾਰੇ ਇੱਕ ਪ੍ਰੋਗਰਾਮ ਸੀ। 1983 ਦੀਆਂ ਚੋਣਾਂ ਵਿੱਚ ਭਾਵੇਂ ਮਾਰਗ੍ਰੈਟ ਥੈਚਰ ਨੇ ਜਿੱਤ ਹਾਸਿਲ ਕੀਤੀ ਸੀ ਪਰ ਆਪਣੇ ਸਕੂਲ ਵਿੱਚ ਲਿਜ਼ ਉਨ੍ਹਾਂ ਦੀ ਭੂਮਿਕਾ ਵਿੱਚ ਨਹੀਂ ਜਿੱਤ ਸਕੇ। ਬਹੁਤ ਸਾਲਾਂ ਬਾਅਦ ਉਸ ਘਟਨਾ ਨੂੰ ਯਾਦ ਕਰਦੇ ਹੋਏ ਲਿਜ਼ ਨੇ ਦੱਸਿਆ, "ਮੈਂ ਆਪਣੇ ਵੱਲੋਂ ਬਹੁਤ ਵਧੀਆ ਭਾਸ਼ਨ ਦਿੱਤਾ ਸੀ ਪਰ ਮੈਨੂੰ ਕੋਈ ਵੋਟ ਨਹੀਂ ਮਿਲੀ। ਮੈਂ ਵੀ ਆਪਣੇ ਆਪ ਨੂੰ ਵੋਟ ਨਹੀਂ ਕੀਤਾ ਸੀ।" 39 ਸਾਲਾਂ ਬਾਅਦ ਉਨ੍ਹਾਂ ਕੋਲ ਮੌਕਾ ਸੀ ਕਿ ਉਹ ਮਾਰਗ੍ਰੇਟ ਥੈਚਰ ਦੇ ਇਤਿਹਾਸ ਨੂੰ ਦੁਹਰਾਉਣ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਬਣ ਜਾਣ। ਇਸ ਦੇ ਨਾਲ ਹੀ ਉਹ

**(ਬਾਕੀ ਸਫਾ 4 'ਤੇ)**

# ਅੰਬੈਸਡਰ ਸ. ਤਰਨਜੀਤ ਸਿੰਘ ਸੰਧੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ



**ਅੰਮ੍ਰਿਤਸਰ (ਬਿਊਰੋ)**– ਅਮਰੀਕਾ 'ਚ ਭਾਰਤੀ ਅੰਬੈਸਡਰ ਸ. ਤਰਨਜੀਤ ਸਿੰਘ ਸੰਧੂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਆਪਣੇ ਦਾਦੇ ਦੇ ਨਾਂ 'ਤੇ ਬਣੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਸ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੁੱਜ ਕੇ ਆਪਣੇ ਪੁਰਖਿਆਂ ਦੀ ਯਾਦ ਤਾਜ਼ਾ ਕੀਤੀ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ. ਤਰਨਜੀਤ ਸਿੰਘ ਸੰਧੂ ਨੂੰ ਵਧੀਕ ਸਕੱਤਰ ਸ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਸਨਮਾਨਿਤ ਕੀਤਾ।

ਇਸ ਮੌਕੇ ਸ ਤਰਨਜੀਤ ਸਿੰਘ ਸੰਧੂ ਨੇ ਆਖਿਆ ਕਿ ਉਹ ਹਰ ਸਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੇ ਹਨ ਅਤੇ ਇਸ ਵਾਰ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ. ਤੇਜਾ ਸਿੰਘ ਸਮੁੰਦਰੀ ਦੇ ਨਾਂ 'ਤੇ ਬਣੇ ਇਕੱਤਰਤਾ ਹਾਲ ਨੂੰ ਵੇਖਣ ਦਾ ਵੀ ਮੌਕਾ ਮਿਲਿਆ ਹੈ। ਇਸ ਯਾਦਗਾਰੀ ਹਾਲ ਨੂੰ ਵੇਖ ਕੇ ਸ ਤੇਜਾ ਸਿੰਘ ਸਮੁੰਦਰੀ ਦੀ ਘਾਲਣਾ ਯਾਦ ਆਈ ਹੈ। ਉਨ੍ਹਾਂ ਕਿਹਾ ਕਿ ਸ ਤੇਜਾ ਸਿੰਘ ਸਮੁੰਦਰੀ ਨੇ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਵੱਡਾ ਯੋਗਦਾਨ ਪਾਇਆ ਸੀ ਅਤੇ ਕਈ ਮੋਰਚਿਆਂ ਵਿਚ ਹਿੱਸਾ ਲਿਆ। ਸ. ਸਮੁੰਦਰੀ ਜੀ ਦਾ ਇਹ ਕੌਮ ਪ੍ਰਤੀ ਸਮਰਪਣ ਸੀ ਅਤੇ ਪਰਿਵਾਰ ਲਈ ਵੱਡੇ ਫਖਰ ਵਾਲੀ ਗੱਲ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ। ਪ੍ਰਤਾਪ ਸਿੰਘ, ਸੁਪਰਡੈਂਟ ਸ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਹਰਭਜਨ ਸਿੰਘ ਵਕਤਾ, ਸ। ਰਾਜਿੰਦਰ ਸਿੰਘ ਰੂਬੀ, ਸ। ਮੁਖਤਾਰ ਸਿੰਘ ਕੁਹਾੜਕਾ, ਸੂਚਨਾ ਅਧਿਕਾਰੀ ਸ ਅੰਮ੍ਰਿਤਪਾਲ ਸਿੰਘ, ਸਹਾਇਕ ਸੁਪਰਡੈਂਟ ਸ। ਗੁਰਪ੍ਰੀਤ ਸਿੰਘ ਅਤੇ ਸ. ਜਸਕਰਨ ਸਿੰਘ ਮੌਜੂਦ ਸਨ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com
Note: I am not an Immigration Attorney.

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

ਜੈ ਗੁਰੂਦੇਵ ਧੰਨ ਗੁਰੂਦੇਵ

# Ad-Dharam the way of Guru Ravidass Ji




ਸਦੀਆਂ ਤੋਂ ਕੌਮ ਨੂੰ ਦੁਰਕਾਰਿਆ ਗਿਆ ਹੈ। ਅਛੂਤ ਕਹਿ ਕੇ ਸਾਨੂੰ ਫਿਟਕਾਰਿਆ ਗਿਆ ਹੈ
ਆਦਿ ਧਰਮ ਜਦੋਂ ਦਾ ਬਣਿਆ ਹੈ ਸਾਡੀ ਕੌਮ ਨੂੰ ਉਦੋਂ ਦਾ ਸਤਿਕਾਰਿਆ ਗਿਆ ਹੈ ।
"ਆਦਿ ਗੁਰੂ" ਮਨ ਕੇ ਬਣ ਜਾ ਆਦਿ ਧਰਮੀ ਨਾਲ ਭਾਰਾ ਇਤਫਾਕ ਦਾ ਧੜਾ ਹੋ ਜਾ,
ਤੈਥੋਂ ਫੇਰ ਨਾ ਕੋਈ ਕਰੂ ਨਫਰਤ 'ਆਲਮ' ਆਪਣੇ ਪੈਰਾਂ ਤੇ ਖੜਾ ਹੋ ਜਾ ।



ਸਤਿਕਾਰਯੋਗ ਆਦਿ-ਧਰਮੀ ਭੈਣੋਂ ਅਤੇ ਭਰਾਵੋ ।

ਆਪ ਜੀ ਨੂੰ ਇਹ ਜਾਣ ਕਿ ਅਤਿਅੰਤ ਖੁਸ਼ੀ ਹੋਵੇਗੀ ਕਿ ਬੇਗਮਪੁਰਾ ਟਾਈਮਜ਼ ਯੂ.ਕੇ. ਵਲੋਂ 1 ਅਕਤੂਬਰ 2022 ਨੂੰ ਵਰਲਡ ਆਦਿ-ਧਰਮ ਕਾਨਫਰੰਸ 2022 ਰਿਲੇਸ਼ਨ ਟੂ ਆਦਿ ਧਰਮ ਸਥਾਪਨਾ ਦਿਵਸ 11-12 ਜੂਨ 1926 ਮੁੱਗੋਵਾਲ ਪੰਜਾਬ ਇੰਡੀਆ ਦੇ ਸਹਿਯੋਗ ਨਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਫਗਵਾੜਾ (ਪੰਜਾਬ) ਵਿਖੇ ਇੱਕ ਵਿਸ਼ਾਲ ਕਾਨਫਰੰਸ ਹੋਣ ਜਾ ਰਹੀ ਹੈ। ਆਪ ਸਭ ਭਲੀ ਭਾਂਤ ਜਾਣਦੇ ਹੋ ਕਿ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਤਹਿ: ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਵਿੱਚ ਬਾਬੂ ਮੰਗੂ ਰਾਮ ਜੀ ਦੀ ਅਗਵਾਈ ਹੇਠ 36 ਕੌਮਾਂ ਦੀ ਇੱਕ ਵਿਸ਼ਾਲ ਕਾਨਫਰੰਸ ਹੋਈ ਸੀ ਜਿਸ ਵਿੱਚ ਸਰਬ ਸੰਮਤੀ ਨਾਲ ਇਹ ਪਾਸ ਕੀਤਾ ਗਿਆ ਸੀ ਕਿ ਅੱਜ ਤੋਂ ਸਾਡਾ ਧਰਮ "ਆਦਿ-ਧਰਮ" ਹੈ ਅਤੇ ਅਸੀਂ ਸਾਰਿਆਂ ਨੇ ਮਰਦਮਸ਼ੁਮਾਰੀ ਵਿੱਚ "ਆਦਿ ਧਰਮ" ਅਖਵਾਉਣਾ ਅਤੇ ਲਿਖਵਾਉਣਾ ਹੈ। ਸਤਿਗੁਰੂ ਰਵਿਦਾਸ ਜੀ, ਭਗਵਾਨ ਬਾਲਮੀਕਿ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਮਦੇਵ ਜੀ ਸਾਡੇ ਰਹਿਬਰ ਹਨ, ਅਸੀਂ ਇੱਕ ਦੂਜੇ ਨੂੰ 'ਜੈ ਗੁਰੂਦੇਵ' ਕਹਿ ਕੇ ਪੁਕਾਰਾਂਗੇ ਅਤੇ ਸਾਡਾ ਪਵਿੱਤਰ ਸ਼ਬਦ ਅਤੇ ਨਿਸ਼ਾਨ "ਸੋਹੰ"ਹੋਵੇਗਾ ।

ਇਸ ਤੋਂ ਉਪਰੰਤ 26-02-1930 ਨੂੰ ਭਾਰਤ ਵਿੱਚ ਬ੍ਰਿਟਿਸ਼ ਸਰਕਾਰ ਵਲੋਂ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਮਿਲ ਗਈ ਅਤੇ 1931 ਦੀ ਮਰਦੁਸ਼ਮਾਰੀ ਵਿੱਚ ਆਪਣੇ ਸਮਾਜ ਦੇ ਲਗਭਗ ਪੰਜ ਲੱਖ ਲੋਕਾਂ ਨੇ ਆਪਣਾ ਧਰਮ ਅਦਿ ਧਰਮ ਲਿਖਵਾਇਆ ।

ਇਸੇ ਸੰਦਰਵ ਵਿੱਚ ਸਾਲ 1973 ਤੋਂ "ਆਦਿ-ਧਰਮ ਬਰਦਰਹੁੱਡ, ਵੁਲਵਰਹੈਂਪਟਨ ਯੂ.ਕੇ" ਹਰ ਸਾਲ ਆਦਿ-ਧਰਮ ਦਿਵਸ ਮਨਾ ਰਹੀ ਹੈ ਤੇ ਸਾਲ 1977 ਨੂੰ ਆਦਿ-ਧਰਮ ਬਰਦਰਹੁੱਡ, ਵੁਲਵਰਹੈਂਪਟਨ ਹੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਇੰਗਲੈਂਡ ਲੈ ਕੇ ਆਏ ਤਕਰੀਬਨ 6 ਮਹੀਨੇ ਬਾਬੂ ਜੀ ਇੱਥੇ ਰਹੇ । ਬਾਬੂ ਜੀ ਨੂੰ ਆਦਿ-ਧਰਮ ਬਰਦਰਹੁੱਡ ਵਲੋਂ ਮਾਸਿਕ ਪੈਂਸ਼ਨ ਬਾਬੂ ਜੀ ਦੇ ਆਖਰੀ ਸਮੇਂ ਤੱਕ ਸਨਮਾਨ ਵਜੋਂ ਲਾਈ ਗਈ। ਇਹ ਸਾਰੇ ਕਾਰਜ ਸ਼੍ਰੀ ਹਰਬੰਸ ਸਿੰਘ ਹੀਰਾ ਪ੍ਰਧਾਨ, ਸ਼੍ਰੀ ਨਿਰਮਲ ਦਾਸ ਮਹੇ ਸਾਗਰ ਪੁਰੀਆ, ਸ਼੍ਰੀ ਮਹਿੰਦਰਪਾਲ ਰੰਧਾਵਾ, ਸ਼੍ਰੀ ਨਿਰਮਲ ਸੁਮਨ ਅਤੇ ਸਾਥੀਆਂ ਵਲੋਂ ਕੀਤੇ ਗਏ । ਇਸ ਤਰ੍ਹਾਂ ਹੀ ਆਦਿ ਧਰਮ ਬਰਦਰਹੁੱਡ ਯੂ.ਕੇ. , ਵਲੋਂ ਇੱਕ ਤ੍ਰੈ ਮਾਸਿਕ ਮੈਗਜ਼ੀਨ 1999 ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸਦੇ ਚੀਫ ਐਡੀਟਰ ਸ਼੍ਰੀ ਐਚ.ਪੀ. ਰੰਧਾਵਾ ਹਨ ।

ਬੇਗਮਪੁਰਾ ਟਾਈਮਜ਼ ਯੂ. ਕੇ. ਦੇ ਬੋਰਡ ਵਲੋਂ ਇਹ ਬਹਤ ਵਧੀਆ ਉਪਰਾਲਾ ਕੀਤਾ ਗਿਆ, ਸਾਰੇ ਸੰਸਾਰ ਦੀਆਂ ਆਦਿ ਧਰਮ ਸੰਸਥਾਵਾਂ ਨੂੰ ਸੱਦਾ ਪੱਤਰ ਭੇਜਿਆ ਗਿਆ । ਸੋ ਆਓ ਸਾਰੇ ਰਲ ਮਿਲ ਕੇ ਇਸ ਕਾਨਫਰੰਸ 1 ਅਕਤੂਬਰ 2022 ਦੀ ਕਾਨਫਰੰਸ ਸਾਰੇ ਸ਼ਾਮਿਲ ਹੋ ਕੇ ਸਫਲ ਬਣਾਈਏ ਅਤੇ ਆਉਣ ਵਾਲੀ ਮਰਦੁਮਸ਼ੁਮਾਰੀ ਵਿੱਚ ਵੱਧ ਚੜ੍ਹ ਕੇ ਆਦਿ ਧਰਮ ਨੂੰ ਆਪਣਾ ਧਰਮ ਲਿਖਵਾਈਏ ।

ਧੰਨਵਾਦ ਸਾਹਿਤ,
ਬੇਗਮਪੁਰਾ ਟਾਈਮਜ਼ ਯੂ.ਕੇ.

# WORLD AD-DHARAM CONFERENCE 2022

# ਵਿਸ਼ਵ ਆਦਿ ਧਰਮ ਸੰਮੇਲਨ 2022

**ਪ੍ਰੋਗਰਾਮ: 1 ਅਕਤੂਬਰ 2022, ਸਮਾਂ: ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ**

**ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ, ਫਗਵਾੜਾ, ਪੰਜਾਬ, ਇੰਡੀਆ**

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ*

**ਹਰਬੰਸ ਸਿੰਘ ਹੀਰਾ**
Founder (President)
0044-7779 271 356

**ਨਿਰਮਲ ਦਾਸ ਮਹੇ (ਸਾਗਰਪੁਰੀਆ)**
Sr. Presenter of Kanshi Radio, U.K.
0044-7882 322 812

**ਐਚ.ਪੀ.ਰੰਧਾਵਾ**
(ਚੀਫ ਐਡੀਟਰ ਬੇਗਮਪੁਰਾ ਟਾਈਮਜ਼)
0044-7947 363 777

# ਰਿਸ਼ੀ ਸੁਨਕ ਕਿਉਂ ਨਹੀਂ ਬਣ ਸਕੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ

ਬੋਰਿਸ ਜੌਨਸਨ ਦੀ ਕੈਬਨਿਟ ਵਿੱਚ ਯੂਨਾਈਟਿਡ ਕਿੰਗਡਮ ਦੇ ਵਿੱਤ ਮੰਤਰੀ ਦੇ ਰੂਪ ਵਿੱਚ ਰਿਸ਼ੀ ਸੂਨਕ ਦੀ ਸਮਰੱਥਾ ਅਤੇ ਹਰਮਨਪਿਆਰਤਾ ਦੇ ਬਾਵਜੂਦ, ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਦੇ ਅਹਿਮ ਅਹੁਦੇ ਦੀ ਦੌੜ ਵਿੱਚ ਉਨ੍ਹਾਂ ਦੀ ਹਾਰ ਯਕੀਨੀ ਸੀ। ਉਨ੍ਹਾਂ ਦੇ ਵਿਰੋਧੀ ਅਤੇ ਦੇਸ਼ ਦੀ ਵਿਦੇਸ਼ ਮੰਤਰੀ ਲਿਜ਼ ਟ੍ਰਸ ਚੋਣਾਂ ਵਿੱਚ ਉਨ੍ਹਾਂ ਤੋਂ ਕਾਫੀ ਅੱਗੇ ਸਨ।

ਇਹ ਅਸਲ ਵਿੱਚ ਇੱਕ ਇਤਿਹਾਸਕ ਪਲ ਹੁੰਦਾ ਜੇਕਰ ਰਿਸ਼ੀ ਸੂਨਕ ਦੌੜ ਜਿੱਤ ਜਾਂਦੇ। ਉਹ ਯੂਨਾਈਟਿਡ ਕਿੰਗਡਮ ਦੇ ਪਹਿਲੇ ਗੈਰ-ਗੋਰੇ ਅਤੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਬਣ ਗਏ ਹੁੰਦੇ। ਇਹ ਤਕਰੀਬਨ 2008 ਵਿੱਚ ਬਰਾਕ ਓਬਾਮਾ ਦੁਆਰਾ ਬਣਾਏ ਗਏ ਇਤਿਹਾਸ ਦੇ ਲਗਭਗ ਬਰਾਬਰ ਹੁੰਦਾ ਜਦੋਂ ਉਹ ਸੰਯੁਕਤ ਰਾਜ ਅਮਰੀਕਾ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਚੁਣੇ ਗਏ ਸਨ। ਉਨ੍ਹਾਂ ਤੋਂ ਪਹਿਲਾਂ ਕਈ ਦੱਖਣੀ ਏਸ਼ੀਆ ਮੂਲ ਦੇ ਨੇਤਾ ਮੰਤਰੀਆਂ ਅਤੇ ਮੇਅਰਾਂ ਦੇ ਅਹੁਦਿਆਂ 'ਤੇ ਪਹੁੰਚ ਚੁੱਕੇ ਹਨ, ਜਿਵੇਂ ਕਿ ਪ੍ਰੀਤੀ ਪਟੇਲ ਦੇਸ਼ ਦੀ ਗ੍ਰਹਿ ਮੰਤਰੀ ਹਨ ਅਤੇ ਸਾਦਿਕ ਖ਼ਾਨ ਲੰਡਨ ਦੇ ਮੇਅਰ ਹਨ। ਜਦੋਂ ਉਨ੍ਹਾਂ ਨੂੰ 2020 ਵਿੱਚ ਖਜ਼ਾਨੇ ਦੇ ਚਾਂਸਲਰ ਜਾਂ ਵਿੱਤ ਮੰਤਰੀ ਦੇ ਅਹੁਦੇ ਲਈ ਪਦਉਨਤ ਕੀਤਾ ਗਿਆ ਸੀ, ਤਾਂ ਉਹ ਖੁਦ ਦੇਸ਼ ਦੇ ਦੂਜੇ ਸਭ ਤੋਂ ਮਹੱਤਵਪੂਰਨ ਨੇਤਾ ਬਣ ਗਏ ਸਨ। ਪਰ ਹੁਣ ਤੱਕ ਨਸਲੀ ਘੱਟ ਗਿਣਤੀ ਭਾਈਚਾਰਿਆਂ ਵਿੱਚੋਂ ਕੋਈ ਵੀ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਨਹੀਂ ਰਿਹਾ ਸੀ।

**ਰਿਸ਼ੀ ਸੂਨਕ ਦੀ 'ਵੱਖਰੀ' ਨਸਲੀ ਪੱਛਾਣ**

ਡਾ। ਨੀਲਮ ਰੈਨਾ ਮਿਡਲਸੈਕਸ ਯੂਨੀਵਰਸਿਟੀ ਵਿੱਚ ਪੜ੍ਹਾਉਂਦੀ ਹੈ। ਉਹ ਕਹਿੰਦੇ ਹਨ, "ਇਸ ਦੇਸ਼ ਦੀ ਸੰਸਦ ਵਿੱਚ ਧਾਰਮਿਕ ਅਤੇ ਨਸਲੀ ਘੱਟ-ਗਿਣਤੀ ਭਾਈਚਾਰਿਆਂ ਦੀ ਨੁਮਾਇੰਦਗੀ ਭਾਰਤ ਤੋਂ ਬਹੁਤ ਜ਼ਿਆਦਾ ਹੈ, ਪਰ ਰਿਸ਼ੀ ਦੀ ਚੋਣ ਇਤਿਹਾਸਕ ਹੋਣੀ ਸੀ ਕਿਉਂਕਿ ਉਨ੍ਹਾਂ ਦੀ ਨਸਲੀ ਪਛਾਣ ਵੱਖਰੀ ਸੀ।" ਯੂਨਾਈਟਿਡ ਕਿੰਗਡਮ ਤੋਂ ਬਾਹਰ, ਦੁਨੀਆ ਭਰ ਵਿੱਚ ਭਾਰਤੀ ਮੂਲ ਦੇ ਨੇਤਾਵਾਂ ਦੀ ਇੱਕ ਲੰਬੀ ਸੂਚੀ ਹੈ ਜੋ ਆਪਣੇ ਦੇਸ਼ਾਂ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਰਹੇ ਹਨ ਜਾਂ ਅਜੇ ਵੀ ਹਨ। ਇਨ੍ਹਾਂ ਵਿੱਚੋਂ ਕੁਝ ਦੇਸ਼ ਮਾਰੀਸ਼ਸ, ਗੁਆਨਾ, ਆਇਰਲੈਂਡ, ਪੁਰਤਗਾਲ ਜਾਂ ਫਿਜ਼ੀ ਹਨ। ਭਾਰਤ ਤੋਂ ਇਲਾਵਾ ਦੁਨੀਆ ਵਿੱਚ ਕੋਈ ਵੀ ਅਜਿਹਾ ਦੇਸ਼ ਨਹੀਂ ਹੈ ਜਿਸ ਦਾ ਡਾਇਸਪੋਰਾ ਜਾਂ ਤਾਂ ਸ਼ਾਸਨ ਕਰਦਾ ਹੈ ਜਾਂ 30 ਤੋਂ ਵੱਧ ਦੇਸ਼ਾਂ 'ਤੇ ਸ਼ਾਸਨ ਕਰ ਚੁੱਕਿਆ ਹੈ।

ਇਸ ਸੂਚੀ ਵਿੱਚ 42 ਸਾਲਾ ਰਿਸ਼ੀ ਸੂਨਕ ਦਾ ਨਾਂ ਸ਼ਾਮਲ ਹੋ ਸਕਦਾ ਸੀ। ਰਿਸ਼ੀ ਨੇ ਵਿੱਤ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਲੋਕਾਂ ਵਿੱਚ ਆਪਣੀ ਸਾਖ਼ ਅਤੇ ਹਰਮਨਪਿਆਰਤਾ ਬਣਾਈ ਸੀ ਜਦੋਂ ਉਨ੍ਹਾਂ ਨੇ ਕੋਵਿਡ ਮਹਾਂਮਾਰੀ ਦੇ ਆਰਥਿਕ ਪ੍ਰਭਾਵ ਨੂੰ ਚੰਗੀ ਤਰ੍ਹਾਂ ਨਾਲ ਨਜਿੱਠਿਆ ਸੀ। ਜੇ ਉਹ ਜਿੱਤ ਗਏ ਹੁੰਦੇ, ਤਾਂ ਇਹ ਸ਼ਾਇਦ ਵਿਆਪਕ ਤੌਰ 'ਤੇ ਪ੍ਰਚੱਲਿਤ ਦ੍ਰਿਸ਼ਟੀਕੋਣ ਨੂੰ ਵੀ ਮਜ਼ਬੂਤ ਕਰਦਾ ਕਿ ਬ੍ਰਿਟਿਸ਼ ਸਮਾਜ ਵਿਭਿੰਨਤਾ ਦੀ ਇੱਕ ਮਹਾਨ ਉਦਾਹਰਨ ਹੈ। ਰਿਸ਼ੀ ਸੂਨਕ ਇੱਕ ਸਵੈ-ਘੋਸ਼ਿਤ ਹਿੰਦੂ ਹਨ ਅਤੇ ਜਨਤਕ ਤੌਰ 'ਤੇ ਕਈ ਧਾਰਮਿਕ ਰੀਤੀ ਰਿਵਾਜ਼ਾਂ ਦੀ ਪਾਲਣਾ ਕਰਦੇ ਹਨ। 2015 'ਚ ਪਹਿਲੀ ਵਾਰ ਸੰਸਦ ਲਈ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੇ ਭਗਵਦ ਗੀਤਾ 'ਤੇ ਹੱਥ ਰੱਖ ਕੇ ਸਹੁੰ ਚੁੱਕੀ ਸੀ। ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਲੋਕ ਉਨ੍ਹਾਂ ਦੀ ਜਿੱਤ ਲਈ ਪ੍ਰਾਰਥਨਾ ਸਭਾ ਕਰ ਰਹੇ ਸਨ। ਉਨ੍ਹਾਂ ਵਿੱਚੋਂ ਇੱਕ ਰਿਸ਼ੀ ਦੇ ਜੱਦੀ ਸ਼ਹਿਰ ਸਾਊਥੈਂਪਟਨ ਦਾ ਵਸਨੀਕ 75 ਸਾਲਾ ਨਰੇਸ਼ ਸੋਨਚਤਲਾ ਸੀ, ਜੋ ਬਚਪਨ ਤੋਂ ਇਸ ਨੇਤਾ ਨੂੰ ਜਾਣਦਾ ਹੈ।

**ਰਿਸ਼ੀ ਸੂਨਕ ਤੋਂ ਭਾਰਤੀਆਂ ਨੂੰ ਉਮੀਦਾਂ**

ਨਰੇਸ਼ ਸੋਨਚਤਲਾ ਨੇ ਕਿਹਾ, "ਮੈਂ ਸੋਚਿਆ ਸੀ ਕਿ ਰਿਸ਼ੀ ਪ੍ਰਧਾਨ ਮੰਤਰੀ ਬਣ ਜਾਣਗੇ। ਪਰ ਅਜਿਹਾ ਨਹੀਂ ਹੋ ਸਕਿਆ। ਮੈਨੂੰ ਲੱਗਦਾ ਹੈ ਕਿ ਇਸ ਦਾ ਕਾਰਨ ਉਨ੍ਹਾਂ ਦੀ ਚਮੜੀ ਦਾ ਰੰਗ ਹੋ ਸਕਦਾ ਹੈ।" ਪਿਛਲੇ ਮਹੀਨੇ, ਬੀਬੀਸੀ ਇੰਡੀਆ ਦੀ ਟੀਮ ਨੂੰ ਯੂਕੇ ਦੀ ਯਾਤਰਾ ਕਰਦੇ ਹੋਏ ਪਤਾ ਲਗਿਆ ਕਿ ਨਰੇਸ਼ ਸੋਨਚਤਲਾ ਵਰਗੇ ਏਸ਼ੀਆਈ ਮੂਲ ਦੇ ਲੋਕਾਂ ਨੂੰ ਇੱਕ ਆਮ ਡਰ ਸੀ ਕਿ ਉਨ੍ਹਾਂ ਦੀ ਚਮੜੀ ਦਾ ਰੰਗ ਰਿਸ਼ੀ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਰੋਕ ਸਕਦਾ ਹੈ। ਇਸ ਡਰ ਦੇ ਪਿੱਛੇ



ਕੰਜ਼ਰਵੇਟਿਵ ਪਾਰਟੀ ਦੀ ਰਚਨਾ ਨਜ਼ਰ ਆਈ। ਪਾਰਟੀ ਦੇ 1,60,000 ਤੋਂ ਵੱਧ ਪੇਡ ਮੈਂਬਰਾਂ ਨੇ ਰਿਸ਼ੀ ਸੂਨਕ ਅਤੇ ਲੀਜ਼ ਟ੍ਰਸ ਦੇ ਵਿਚਕਾਰ ਆਪਣਾ ਨੇਤਾ ਚੁਣਨ ਲਈ ਆਪਣੀ ਵੋਟ ਪਾਈ। ਪਾਰਟੀ ਦੇ ਕਰੀਬ 97 ਫੀਸਦੀ ਮੈਂਬਰ ਗੋਰੇ ਅਤੇ 50 ਫੀਸਦੀ ਤੋਂ ਵੱਧ ਪੁਰਸ਼ ਹਨ। ਕੁੱਲ ਮੈਂਬਰਾਂ ਵਿੱਚੋਂ 44 ਫੀਸਦੀ 65 ਸਾਲ ਤੋਂ ਵੱਧ ਉਮਰ ਦੇ ਹਨ। ਪਾਰਟੀ ਦੀ ਨੌਜਵਾਨ ਪੀੜ੍ਹੀ ਰਿਸ਼ੀ ਦੇ ਹੱਕ ਵਿੱਚ ਜਾਪਦੀ ਹੈ, ਪਰ ਸੀਨੀਅਰ ਮੈਂਬਰਾਂ ਦਾ ਝੁਕਾਅ ਲਿਜ਼ ਟ੍ਰਸ ਵੱਲ ਹੈ। ਪਿਛਲੇ ਮਹੀਨੇ ਕੁਝ ਪੁਰਾਣੇ ਮੈਂਬਰਾਂ ਨੇ ਬੀਬੀਸੀ ਇੰਡੀਆ ਟੀਮ ਨੂੰ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਉਹ ਰਿਸ਼ੀ ਨੂੰ ਪਸੰਦ ਜ਼ਰੂਰ ਕਰਦੇ ਹਨ, ਪਰ ਉਨ੍ਹਾਂ ਦੀ ਵੋਟ ਲਿਜ਼ ਟ੍ਰਸ ਨੂੰ ਜਾਵੇਗੀ। ਆਬਜ਼ਰਵਰਾਂ ਦਾ ਕਹਿਣਾ ਹੈ ਕਿ ਇਸ ਚੋਣ ਦੇ ਨਤੀਜੇ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੰਜ਼ਰਵੇਟਿਵ ਪਾਰਟੀ ਅਜੇ ਕਿਸੇ ਗੈਰ-ਗੋਰੇ ਪ੍ਰਧਾਨ ਮੰਤਰੀ ਨੂੰ ਚੁਣਨ ਲਈ ਤਿਆਰ ਨਹੀਂ ਹੈ।

ਪਰ ਨਸਲੀ ਪਿਛੋਕੜ ਹੀ ਉਨ੍ਹਾਂ ਦੀ ਹਾਰ ਦਾ ਇਕਲੌਤਾ ਕਾਰਨ ਨਹੀਂ ਹੋ ਸਕਦਾ। ਸੰਜੇ ਸਕਸੈਨਾ ਲੰਡਨ ਸਥਿਤ ਬਾਰਕਲੇਜ਼ ਬੈਂਕ ਦੇ ਸੀਨੀਅਰ ਅਧਿਕਾਰੀ ਹਨ, ਜਿਨ੍ਹਾਂ ਦਾ ਮੰਨਣਾ ਹੈ ਕਿ ਪਾਰਟੀ ਦੇ ਲੋਕਾਂ ਨੇ ਦੋਵਾਂ ਨੇਤਾਵਾਂ ਦੀਆਂ ਆਰਥਿਕ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਦੇਖ ਕੇ ਹੀ ਆਪਣੀ ਵੋਟ ਪਾਈ ਹੋਵੇਗੀ। ਉਹ ਕਹਿੰਦੇ ਹਨ, "ਮੈਂ ਇਸ ਦੇਸ਼ ਵਿੱਚ ਪਿਛਲੇ 20 ਸਾਲਾਂ ਤੋਂ ਰਹਿ ਰਿਹਾ ਹਾਂ। ਮੈਂ ਵਿਭਿੰਨਤਾ ਨੂੰ ਦੇਖਿਆ ਅਤੇ ਅਨੁਭਵ ਕੀਤਾ ਹੈ। ਮੈਂ ਭਾਰਤੀ ਮੂਲ ਦੇ ਲੋਕਾਂ ਨੂੰ ਵੱਡੇ ਅਹੁਦਿਆਂ 'ਤੇ ਜਾਂਦੇ ਦੇਖਿਆ ਹੈ। ਮੈਨੂੰ ਨਹੀਂ ਲੱਗਦਾ ਕਿ ਰਿਸ਼ੀ ਦੀ ਹਾਰ ਉਨ੍ਹਾਂ ਦੀ ਚਮੜੀ ਦੇ ਰੰਗ ਕਾਰਨ ਹੋਈ ਹੈ।" "ਪ੍ਰਧਾਨ ਮੰਤਰੀ ਬਣਨ 'ਤੇ ਤੁਰੰਤ ਟੈਕਸ ਕਟੌਤੀ ਦਾ ਲਿਜ਼ ਦਾ ਵਾਅਦਾ ਆਮ ਲੋਕਾਂ ਨੂੰ ਆਕਰਸ਼ਿਤ ਕਰ ਰਿਹਾ ਸੀ ਅਤੇ ਪਾਰਟੀ ਦੇ ਵੋਟਰ ਉਹ ਸਨ ਜੋ ਟੈਕਸ ਵਾਧੇ ਤੋਂ ਜ਼ਿਆਦਾ ਪ੍ਰਭਾਵਿਤ ਹੋਏ, ਕਿਉਂਕਿ ਉਹ ਜ਼ਿਆਦਾਤਰ ਮੱਧ ਵਰਗ ਦੇ ਹਨ।"

ਕੁਝ ਮਾਹਰਾਂ ਨੇ ਪਹਿਲਾਂ ਹੀ ਕਿਹਾ ਸੀ ਕਿ ਟ੍ਰਸ ਦੁਆਰਾ ਕੀਤੇ ਗਏ ਵਾਅਦੇ, ਜਿਵੇਂ ਕਿ ਨੈਸ਼ਨਲ ਇੰਸ਼ੋਰੈਂਸ ਨੂੰ ਘਟਾਉਣਾ, ਆਮ ਲੋਕਾਂ ਲਈ ਲੁਭਾਉਣ ਵਾਲੇ ਸਨ। ਲਿਜ਼ ਟ੍ਰਸ, ਜੋ ਦੇਸ਼ ਦੀ ਵਿਦੇਸ਼ ਮੰਤਰੀ ਵੀ ਹੈ, ਨੇ ਪਰਿਵਾਰਾਂ ਦੀ ਮਦਦ ਕਰਨ ਦੇ ਇਰਾਦੇ ਨਾਲ ਕਾਰਪੋਰੇਸ਼ਨ ਟੈਕਸ ਵਿੱਚ ਯੋਜਨਾਬੱਧ ਵਾਧੇ ਨੂੰ ਰੱਦ ਕਰਨ ਦਾ ਵਾਅਦਾ ਕੀਤਾ ਸੀ। ਰਿਸ਼ੀ ਸੂਨਕ ਨੇ ਵਿੱਤ ਮੰਤਰੀ ਦੇ ਰੂਪ 'ਚ ਅਪ੍ਰੈਲ 'ਚ ਨੈਸ਼ਨਲ ਇੰਸ਼ੋਰੈਂਸ ਵਧਾਇਆ ਸੀ। ਲਿਜ਼ ਨੇ ਵਾਅਦਾ ਕੀਤਾ ਸੀ ਕਿ ਉਹ ਇਸ ਵਾਧੇ ਨੂੰ ਵਾਪਸ ਲੈ ਲਵੇਗੀ। ਉਨ੍ਹਾਂ ਦਾ ਤਰਕ ਸੀ ਕਿ ਜ਼ਿਆਦਾ ਟੈਕਸ "ਸੰਭਾਵੀ ਤੌਰ 'ਤੇ ਆਰਥਿਕ ਵਿਕਾਸ ਨੂੰ ਰੋਕ ਰਹੇ ਸਨ।" ਰਿਸ਼ੀ ਸੂਨਕ ਦਾ ਵਾਅਦਾ ਸੀ ਕਿ ਉਹ 'ਤੁਰੰਤ ਰਾਹਤ' ਦੇਣ ਦੀ ਬਜਾਏ ਪਹਿਲਾਂ ਆਰਥਿਕਤਾ ਨੂੰ ਮਜ਼ਬੂਤ ਕਰਨਗੇ, ਜਿਸ ਕਾਰਨ ਟੈਕਸ 'ਚ ਫੌਰੀ ਕਟੌਤੀ ਸੰਭਵ ਨਹੀਂ ਸੀ।

ਰਿਸ਼ੀ ਸੂਨਕ ਨੇ ਕਿਹਾ ਕਿ ਉਹ ਝੂਠੇ ਵਾਅਦੇ ਕਰਕੇ ਜਨਤਾ ਨੂੰ ਗੁੰਮਰਾਹ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਨੇ ਕਈ ਵਾਰ ਕਿਹਾ ਕਿ ਉਹ ਹਾਰ ਮੰਨ ਲੈਣਗੇ, ਪਰ ਜਨਤਾ ਨਾਲ ਬੇਈਮਾਨੀ ਨਹੀਂ ਕਰਨਗੇ। ਬਰਤਾਨੀਆ ਵਿੱਚ ਆਮ ਧਾਰਨਾ ਇਹ ਹੈ ਕਿ ਰਿਸ਼ੀ ਸੂਨਕ ਬਹੁਤ ਅਮੀਰ ਹਨ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਉਨ੍ਹਾਂ ਦੀ ਠਾਠ-ਬਾਠ ਰੁਕਾਵਟ ਹੈ। ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਅਨੁਸਾਰ ਉਨ੍ਹਾਂ ਦੀ ਗਿਣਤੀ ਬਰਤਾਨੀਆ ਦੇ 250 ਸਭ ਤੋਂ ਅਮੀਰ ਪਰਿਵਾਰਾਂ ਵਿੱਚ ਹੁੰਦੀ ਹੈ। ਪਰ ਕੀ ਉਹ ਅਮੀਰ ਪੈਦਾ ਹੋਏ ਸਨ? ਸ਼ਾਇਦ ਨਹੀਂ। ਉਨ੍ਹਾਂ ਦਾ ਜਨਮ ਸਾਊਥੈਂਪਟਨ ਵਿੱਚ ਇੱਕ ਮੱਧਵਰਗੀ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਡਾਕਟਰ ਅਤੇ ਮਾਂ ਕੈਮਿਸਟ ਸੀ।

ਇੱਕ ਬੱਚੇ ਦੇ ਰੂਪ ਵਿੱਚ, ਉਹ ਸਾਊਥੈਂਪਟਨ ਵਿੱਚ ਇੱਕ ਮੰਦਰ ਜਾਂਦੇ ਸਨ ਜਿੱਥੇ ਲੋਕਾਂ ਨੇ ਬੀਬੀਸੀ ਨੂੰ ਦੱਸਿਆ ਕਿ ਉਹ ਇੱਕ ਸਧਾਰਨ ਪਰਿਵਾਰ ਤੋਂ ਆਏ ਹਨ ਅਤੇ ਸਿੱਖਿਆ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ। ਜੇਕਰ ਉਹ ਅਮੀਰ ਬਣੇ ਹਨ ਤਾਂ ਇਹ ਉਨ੍ਹਾਂ ਦੀ ਮਿਹਨਤ ਸਦਕਾ ਹੈ। ਰਿਸ਼ੀ ਆਪਣੀ ਵੈੱਬਸਾਈਟ 'ਤੇ ਲਿਖਦੇ ਹਨ, "ਮੇਰੇ ਮਾਤਾ-ਪਿਤਾ ਨੇ ਬਹੁਤ ਕੁਰਬਾਨੀਆਂ ਕੀਤੀਆਂ ਤਾਂ ਕਿ ਮੈਂ ਇੱਕ ਚੰਗੇ ਸਕੂਲ ਵਿੱਚ ਜਾ ਸਕਾਂ। ਮੈਂ ਬਹੁਤ ਕਿਸਮਤ ਵਾਲਾ ਹਾਂ ਕਿ ਮੈਨੂੰ ਵਿਨਚੈਸਟਰ ਕਾਲਜ, ਆਕਸਫੋਰਡ ਯੂਨੀਵਰਸਿਟੀ ਅਤੇ ਸਟੈਨਫੋਰਡ ਯੂਨੀਵਰਸਿਟੀ ਵਿੱਚ ਪੜ੍ਹਾਈ ਕਰਨ ਦਾ ਮੌਕਾ ਮਿਲਿਆ।" ਰਿਸ਼ੀ ਨੇ 2009 ਵਿੱਚ ਬੰਗਲੌਰ ਵਿੱਚ ਇੰਫੋਸਿਸ ਦੇ ਸੰਸਥਾਪਕ ਨਰਾਇਣ ਮੂਰਤੀ ਦੀ ਧੀ ਅਕਸ਼ਤਾ ਮੂਰਤੀ ਨਾਲ ਵਿਆਹ ਕੀਤਾ। ਹੁਣ ਉਨ੍ਹਾਂ ਦੇ ਦੋ ਬੱਚੇ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਪਤਨੀ ਦੀ ਘੋਸ਼ਿਤ ਸੰਪਤੀ 730 ਮਿਲੀਅਨ ਪੌਂਡ ਹੈ।

**ਰਿਸ਼ੀ ਸੂਨਕ ਤੋਂ ਨਾਰਾਜ਼ਗੀ**

ਰਿਸ਼ੀ ਸਵੈ-ਨਿਰਮਤ ਹਨ, ਉਹ ਆਪਣੀ ਵੈੱਬਸਾਈਟ ਵਿੱਚ ਕਹਿੰਦੇ ਹਨ: "ਮੈਂ ਇੱਕ ਸਫਲ ਕਾਰੋਬਾਰੀ ਕਰੀਅਰ ਦਾ ਆਨੰਦ ਲੈਣ ਲਈ ਕਾਫ਼ੀ ਕਿਸਮਤ ਵਾਲਾ ਰਿਹਾ ਹਾਂ। ਮੈਂ ਸਿਲੀਕਾਨ ਵੈਲੀ ਤੋਂ ਬੰਗਲੌਰ ਤੱਕ ਦੀਆਂ ਕੰਪਨੀਆਂ ਦੇ ਨਾਲ ਇੱਕ ਵੱਡੀ ਨਿਵੇਸ਼ ਫਰਮ ਦੀ ਸਹਿ-ਸਥਾਪਨਾ ਕੀਤੀ ਹੈ। ਮੈਂ ਕੰਮ ਕਰ ਰਿਹਾ ਹਾਂ।" ਕਈਆਂ ਦਾ ਇਹ ਵੀ ਕਹਿਣਾ ਹੈ ਕਿ ਬੋਰਿਸ ਜੌਨਸਨ ਦੀ ਪਿੱਠ ਵਿੱਚ ਛੁਰਾ ਮਾਰਨ ਲਈ ਪਾਰਟੀ ਦੇ ਕਈ ਮੈਂਬਰ ਰਿਸ਼ੀ ਤੋਂ ਨਾਰਾਜ਼ ਹਨ। ਇਸ ਸਾਲ ਜੁਲਾਈ 'ਚ ਰਿਸ਼ੀ ਦੇ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਹੀ ਕਈ ਮੰਤਰੀ ਬੋਰਿਸ ਜੌਨਸਨ ਦੀ ਕੈਬਨਿਟ ਛੱਡ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਵੀ ਅਸਤੀਫਾ ਦੇਣਾ ਪਿਆ ਸੀ। ਇਸ ਤੋਂ ਬਾਅਦ ਨਵੇਂ ਪ੍ਰਧਾਨ ਮੰਤਰੀ ਲਈ ਚੋਣ ਦੇ ਪਹਿਲੇ ਦੌਰ ਵਿੱਚ ਅੱਠ ਉਮੀਦਵਾਰ ਸਾਹਮਣੇ ਆਏ। ਆਖ਼ਰੀ ਦੌਰ ਤੋਂ ਪਹਿਲਾਂ ਸਿਰਫ਼ ਪਾਰਟੀ ਦੇ ਸੰਸਦ ਮੈਂਬਰ ਹੀ ਵੋਟ ਪਾ ਸਕਦੇ ਸਨ, ਪਾਰਟੀ ਦੇ ਮੈਂਬਰ ਨਹੀਂ।

ਸੰਸਦ ਮੈਂਬਰਾਂ ਨੇ ਆਖਰੀ ਦੌਰ ਲਈ ਰਿਸ਼ੀ ਸੂਨਕ ਅਤੇ ਲਿਜ਼ ਟ੍ਰਸ ਨੂੰ ਚੁਣਿਆ। ਆਖਰੀ ਗੇੜ ਵਿੱਚ ਸੰਸਦ ਮੈਂਬਰਾਂ ਨੂੰ ਨਹੀਂ ਬਲਕਿ ਪਾਰਟੀ ਦੇ ਮੈਂਬਰਾਂ ਨੂੰ ਹੀ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ ਸੀ। ਲੋਕਾਂ ਦਾ ਕਹਿਣਾ ਹੈ ਕਿ ਬੋਰਿਸ ਜੌਨਸਨ ਨੇ ਰਿਸ਼ੀ ਦੇ ਸਿਆਸੀ ਕਰੀਅਰ ਨੂੰ ਅੱਗੇ ਵਧਾਉਣ 'ਚ ਕਾਫੀ ਮਦਦ ਕੀਤੀ। ਕਿਹਾ ਜਾਂਦਾ ਹੈ ਕਿ ਉਹ ਅਸਲ ਵਿੱਚ ਰਿਸ਼ੀ ਤੋਂ ਨਾਰਾਜ਼ ਸਨ। ਪਿਛਲੇ ਹਫਤੇ, ਰਿਸ਼ੀ ਨੇ ਪੱਤਰਕਾਰਾਂ ਅੱਗੇ ਕਬੂਲ ਕੀਤਾ ਸੀ ਕਿ ਬੋਰਿਸ ਜੌਨਸਨ ਤੱਕ ਪਹੁੰਚਣ ਦੀਆਂ ਉਨ੍ਹਾਂ ਦੀਆਂ ਕਾਲਾਂ ਨੂੰ ਅਣਸੁਣਿਆ ਕੀਤਾ ਗਿਆ।

ਭਾਵੇਂ ਕੰਜ਼ਰਵੇਟਿਵ ਪਾਰਟੀ ਅਜੇ ਤੱਕ ਕਿਸੇ ਗੈਰ-ਗੋਰੇ ਪ੍ਰਧਾਨ ਮੰਤਰੀ ਨੂੰ ਚੁਣਨ ਲਈ ਤਿਆਰ ਨਹੀਂ ਹੈ, ਪਰ ਦੇਸ਼ ਦੇ ਲੋਕ ਇਸ ਲਈ ਤਿਆਰ ਦਿਖਾਈ ਦਿੰਦੇ ਹਨ। ਦੇਸ਼ ਭਰ ਵਿੱਚ ਰਿਸ਼ੀ ਸੂਨਕ ਦੀ ਪ੍ਰਸਿੱਧੀ ਲਿਜ਼ ਟ੍ਰਸ ਦੇ ਮੁਕਾਬਲੇ ਕਿਤੇ ਜ਼ਿਆਦਾ ਮਜ਼ਬੂਤ ਮਹਿਸੂਸ ਕੀਤੀ ਜਾਂਦੀ ਹੈ। ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਆਮ ਚੋਣਾਂ ਹੁੰਦੀਆਂ ਤਾਂ ਰਿਸ਼ੀ ਸੂਨਕ ਆਸਾਨੀ ਨਾਲ ਜਿੱਤ ਜਾਂਦੇ। ਸ਼ਾਇਦ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ 2024 ਦੀਆਂ ਆਮ ਚੋਣਾਂ ਦਾ ਇੰਤਜ਼ਾਰ ਕਰਨਾ ਪਵੇਗਾ।

# 7 ਸਾਲ ਦੀ ਉਮਰ ਵਿਚ ਪ੍ਰਧਾਨ ਮੰਤਰੀ ਦਾ ਰੋਲ ਕਰਨ ਵਾਲੀ ਲਿਜ਼ ਟ੍ਰਸ ਹੁਣ ਪ੍ਰਧਾਨ ਮੰਤਰੀ ਦੀ ਕੁਰਸੀ ਉੱਤੇ ਬੈਠੇਗੀ

**(ਸਫਾ 1 ਦੀ ਬਾਕੀ)**

ਕੰਜ਼ਰਵੇਟਿਵ ਲੀਡਰ ਵੀ ਬਣ ਚੁੱਕੇ ਹਨ।

1975 ਵਿੱਚ ਆਕਸਫੋਰਡ ਵਿਖੇ ਜਨਮੀ ਮੈਰੀ ਐਲਿਜ਼ਬੈਥ ਟ੍ਰਸ ਨੇ ਆਪਣੇ ਪਿਤਾ ਅਤੇ ਮਾਤਾ ਨੂੰ 'ਖੱਬੇ ਪੱਖੀ' ਦੱਸਿਆ ਹੈ। ਉਨ੍ਹਾਂ ਦੇ ਪਿਤਾ ਗਣਿਤ ਦੇ ਪ੍ਰੋਫੈਸਰ ਹਨ ਅਤੇ ਮਾਤਾ ਇੱਕ ਨਰਸ। ਆਪਣੀ ਜਵਾਨੀ ਵਿੱਚ ਉਨ੍ਹਾਂ ਦੀ ਮਾਤਾ ਨੇ ਸਰਕਾਰ ਦੇ ਪ੍ਰਮਾਣੂ ਸਮਝੌਤਿਆਂ ਦਾ ਵਿਰੋਧ ਕੀਤਾ ਸੀ ਅਤੇ ਇਸ ਦੇ ਖ਼ਿਲਾਫ਼ ਹੋਏ ਪ੍ਰਦਰਸ਼ਨਾਂ ਵਿੱਚ ਵੀ ਹਿੱਸਾ ਲਿਆ ਸੀ। ਦਰਅਸਲ ਮਾਰਗ੍ਰੇਟ ਥੈਚਰ ਦੀ ਸਰਕਾਰ ਨੇ ਅਮਰੀਕੀ ਸਰਕਾਰ ਨੂੰ ਗ੍ਰੀਨਹਮ, ਲੰਡਨ ਵਿੱਚ ਅਮਰੀਕੀ ਪ੍ਰਮਾਣੂ ਵਾਰਹੈੱਡ ਦੀ ਇਜਾਜ਼ਤ ਦਿੱਤੀ ਸੀ। ਜਦੋਂ ਉਨ੍ਹਾਂ ਦੀ ਉਮਰ ਚਾਰ ਸਾਲ ਸੀ ਉਨ੍ਹਾਂ ਦਾ ਪਰਿਵਾਰ ਗਲਾਸਗੋ ਤੋਂ ਥੋੜ੍ਹੀ ਦੂਰ ਨਵੀਂ ਜਗ੍ਹਾ 'ਤੇ ਵਸਿਆ ਸੀ। ਉਨ੍ਹਾਂ ਦਾ ਪਰਿਵਾਰ ਬਾਅਦ ਵਿੱਚ ਯੂਕੇ ਦੇ ਲੀਡਜ਼ ਵਿਖੇ ਚਲਾ ਗਿਆ ਜਿੱਥੇ ਉਨ੍ਹਾਂ ਨੇ ਆਪਣੀ ਰਾਊਂਡਏ ਸਕੂਲ ਵਿੱਚ ਸਕੂਲੀ ਪੜ੍ਹਾਈ ਪੂਰੀ ਕੀਤੀ। ਇਸ ਬਾਰੇ ਲਿਜ਼ ਨੇ ਆਖਿਆ ਸੀ ਕਿ ਉਨ੍ਹਾਂ ਨੇ ਅਜਿਹੇ ਬੱਚਿਆਂ ਨੂੰ ਦੇਖਿਆ ਹੈ ਜੋ ਅਕਸਰ ਪੜ੍ਹਾਈ ਵਿੱਚ ਪਿੱਛੇ ਰਹਿ ਜਾਂਦੇ ਸਨ ਅਤੇ ਉਨ੍ਹਾਂ ਨੂੰ ਹੀਣ ਭਾਵਨਾ ਨਾਲ ਦੇਖਿਆ ਜਾਂਦਾ ਸੀ।

ਆਕਸਫੋਰਡ ਵਿੱਚ ਪੜ੍ਹਦੇ ਹੋਏ ਹੀ ਉਹ ਡੈਮੋਕਰੈਟ ਤੋਂ ਕੰਜ਼ਰਵੇਟਿਵ ਵਿਚਾਰਧਾਰਾ ਵੱਲ ਮੁੜੇ। ਆਪਣੀ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੇ ਸ਼ੈੱਲ ਕੰਪਨੀ ਲਈ ਅਕਾਊਂਟੈਂਟ ਵਜੋਂ ਕੰਮ ਕੀਤਾ। ਉਨ੍ਹਾਂ ਨੇ ਕੇਬਲ ਅਤੇ ਵਾਇਰਲੈੱਸ ਕੰਪਨੀ ਲਈ ਵੀ ਕੰਮ ਕੀਤਾ। ਆਪਣੇ ਨਾਲ ਕੰਮ ਕਰਦੇ ਅਕਾਊਂਟੈਂਟ ਹੇ ਲੈਰੀ ਨਾਲ 2000 ਵਿੱਚ ਵਿਆਹ ਕਰਵਾ ਲਿਆ। ਉਨ੍ਹਾਂ ਦੇ ਦੋ ਬੱਚੇ ਹਨ।

2001 ਉਨ੍ਹਾਂ ਨੇ ਹੈਮਸਵਰਥ ਤੋਂ ਚੋਣਾਂ ਲੜੀਆਂ ਪਰ ਉਹ ਹਾਰ ਗਏ। 2005 ਵਿੱਚ ਉਨ੍ਹਾਂ ਨੇ ਕਾਰਡਨ ਵੈਲੀ ਤੋਂ ਚੋਣਾਂ ਲੜੀਆਂ ਅਤੇ ਫਿਰ ਹਾਰ ਗਏ। ਦੱਖਣ ਪੂਰਬੀ ਲੰਡਨ ਦੇ ਗ੍ਰੀਨਵਿਚ ਤੋਂ ਉਹ 2006 ਵਿੱਚ ਕੌਂਸਲਰ ਚੁਣੇ ਗਏ ਅਤੇ ਫਿਰ ਉਸ ਤੋਂ ਬਾਅਦ 2008 ਵਿੱਚ ਵੀ ਉਨ੍ਹਾਂ ਨੇ ਰਾਈਟ ਆਫ ਸੈਂਟਰ ਸੰਸਥਾ ਲਈ ਕੰਮ ਕੀਤਾ।

ਕੰਜ਼ਰਵੇਟਿਵ ਆਗੂ ਡੇਵਿਡ ਕੈਮਰੂਨ ਨੇ ਉਨ੍ਹਾਂ ਨੂੰ 2010 ਦੀਆਂ ਚੋਣਾਂ ਲਈ ਪਾਰਟੀ ਦੇ ਮੋਢੀ ਉਮੀਦਵਾਰਾਂ ਦੀ ਸੂਚੀ ਵਿੱਚ ਰੱਖਿਆ ਅਤੇ ਉਨ੍ਹਾਂ ਨੂੰ ਸਾਊਥਵੈਸਟ ਨੌਰਫੋਕ ਤੋਂ ਉਮੀਦਵਾਰ ਬਣਾਇਆ ਗਿਆ। ਇਸ ਸੀਟ ਤੋਂ ਪਾਰਟੀ ਅਕਸਰ ਜਿੱਤਦੀ ਰਹੀ ਹੈ। ਇਸ ਤੋਂ ਥੋੜ੍ਹੇ ਚਿਰ ਬਾਅਦ ਹੀ ਵਿਵਾਦ ਹੋ ਗਿਆ ਅਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਐਮਪੀ ਮਾਰਕ ਫੈਂਡ ਨਾਲ ਕੁਝ ਸਾਲ ਪਹਿਲਾਂ ਪ੍ਰੇਮ ਸੰਬੰਧ ਰਹੇ ਹਨ। ਉਨ੍ਹਾਂ ਤੋਂ ਵਿਰੋਧੀਆਂ ਵੱਲੋਂ ਟਿਕਟ ਵਾਪਸ ਲੈਣ ਦੀ ਕੋਸ਼ਿਸ਼ ਕੀਤੀ ਗਈ ਪਰ ਅਜਿਹਾ ਨਹੀਂ ਹੋਇਆ ਅਤੇ 13000 ਤੋਂ ਵੱਧ ਵੋਟਾਂ ਨਾਲ ਉਹ ਜਿੱਤ ਗਏ।

ਉਨ੍ਹਾਂ ਦੇ ਚਾਰ ਸੰਸਦ ਮੈਂਬਰਾਂ ਨਾਲ ਮਿਲ ਕੇ ਇੱਕ ਕਿਤਾਬ ਵੀ ਲਿਖੀ ਹੈ ਜਿਸ ਦਾ ਸਿਰਲੇਖ 'ਬ੍ਰਿਟੇਨੀਆ ਅਨਚੇਨਡ' ਹੈ। ਇਸ ਵਿੱਚ ਯੂਕੇ ਨੂੰ ਦੁਨੀਆਂ ਵਿੱਚ ਮੋਢੀ ਬਣਾਉਣ ਬਾਰੇ ਲਿਖਿਆ ਗਿਆ ਸੀ। ਆਪਣੀ ਜਿੱਤ ਤੋਂ ਤਕਰੀਬਨ ਦੋ ਸਾਲ ਬਾਅਦ 2012 ਵਿੱਚ ਉਨ੍ਹਾਂ ਨੂੰ ਸਿੱਖਿਆ ਮੰਤਰੀ ਬਣਾਇਆ ਗਿਆ ਅਤੇ ਇਸ ਤੋਂ ਦੋ ਸਾਲ ਬਾਅਦ 2014 ਵਿੱਚ ਉਨ੍ਹਾਂ ਨੂੰ ਵਾਤਾਵਰਨ ਸਕੱਤਰ ਬਣਾਇਆ ਗਿਆ। 2015 ਵਿੱਚ ਆਪਣੇ ਭਾਸ਼ਣ ਤੋਂ ਬਾਅਦ ਵੀ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ ਇਸ ਯੋਜਨਾ ਨੇ ਆਖਿਆ ਸੀ ਕਿ ਅਸੀਂ ਆਪਣਾ ਦੋ-ਤਿਹਾਈ ਚੀਜ਼ (ਪਨੀਰ) ਬਾਹਰੋਂ ਮੰਗਵਾਉਂਦੇ ਹਾਂ।

ਇਸ ਤੋਂ ਤਕਰੀਬਨ ਇੱਕ ਸਾਲ ਦੇ ਅੰਦਰ-ਅੰਦਰ ਦੇਸ਼ ਦੇ ਇਤਿਹਾਸ ਦੇ ਸਭ ਤੋਂ ਵੱਡੇ ਰਾਜਨੀਤਿਕ ਹਾਲਾਤਾਂ ਵਿੱਚੋਂ ਇੱਕ ਦਾ ਸਮਾਂ ਸੀ। ਇਹ ਸੀ-ਬ੍ਰੈਗਜ਼ਿਟ ਲਈ ਯੂਰਪੀ ਯੂਨੀਅਨ ਰੈਫਰੰਡਮ। ਲਿਜ਼ ਨੇ ਬ੍ਰੈਗਜ਼ਿਟ ਦਾ ਵਿਰੋਧ ਕਰਦੇ ਹੋਏ ਆਖਿਆ ਸੀ ਕਿ ਇਹ ਤੀਹਰੀ ਤ੍ਰਾਸਦੀ ਹੋਵੇਗੀ ਕਿਉਂਕਿ ਇਸ ਨਾਲ ਹੋਰ ਜ਼ਿਆਦਾ ਨਿਯਮ, ਕਾਨੂੰਨ ਹੋਣਗੇ ਅਤੇ ਦੇਰੀ ਹੋਵੇਗੀ।"

**ਬ੍ਰੈਗਜ਼ਿਟ ਬਾਰੇ ਯੂ-ਟਰਨ**

ਪਰ ਜਦੋਂ ਬ੍ਰੈਗਜ਼ਿਟ ਵਿੱਚ ਉਨ੍ਹਾਂ ਦੇ ਪੱਖ ਦੇ ਲੋਕ ਜਿੱਤੇ ਤਾਂ ਉਨ੍ਹਾਂ ਨੇ ਆਪਣਾ ਮਨ ਬਦਲ ਲਿਆ ਅਤੇ ਆਖਿਆ ਕਿ ਬ੍ਰੈਗਜ਼ਿਟ ਇੱਕ ਵਧੀਆ ਮੌਕਾ ਹੋਵੇਗਾ ਜਿਸ ਨਾਲ ਫਿਰ ਚੀਜ਼ਾਂ ਨੂੰ ਬਦਲਿਆ ਜਾ ਸਕਦਾ ਹੈ। 2019 ਵਿੱਚ ਜਦੋਂ ਬੋਰਿਸ ਜੌਨਸਨ ਪ੍ਰਧਾਨ ਮੰਤਰੀ ਬਣੇ ਤਾਂ ਲਿਜ਼ ਨੂੰ ਅੰਤਰਰਾਸ਼ਟਰੀ ਵਪਾਰ ਸਕੱਤਰ ਦੇ ਤੌਰ 'ਤੇ ਜਗ੍ਹਾ ਦਿੱਤੀ ਗਈ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਕੰਮ ਦੁਨੀਆਂ ਭਰ ਵਿੱਚ ਰਾਜਨੀਤੀ ਅਤੇ ਵਪਾਰ ਨਾਲ ਸਬੰਧਤ ਲੋਕਾਂ ਨੂੰ ਮਿਲਣਾ ਸੀ।

2021 ਵਿੱਚ ਉਹ ਸਰਕਾਰ ਵਿੱਚ ਸਭ ਤੋਂ ਸਿਖਰਲੇ ਸਥਾਨਾਂ ਵਿੱਚੋਂ ਇੱਕ 'ਤੇ ਪਹੁੰਚੇ ਅਤੇ ਡੋਮਿਨਿਕ ਰਾਬ ਤੋਂ ਬਾਅਦ ਉਹ ਵਿਦੇਸ਼ ਸਕੱਤਰ ਬਣੇ। ਇਸ ਦੌਰਾਨ ਉਨ੍ਹਾਂ ਨੇ ਉੱਤਰੀ ਆਇਰਲੈਂਡ ਦੇ ਨਾਲ ਦੇਸ਼ ਦੀਆਂ ਸਮੱਸਿਆਵਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ।

ਇਰਾਨੀ ਮੂਲ ਦੇ ਦੋ ਬ੍ਰਿਟਿਸ਼ ਨਾਗਰਿਕ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਉਨ੍ਹਾਂ ਨੂੰ ਵੀ ਛੁਡਵਾਉਣ ਵਿੱਚ ਉਹ ਸਫ਼ਲ ਰਹੇ। ਫਰਵਰੀ ਵਿੱਚ ਜਦੋਂ ਰੂਸ ਨੇ ਯੂਕਰੇਨ ਉੱਪਰ ਹਮਲਾ ਕੀਤਾ ਤਾਂ ਉਨ੍ਹਾਂ ਨੇ ਸਖ਼ਤ ਸਟੈਂਡ ਲੈਂਦੇ ਹੋਏ ਆਖਿਆ ਕਿ ਪੁਤਿਨ ਦੀਆਂ ਫੌਜਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਨੇ ਅਜਿਹੇ ਲੋਕਾਂ ਦਾ ਪੱਖ ਲਿਆ ਸੀ ਜੋ ਯੂਕੇ ਤੋਂ ਯੂਕਰੇਨ ਲਈ ਲੜਨ ਜਾਣਾ ਚਾਹੁੰਦੇ ਸਨ।

**ਵਿਵਾਦਾਂ ਨਾਲ ਰਿਸ਼ਤਾ**

ਪਾਰਟੀ ਦੇ ਲੀਡਰ ਵਜੋਂ ਉਨ੍ਹਾਂ ਦੀ ਮੁਹਿੰਮ ਵੀ ਵਿਵਾਦਾਂ ਵਿੱਚ ਰਹੀ ਹੈ। ਉਨ੍ਹਾਂ ਤੋਂ ਵਾਰ-ਵਾਰ ਪੁੱਛਿਆ ਗਿਆ ਕਿ ਉਹ ਮਹਿੰਗਾਈ ਨੂੰ ਕਿਵੇਂ ਕਾਬੂ ਕਰਨਗੇ ਤਾਂ ਉਨ੍ਹਾਂ ਨੇ ਆਖਿਆ ਕਿ ਉਹ ਲੋਕਾਂ ਦੇ ਉਤੇ ਟੈਕਸ ਦੇ ਬੋਝ ਨੂੰ ਘੱਟ ਕਰਨਗੇ। ਆਪਣੇ ਪ੍ਰਚਾਰ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਕਾਟਲੈਂਡ ਦੀ ਮੰਤਰੀ ਨਿਕੋਲਾ ਸਟਰਜਨ ਆਪਣੇ ਵੱਲ ਧਿਆਨ ਖਿੱਚਦੀ ਹੈ ਅਤੇ ਉਨ੍ਹਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

ਚੋਣਾਂ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਉਹ ਆਪਣੀ ਪਾਰਟੀ ਦੇ ਹੀ ਉਮੀਦਵਾਰ ਅਤੇ ਉਨ੍ਹਾਂ ਦੇ ਵਿਰੋਧੀ ਆਗੂ ਰਿਸ਼ੀ ਸੂਨਕ ਤੋਂ ਵੱਧ ਲੋਕਪ੍ਰਿਅ ਹਨ। ਕਈ ਲੋਕਾਂ ਨੇ ਇਹ ਵੀ ਕਿਹਾ ਕਿ ਆਪਣੇ ਪਹਿਰਾਵੇ ਰਾਹੀਂ ਲੋਕਾਂ ਵਿੱਚ ਜ਼ਿਆਦਾ ਲੋਕਪ੍ਰਿਅ ਹੋ ਰਹੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਦੀਆਂ ਫਰ ਵਾਲੀਆਂ ਟੋਪੀਆਂ ਅਤੇ ਚਿੱਟੇ ਰੰਗ ਦੀ ਬੋ ਸ਼ਾਮਿਲ ਹੈ। ਅਜਿਹੇ ਕੱਪੜਿਆਂ ਰਾਹੀਂ ਉਹ ਮਾਰਗ੍ਰੇਟ ਥੈਚਰ ਵਾਂਗ ਲੱਗਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਅਫਵਾਹਾਂ ਨੂੰ ਦਰਕਿਨਾਰ ਕਰਦੇ ਹੋਏ ਲਿਜ਼ ਨੇ ਜੀਬੀ ਨਿਊਜ਼ ਨੂੰ ਕਿਹਾ, "ਇਹ ਹਮੇਸ਼ਾ ਨਿਰਾਸ਼ਾਜਨਕ ਰਿਹਾ ਹੈ ਕਿ ਮਹਿਲਾ ਨੇਤਾਵਾਂ ਦੀ ਤੁਲਨਾ ਮਾਰਗ੍ਰੇਟ ਥੈਚਰ ਨਾਲ ਕੀਤੀ ਜਾਂਦੀ ਹੈ ਜਦੋਂ ਕਿ ਪੁਰਸ਼ ਨੇਤਾਵਾਂ ਨਾਲ ਅਜਿਹਾ ਕੁਝ ਨਹੀਂ ਹੁੰਦਾ।"

# ਨੌਜਵਾਨ ਸਮਾਜਿਕ ਆਗੂ ਸ਼੍ਰੀ ਰਮਨ ਮਾਹੀ ਦੀ ਯਾਦ ਨੂੰ ਸਮਰਪਿਤ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ (ਕੈਲੇਫੋਰਨੀਆਂ) ਵਿਖੇ ਕਰਵਾਇਆ ਗਿਆ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ




















**ਰਿਓਲਿੰਡਾ, ਸੈਕਰਾਮੈਂਟੋ-** ਮਿਤੀ 4 ਸਤੰਬਰ 2022, ਦਿਨ ਐਤਵਾਰ ਨੂੰ ਅਮਰੀਕਾ ਵਿੱਚ ਕੈਲੀਫੋਰਨੀਆਂ ਦੇ ਗੁਰੂ ਘਰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਸ਼੍ਰੀ ਰਮਨ ਕੁਮਾਰ ਮਾਹੀ ਜੀ ਜੋ ਕਿ ਪਿੱਛਲੇ ਦਿਨੀ 28 ਜੁਲਾਈ 2022 ਨੂੰ ਘਰ ਵਿੱਚ ਹੀ ਇੰਟਰਨੈਟ ਦੀ ਤਾਰ ਵਿੱਚ ਹਾਈ ਵੋਲਟੇਸ ਦਾ ਕਰੰਟ ਆ ਜਾਣ ਕਰਕੇ ਹਾਦਸੇ ਦਾ ਸ਼ਿਕਾਰ ਹੋ ਗਏ ਅਤੇ ਆਪਣੀ ਕੀਮਤੀ ਜਾਨ ਗਵਾ ਚੁੱਕੇ ਸਨ, ਦੀ ਯਾਦ ਨੂੰ ਸਮਰਪਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਸ਼੍ਰੀ ਰਮਨ ਮਾਹੀ ਜੀ ਨੂੰ ਸ਼ਰਧਾਂਜਲੀ ਵਜੋਂ ਅਮੇਰਿਕਾ ਵਿੱਚ ਉਹਨਾਂ ਦੇ ਪਿਤਾ ਸ਼੍ਰੀ ਸੁਰਿੰਦਰ ਕੁਮਾਰ ਮਾਹੀ ਜੀ, ਮਾਤਾ ਸ਼੍ਰੀਮਤੀ ਗੁਰਬਖਸ਼ ਕੋ-ਰਮਾਹੀ ਜੀ, ਭਰਾ ਸ਼੍ਰੀ ਪਵਨ ਮਾਹੀ ਜੀ ਅਤੇ ਸਮੂਹ ਮਾਹੀ ਪਰਿਵਾਰ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਗੁਰੂ ਘਰ ਦੇ ਕੀਰਤਨੀਏ ਅਤੇ ਗ੍ਰੰਥੀ ਸ਼੍ਰੀ ਗੁਰਦੀਪ ਸਿੰਘ ਤੇ ਸਾਥੀਆਂ ਵੱਲੋਂ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ ਅਤੇ ਕੀਰਤਨ ਕੀਤੇ ਗਏ। ਇਹ ਸਮਾਗਮ ਇੱਕ ਪਾਸੇ ਜਿੱਥੇ ਸ਼੍ਰੀ ਰਮਨ ਮਾਹੀ ਜੀ ਅੰਤਿਮ ਅਰਦਾਸ ਲਈ ਰੱਖਿਆ ਗਿਆ ਸੀ, ਉੱਥੇ ਹੀ ਉਹਨਾਂ ਦੇ ਅੰਦਰ ਜੋ ਬਾਬਾ ਸਾਹਿਬ ਅੰਬੇਡਕਰ ਜੀ ਦੀ ਸੋਚ ਨੂੰ ਅੱਗੇ ਲੈ ਕੇ ਜਾਣ ਦੀ ਜੋ ਸਮਰਪਿਤ ਭਾਵਨਾ ਸੀ ਉਸ ਨੂੰ ਮੁੱਖ ਰੱਖ ਕੇ ਵੀ ਉਲੀਕਿਆ ਗਿਆ ਸੀ। ਇਸ ਸ਼ਰਧਾਂਜਲੀ ਸਮਾਗਮ ਵਿੱਚ ਉੱਘੇ ਸਮਾਜ ਸੇਵਕ ਸ਼੍ਰੀ ਅਮਰ ਦੜੋਚ ਜੀ ਫਰਿਜਨੋ ਤੋਂ, ਸ਼੍ਰੀ ਵਿਨੋਦ ਚੁੰਬਰ ਜੀ ਬੇ ਏਰੀਆ ਤੋਂ, ਸ਼੍ਰੀ ਪਲਵਿੰਦਰ ਮਾਹੀ ਜੀ ਯੂਬਾ ਸਿੱਟੀ ਤੋਂ, ਸ਼੍ਰੀ ਰਾਜ ਸੂਦ ਜੀ ਐਂਟੀਲੋਪ ਤੋਂ, ਪ੍ਰਸਿੱਧ ਪੰਜਾਬੀ ਗੀਤਕਾਰ ਸ਼੍ਰੀ ਮੱਖਣ ਲੋਹਾਰ ਜੀ, ਸ਼੍ਰੀ ਸੇਵਕ ਦਾਸ ਜੀ ਝਿੰਗੜ ਅਤੇ ਸ਼੍ਰੀ ਬਲਜੀਤ ਸਿੰਘ ਜੀ ਗੁਰੂਘਰ ਰਿਓਲਿੰਡਾ ਕਮੇਟੀ ਮੈਂਬਰ ਵਿਸ਼ੇਸ਼ ਤੋਰ ਤੇ ਹਾਜ਼ਰ ਹੋਏ।

ਉਹਨਾਂ ਨੇ ਜਿੱਥੇ ਸ਼੍ਰੀ ਰਮਨ ਮਾਹੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ, ਉੱਥੇ ਹੀ ਰਮਨ ਮਾਹੀ ਦੀ ਮੌਤ ਦਾ ਕਾਰਨ ਭਾਰਤ ਵਿੱਚ ਸਰਕਾਰਾਂ ਦੀ ਅਣਗਹਿਲੀ ਤੇ ਗੰਦਾ ਰਾਜਨੀਤਿਕ ਸਿਸਟਮ ਦੱਸਿਆ। ਉਨ੍ਹਾਂ ਕਿਹਾ ਕਿ ਸ਼੍ਰੀ ਰਮਨ ਮਾਹੀ ਜੀ ਦੀ ਮੌਤ ਦਾ ਕਾਰਨ ਬਣੇ ਬਿਜਲੀ ਵਿਭਾਗ ਅਤੇ ਕੁਨੈਕਟ ਕੰਪਨੀ ਦੇ ਮਾਲਿਕਾਂ ਉੱਪਰ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਪਰਿਵਾਰ ਨੂੰ ਬਣਦਾ ਹਰਜਾਨਾ ਮਿਲਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਬਿਜਲੀ ਵਿਭਾਗ ਅਤੇ ਕੁਨੈਕਟ ਕੰਪਨੀ ਵੱਲੋਂ ਆਪਣੇ ਕੰਮ ਵਿੱਚ ਕੀਤੀ ਅਣਗਹਿਲੀ ਨੂੰ ਤੁਰੰਤ ਸੁਧਾਰਨਾ ਚਾਹੀਦਾ ਹੈ ਤਾਂ ਜੋ ਅੱਗੇ ਤੋਂ ਕੋਈ ਅਜਿਹੀ ਅਣਸੁਖਾਵੀਂ ਘਟਨਾ ਨਾ ਵਾਪਰੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ।

ਅਖੀਰ ਵਿੱਚ ਰਮਨ ਮਾਹੀ ਜੀ ਦੇ ਭਰਾ ਸ਼੍ਰੀ ਪਵਨ ਮਾਹੀ ਜੀ ਨੇ ਦੂਰੋਂ ਨੇੜਿਓਂ ਆਏ ਰਿਸ਼ਤੇਦਾਰਾਂ, ਸਮੁੱਚੇ ਭਾਈਚਾਰੇ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਪੈਰੋਕਾਰਾਂ ਦਾ ਇਸ ਦੁੱਖ ਦੀ ਘੜੀ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਵਿਚ ਮਾਹੀ ਪਰਿਵਾਰ ਨਾਲ ਖੜ੍ਹਾ ਹੈ।

**(ਰਿਪੋਰਟ ਅਤੇ ਤਸਵੀਰਾਂ- ਪਵਨ ਮਾਹੀ)**


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਪ੍ਰੋ: ਦਿੱਤ ਰਾਮ ਉਰਫ ਪ੍ਰੋ: ਦਿੱਤ ਸਿੰਘ

## 6 ਸਤੰਬਰ- ਗਿਆਨੀ ਦਿੱਤ ਸਿੰਘ ਜੀ ਨੂੰ ਯਾਦ ਕਰਦਿਆਂ



ਸੀ. ਐਲ. ਚੁੰਬਰ

ਅੱਜ ਤੋਂ 156 ਵਰ੍ਹੇ (ਹੁਣ 172) ਪਹਿਲਾਂ 21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ. ਏ. ਰੋਜ. ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਐਡਵੋਕੇਟ ਭਗਵਾਨ ਦਾਸ ਨੇ ਆਪਣੀ ਸੰਪਾਦਕ ਪੁਸਤਕ 'ਦਜ਼ ਸਪੋਕ ਅੰਬੇਦਕਰ' ਹਿੱਸਾ ਚਾਰ ਸਫ਼ਾ 183 ਤੇ ਪ੍ਰੋ: ਜੀ ਨੂੰ ਮਜ਼੍ਹਬੀ ਸਿੱਖ ਲਿਖਿਆ ਹੈ। ਜੋ ਕਿ ਬੇਬੁਨਿਆਦ ਹੈ। (ਦੇਖੋ ਸ਼ੀਰੀ ਫਰਹਾਦ ਕ੍ਰਿਤ ਸੰਤ ਦਿੱਤਾ ਰਾਮ ਉਰਫ ਗਿਆਨੀ ਦਿੱਤ ਸਿੰਘ ਸੰਪਾਦਕ ਸ. ਸ਼ਮਸ਼ੇਰ ਸਿੰਘ ਅਸ਼ੋਕ, ਸਫ਼ਾ 3, ਪੰਜਵੀ ਐਡੀਸ਼ਨ, ਸਾਲ 1970 ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਉੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ।ਦਿੱਤ ਰਾਮ ਦੀ ਤੀਖਣ ਬੁੱਧੀ ਜੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਦਿੱਤ ਰਾਮ ਵੱਲੋਂ ਉਰਦੂ ਫਾਰਸੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਉਸ ਦੇ ਪਿਤਾ ਗੁਲਾਬ ਦਾਸੀਏ ਮਤ ਦੇ ਪ੍ਰਚਾਰਕ ਸਨ। ਇਸ ਲਈ ਦਿੱਤ ਰਾਮ ਨੇ ਵੀ ਮਾੜੀ, ਮਸਾਣੀ, ਦੇਵੀ, ਦੁਰਗਾ ਪੂਜਾ, ਜਾਤਪਾਤ, ਅੰਧ ਵਿਸ਼ਵਾਸ਼ਾਂ ਖਿਲਾਫ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਸੰਤ ਰਾਮ ਵਜੋਂ ਜਾਣਿਆ ਜਾਣ ਲੱਗਾ। ਸੰਤ ਦਿੱਤ ਰਾਮ ਨੇ ਆਪਣੀ ਪਹਿਲੀ ਰਚਨਾ ਸ਼ੀਰੀ ਫਰਹਾਦ ਆਪਣੇ ਗੁਰੂ ਗੁਲਾਬ ਦਾਸ ਨੂੰ ਧਿਆ ਕੇ ਇਉਂ ਸ਼ੁਰੂ ਕੀਤੀ:

(ਮੰਗਲਾਚਰਣ)

ਅੱਵਲ ਹਮਦ ਗੁਲਾਬ ਤਾਈਂ,<br>
ਜਿਨ੍ਹਾਂ ਤਾਰਿਆ ਕੁਲ ਪੰਜਾਬ ਆਹਾ।<br>
ਸਾਰੇ ਜੱਗ ਦੇ ਵਿਚ ਵਾ ਨਸ਼ਰ ਹੋਏ,<br>
ਗੋਯਾ ਹੋਰ ਦੂਜਾ ਆਫ਼ਤਾਬ ਆਹਾ।<br>
ਲੁਤਫ਼ ਕਰਮ ਦਾ ਪਾਏ ਅਮੀਰ ਖੁਸਰੋ,<br>
ਸਾਰੇ ਜੱਗ ਤੇ ਆਹ ਦਨਾਵ ਆਹਾ।<br>
ਕਰੋ ਮਿਹਰ ਦੀ ਨਜ਼ਰ ਨਿਮਾਣਿਆਂ ਤੇ,<br>
'ਦਿੱਤਾ ਰਾਮ' ਗੁਲਾਬ ਜਨਾਬ ਆਹਾ।

ਨੌਜਵਾਨ ਸੰਤ ਦਿੱਤਾ ਰਾਮ ਗੁਲਾਬਦਾਸੀਏ ਦੇ ਡੇਰੇ ਚੱਠਿਆਂਵਾਲੀ ਨਜ਼ਦੀਕ ਕਸੂਰ ਜ਼ਿਲ੍ਹਾ ਲਾਹੌਰ ਚਲੇ ਗਏ। ਗੁਲਾਬਦਾਸੀ ਮੱਤ ਵਿਚ ਹਰ ਰੋਜ਼ ਦੇ ਬਹਿਸ ਮੁਬਾਹਸਿਆਂ ਅਤੇ ਇਕ ਅਛੂਤ ਦਾ ਉਸ ਸਮੇਂ ਦੇ ਪ੍ਰਸਿੱਧ ਗੁਲਾਬਦਾਸੀ ਮੱਤ ਦੇ ਬਾਨੀ ਸਾਧੂ ਗੁਲਾਬ ਦਾਸ ਦੇ ਨੇੜੇ ਹੋਣਾ ਅਤੇ ਉਸ ਦੇ ਪੁੱਤਰ, ਪੋਤਰੇ ਦਾ ਵਿੱਦਿਅਕ ਗੁਰੂ ਹੋਣਾ ਇਕ ਬਹੁਤ ਵੱਡੀ ਪ੍ਰਾਪਤੀ ਸੀ। ਜੂਨ 1872 ਵਿਚ ਸੰਤ ਦਿੱਤ ਰਾਮ ਦਾ ਵਿਆਹ ਸੰਤ ਭਾਗ ਸਿੰਘ ਵਾਸੀ ਪਿੰਡ ਬਡਾਲਾ ਜ਼ਿਲ੍ਹਾ ਰੋਪੜ ਦੀ ਸਪੁੱਤਰੀ ਬੀਬੀ ਬਿਸ਼ਨ ਦੇਵੀ ਨਾਲ ਹੋ ਗਿਆ। ਕੁਝ ਸਮੇਂ ਬਾਅਦ ਦਿੱਤ ਰਾਮ ਵਾਪਸ ਚੱਠਿਆਂ ਵਾਲੀ ਆ ਗਏ।

### ਗੁਲਾਬਦਾਸੀ ਤੋਂ ਆਰੀਆ ਸਮਾਜੀ

ਕਾਠੀਆਵਾੜ (ਗੁਜਰਾਤ) ਦੇ ਜੰਮਪਲ ਬ੍ਰਾਹਮਣ ਜਾਤੀ ਦੇ ਸੁਆਮੀ ਮੂਲ ਸ਼ੰਕਰ ਸੰਨ 1875 ਈਸਵੀ ਵਿਚ ਬੰਬਈ ਵਿਖੇ ਆਰੀਆ ਸਮਾਜ ਨਾਂ ਦੀ ਸੰਸਥਾ ਬਣਾਈ। ਇਹ ਮੂਲ ਸ਼ੰਕਰ ਬਾਅਦ ਵਿਚ ਸੁਆਮੀ ਦਇਆ ਨੰਦ ਦੇ ਨਾਂ ਨਾਲ ਮਸ਼ਹੂਰ ਹੋਏ। ਮਹਾਂਗੋਬਿੰਦ ਰਾਨਾਡੇ, ਦੇਸ਼ਮੁੱਖ, ਸੇਵਕ ਲਾਲ, ਕ੍ਰਿਸ਼ਨ ਦਾਸ, ਪਾਨ ਚੰਦ, ਆਨੰਦ ਜੀ ਪਾਰੇਖ, ਗਿਰਧਰ ਲਾਲ, ਦਿਆਲ ਦਾਸ ਕੋਠਾਰੀ ਆਦਿ ਪ੍ਰਮੁੱਖ ਵਿਅਕਤੀ ਆਰੀਆ ਸਮਾਜ ਦੇ ਮੈਂਬਰ ਅਤੇ ਸਹਾਇਕ ਸਨ। ਸ਼ੁਰੂ ਵਿਚ ਆਰੀਆ ਸਮਾਜ ਦੇ ਸਿਧਾਂਤਾਂ ਅਤੇ ਵਿਧਾਨ ਨੂੰ 28 ਨਿਯਮਾਂ ਵਿਚ ਵੰਡਿਆ ਸੀ ਜੋ ਹੁਣ 10 ਨਿਯਮਾਂ ਵਿਚ ਹਨ।

ਇੱਧਰ ਸੰਤ ਦਿੱਤ ਰਾਮ ਦੇ ਗੁਲਾਬਦਾਸੀ ਗੁਰਭਾਈ ਭਾਈ ਜਵਾਹਰ ਸਿੰਘ ਕਪੂਰ ਦਾ ਮਨ ਪਤਾ ਨਹੀਂ ਕਿਉਂ ਗੁਲਾਬਦਾਸੀ ਮੱਤ ਤੋਂ ਫਿਰ ਗਿਆ ਅਤੇ ਆਰੀਆ ਸਮਾਜੀ ਬਣ ਕੇ ਆਰੀਆ ਸਮਾਜ ਪੰਜਾਬ ਦੇ ਸਕੱਤਰ ਬਣ ਗਏ। ਸੰਤ ਦਿੱਤ ਰਾਮ ਭਾਈ ਜਵਾਹਰ ਸਿੰਘ ਕਪੂਰ ਦੀ ਪ੍ਰੇਰਣਾ ਨਾਲ ਆਰੀਆ ਸਮਾਜੀ ਬਣ ਗਏ।

### ਆਰੀਆ ਸਮਾਜੀ ਤੋਂ ਸਿੰਘ ਸਭੀਏ

19 ਅਪ੍ਰੈਲ 1887 ਈ. ਨੂੰ ਸੰਤ ਦਿੱਤ ਰਾਮ ਆਪਣੇ ਸਾਥੀਆਂ ਸ. ਅਤਰ ਸਿੰਘ, ਭਾਈ ਰੋੜੂ ਰਾਮ ਅਤੇ ਸ. ਜਵਾਹਰ ਸਿੰਘ ਕਪੂਰ ਨਾਲ ਸੁਆਮੀ ਦਇਆ ਨੰਦ ਦੇ ਭਾਸ਼ਣ ਸੁਣਨ ਗਏ। ਸੰਤ ਦਿੱਤ ਰਾਮ ਜੋ ਬਹਿਸ ਮੁਬਹਿਸਿਆਂ ਦੇ ਚੰਗੇ ਘੁਲਾਟੀਏ ਸਨ ਨੇ ਸੁਆਮੀ ਜੀ ਨੂੰ ਤਿੰਨ ਬਹਿਸਾਂ ਵਿਚ ਜਗਤ ਕਰਤਾ ਕੌਣ ਹੈ? ਵੇਦ ਈਸ਼ਵਰੀ ਨਹੀਂ ਅਤੇ ਮੁਕਤੀ ਵਿਸ਼ਿਆਂ ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ। ਭਗਤੀ ਲਹਿਰ ਦੇ ਅਛੂਤ ਰਹਿਨੁਮਾ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਕਬੀਰ ਤੋਂ ਬਾਅਦ ਇਹ ਪਹਿਲੀ ਬਹਿਸ ਸੀ, ਜਿਸ ਵਿਚ ਇਕ ਅਛੂਤ ਵਿਦਵਾਨ ਨੇ ਵਿੱਦਿਆ ਦੇ ਖਾਨਦਾਨੀ ਠੇਕੇਦਾਰ ਬ੍ਰਾਹਮਣ ਵਿਦਵਾਨ ਨੂੰ ਭੁਆਂਟਣੀਆਂ ਦੁਆ ਦਿੱਤੀਆਂ। ਇਸ ਬਹਿਸ ਦਾ ਵੇਰਵਾ ਸੰਤ ਦਿੱਤ ਰਾਮ ਨੇ 'ਸਾਧੂ ਦਯਾ ਨੰਦ ਤੇ ਮੇਰਾ ਸੰਵਾਦ' ਨਾਂ ਦੀ ਪੁਸਤਕ ਵਿਚ ਵੇਰਵੇ ਸਹਿਤ ਦਿੱਤਾ ਹੈ। ਇਸ ਬਹਿਸ ਤੋਂ ਬਾਅਦ ਸੰਤ ਦਿੱਤ ਰਾਮ ਸਿੱਖਾਂ ਦੇ ਧਿਆਨ ਦਾ ਕੇਂਦਰ ਬਣੇ। ਸੁਆਮੀ ਦਇਆ ਨੰਦ ਦੀਆਂ ਸਿੱਖ ਗੁਰੂਆਂ ਦੇ ਖਿਲਾਫ 'ਸਤਿਆਰਥ ਪ੍ਰਕਾਸ਼' 'ਚ ਲਿਖਤ ਨੂੰ ਸਿੱਖਾਂ ਦੇ ਸੱਤੀਂ ਕੱਪੜੀਂ ਅੱਗ ਲਾਈ ਹੋਈ ਸੀ।



### ਅਛੂਤਾਂ ਦਾ ਪਹਿਲਾ ਪ੍ਰੋਫੈਸਰ

ਪ੍ਰੋ: ਗੁਰਮੁਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਦਿੱਤ ਰਾਮ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈਸਵੀ ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾ ਸ਼ੱਕ ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ।

### ਪ੍ਰੋ: ਦਿੱਤ ਰਾਮ ਤੋਂ ਪ੍ਰੋ. ਦਿੱਤ ਸਿੰਘ

ਪ੍ਰੋ: ਦਿੱਤ ਰਾਮ ਆਰੀਆ ਸਮਾਜ ਤੋਂ ਸਿੰਘ ਸਭਾ ਵੱਲ ਝੁਕ ਗਏ ਅਤੇ ਪ੍ਰੋ: ਦਿੱਤ ਰਾਮ ਤੋਂ ਪ੍ਰੋ: ਦਿੱਤ ਸਿੰਘ ਬਣ ਗਏ। ਕੈਪਟਨ ਧਰਮ ਸਿੰਘ 1882 ਈਸਵੀ ਤੋਂ ਬਾਅਦ ਅਤੇ ਸ੍ਰੀ ਭਗਵਾਨ ਦਾਸ 1888 ਈਸਵੀ ਤੋਂ ਬਾਅਦ ਦੀ ਇਹ ਘਟਨਾ ਦੱਸਦੇ ਹਨ।

### ਸਿੰਘ ਸਭਾ ਦੇ ਆਗੂ ਅਤੇ ਖਾਲਸਾ ਅਖ਼ਬਾਰ ਦੇ ਸੰਪਾਦਕ

ਆਰੀਆ ਸਮਾਜ ਦੀਆਂ ਸਿੱਖ ਵਿਰੋਧੀ ਸਾਜ਼ਿਸ਼ਾਂ ਦਾ ਟਾਕਰਾ ਕਰਨ ਅਤੇ ਸਿੱਖਾਂ ਵਿਚ ਸਮਾਜ ਸੁਧਾਰ ਲਈ 1873 ਈ: ਵਿਚ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣੀ, ਜਿਸ ਦੀ ਬਰਾਂਚ 1879 ਈ: ਵਿਚ ਲਾਹੌਰ ਵਿਚ ਖੋਲ੍ਹੀ। ਲਾਹੌਰ ਤੋਂ ਸਿੰਘ ਸਭਾ ਨੇ 1880 ਈ: ਵਿਚ ਖਾਲਸਾ ਅਖ਼ਬਾਰ ਛਾਪਣੀ ਸ਼ੁਰੂ ਕੀਤੀ, ਜਿਸ ਦੇ ਪਹਿਲੇ ਸੰਪਾਦਕ ਬਣੇ ਅਤੇ ਸਦੀਵੀਂ ਵਿਛੋੜੇ ਤੱਕ ਰਹੇ।

ਗਰੀਬ ਅਤੇ ਦੱਬੇ ਕੁਚਲੇ ਸਮਾਜ ਦਾ ਸ਼ਖ਼ਸ ਜੇ ਬਾਗੀ ਹੋ ਜਾਣ ਤਾਂ ਫਿਰ ਕੀ ਕਹਿਣਾ? ਪ੍ਰੋ: ਦਿੱਤ ਸਿੰਘ ਨੇ ਬੇਦੀਆਂ ਸੋਢੀਆਂ ਦੇ ਗੁਰੂ ਡੰਮ ਖਿਲਾਫ ਅਖ਼ਬਾਰ ਵਿਚ ਧੂੰਆਂ ਧਾਰ ਪ੍ਰਚਾਰ ਕੀਤਾ। ਜਿਸ ਕਾਰਨ ਬੇਦੀ ਉਦੇ ਸਿੰਘ ਨੇ 1887 ਵਿਚ ਹੱਤਕ ਇੱਜ਼ਤ ਦਾ ਦਾਅਵਾ ਕੀਤਾ। ਅਖ਼ਬਾਰ ਬੰਦ ਹੋ ਗਿਆ। ਫਿਰ 1890 ਈਸਵੀ ਵਿਚ ਸ਼ੁਰੂ ਹੋਇਆ। ਇਸ ਮੁਕੱਦਮੇ ਦਾ ਕਾਰਨ ਇਹ ਸੀ ਕਿ ਪ੍ਰੋ: ਦਿੱਤ ਸਿੰਘ ਦੇ ਸਾਥੀ ਪ੍ਰੋ: ਗੁਰਮੁਖ ਸਿੰਘ ਦੇ ਖਿਲਾਫ ਗੁਰਦੁਆਰਿਆਂ ਦੇ ਕਾਬਜ਼ ਮਸੰਦਾਂ ਵੱਲੋਂ ਸਿੱਖੀ ਤੋਂ ਖਾਰਜ ਕਰਨਾ ਸੀ, ਜਿਸ ਦੇ ਖਿਲਾਫ 16 ਅਪ੍ਰੈਲ 1887 ਨੂੰ ਪ੍ਰੋ: ਦਿੱਤ ਸਿੰਘ ਨੇ 'ਖਾਲਸਾ ਅਖ਼ਬਾਰ' ਵਿਚ 'ਸਵਪਨ ਨਾਟਕ' ਦਾ ਇਕ ਹਿੱਸਾ ਛਾਪਿਆ ਜਿਸ ਨੂੰ ਬਾਬਾ ਖੇਮ ਸਿੰਘ ਬੇਦੀ ਅਤੇ ਰਾਜਾ ਸਾਹਿਬ ਸਿੰਘ ਫਰੀਦਕੋਟ ਨੇ ਬੇਇੱਜ਼ਤੀ ਸਮਝ ਕੇ ਪ੍ਰੋ: ਦਿੱਤ ਸਿੰਘ ਤੇ ਹੱਤਕ ਇੱਜ਼ਤ ਦਾ ਦਾਅਵਾ ਕਰ ਦਿੱਤਾ। ਹੇਠਲੀ ਅਦਾਲਤ ਤੋਂ ਪ੍ਰੋ: ਦਿੱਤ ਸਿੰਘ ਨੂੰ 51 ਰੁਪਏ ਜੁਰਮਾਨਾ ਹੋਇਆ ਜੋ ਸੈਸ਼ਨ ਕੋਰਟ ਵਿਚ ਅਪੀਲ ਕਰਨ ਨਾਲ ਖਾਰਜ ਹੋ ਗਿਆ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਵਿਚਲੇ ਬ੍ਰਾਹਮਣਵਾਦ ਖਿਲਾਫ ਲੜਨ ਵਜੋਂ ਬਾਖੂਬੀ ਨਾਲ ਜਾਣਿਆ ਜਾਂਦਾ ਹੈ।

### ਪ੍ਰੋ: ਦਿੱਤ ਸਿੰਘ ਲੇਖਕ ਵਜੋਂ

ਪ੍ਰੋ: ਦਿੱਤ ਸਿੰਘ ਜਿੰਨੀਆਂ ਗਿਣਤੀ ਵਿਚ ਅਤੇ ਮਿਆਰੀ ਪੁਸਤਕਾਂ ਸ਼ਾਇਦ ਹੀ ਕਿਸੇ ਪੰਜਾਬੀ ਲਿਖੀਆਂ ਹੋਣ। ਉਹਨਾਂ ਨੇ ਤਿੰਨ ਦਰਜਨਾਂ ਤੋਂ ਵੱਧ ਪੁਸਤਕਾਂ ਲਿਖੀਆਂ। ਪ੍ਰੋ: ਜੀ ਦੀਆਂ ਕੁਝ ਪੁਸਤਕਾਂ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ, ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ ਹਨ ਜੋ ਇਕ ਅਨਮੋਲ ਖਜ਼ਾਨਾ ਹਨ।

### ਪ੍ਰੋ: ਦਿੱਤ ਸਿੰਘ ਸਭ ਤੋਂ ਵੱਧ ਅਣਗੌਲਿਆ ਸਿੱਖ ਵਿਦਵਾਨ

ਪ੍ਰੋ: ਦਿੱਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਆਖਰੀ ਵੀਹ ਵਰ੍ਹੇ ਸਿੱਖੀ ਦੇ ਸੁਧਾਰ ਵਿਚ ਅਰਪਣ ਕੀਤੇ ਪਰ ਉਹਨਾਂ ਦੀ ਸਿੱਖਾਂ ਵਿਚ ਕੀ ਕਦਰ ਸੀ, ਇਹ ਅਸੀਂ ਸ. ਦਲਜੀਤ ਸਿੰਘ ਬੀ. ਏ., ਪ੍ਰਧਾਨ ਸ਼੍ਰੋਮਣੀ ਖਾਲਸਾ ਬਰਾ-ਦਰੀ ਪ੍ਰਬੰਧਕ ਕਮੇਟੀ, ਅੰਮਿ-ਤਸਰ ਲਿਖਤ ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਗਿਆਨੀ ਦਿੱਤ ਸਿੰਘ ਜੀ ਦੇ ਸਫ਼ਾ 55 ਸੰਨ 1951 ਈ: ਤੋਂ ਪੇਸ਼ ਕਰਦੇ ਹਾਂ। 'ਜਾਤ ਅਭਿਮਾਨੀ ਸਿੱਖਾਂ ਵਿਚ ਹਮੇਸ਼ਾ ਉਹਨਾਂ ਨਾਲ ਅਛੂਤਾਂ ਜਿਹਾ ਹੀ ਸਲੂਕ ਹੁੰਦਾ ਸੀ। ਗਿਆਨੀ ਜੀ ਸਬੰਧੀ ਜਿਹੜੇ ਹਾਲਾਤ ਅਸੀਂ ਇਕੱਤਰ ਕਰ ਸਕੇ ਹਾਂ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੂੰ ਕਦੇ ਪੰਗਤ ਵਿਚ ਨਹੀਂ ਬੈਠਣ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਦੋਂ ਉਹ ਲੈਕਚਰ ਜਾਂ ਕਥਾ ਕਰਦੇ ਸਨ ਤਦ ਵੀ ਉਹਨਾਂ ਨੂੰ ਅਜਿਹੀ ਥਾਂ ਬਿਠਾਇਆ ਜਾਂਦਾ ਜਿਸ ਤੇ ਉਹਨਾਂ ਦੇ ਅਛੂਤਪੁਣੇ ਦਾ ਇਸ਼ਤਿਹਾਰ ਆਪਦੇ-ਆਪ ਸਾਹਮਣੇ ਆ ਜਾਂਦਾ ਸੀ।'' ਪੰਜਾਬੀ ਪਾਠ ਪੁਸਤਕ ਵਿਚ ਜਦੋਂ ਕਵੀਆਂ ਜਾਂ ਵਾਰਤਾਕਾਰਾਂ ਨੂੰ ਸਿਲੇਬਸ ਵਿਚ ਸ਼ਾਮਲ ਕਰਨਾ ਹੁੰਦਾ ਪ੍ਰੋ: ਦਿੱਤ ਸਿੰਘ ਨੂੰ ਬ੍ਰਾਹਮਣਵਾਦੀ ਸਿੱਖ ਵਿਦਵਾਨ ਅੱਖੋਂ ਪਰੋਖੇ ਕਰ ਜਾਂਦੇ ਹਨ। ਜੇ ਪ੍ਰੋ: ਦਿੱਤ ਸਿੰਘ ਚਮਾਰ ਨਾ ਹੁੰਦੇ ਤਾਂ ਉਹਨਾਂ ਨੂੰ ਉਹਨਾਂ ਦੀਆਂ ਸਿੱਖੀ ਲਈ ਮਹਾਨ ਕੁਰਬਾਨੀਆਂ ਸਦਕੇ ਸਿੱਖ ਧਰਮ ਦਾ ਪੁਨਰ ਸਥਾਪਕ ਕਿਹਾ ਜਾਂਦਾ।

### ਨਹੀਓਂ ਲੱਭਣੇ ਲਾਲ ਗੁਆਚੇ

ਕੌਮੀ ਆਗੂਆਂ ਦੇ ਜੀਵਨ ਵੀ ਕੌਮ ਦੀ ਅਮਾਨਤ ਹੋ ਜਾਂਦੇ ਹਨ। ਉਨ੍ਹਾਂ ਦੀ ਤੰਦਰੁਸਤੀ ਤੇ ਇਮਾਨਦਾਰੀ ਭਰਪੂਰ ਯਤਨਾਂ ਉੱਤੇ ਕੌਮਾਂ ਅਤੇ ਲਹਿਰਾਂ ਦੀ ਰਵਾਨਗੀ ਅਤੇ ਭਵਿੱਖ ਨਿਰਭਰ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨੂੰ ਸਿੱਖ ਧਰਮ ਦੀ ਪੁਨਰ ਸਥਾਪਨਾ ਵਿਚ ਲੱਗਿਆਂ ਜੋ ਆਰਥਿਕ ਅਤੇ ਮਾਨਸਿਕ ਮੁਸ਼ਕਿਲਾਂ ਆਈਆਂ ਉਹ ਹਮ ਖਿਆਲ ਸਾਥੀਆਂ ਦੇ ਸਾਥ ਕਾਰਨ ਅਣਗੌਲੀਆ ਸਨ। ਕਈ ਵੇਰਾਂ ਆਦਮੀ ਦਾ ਹੱਦੋਂ ਵੱਧ ਕਿਸੇ ਜੀਵ ਜਾਂ ਵਸਤੂ ਨਾਲ ਲਗਾਓ ਘਾਤਕ ਵੀ ਸਿੱਧ ਹੁੰਦਾ ਹੈ। ਪ੍ਰੋ: ਦਿੱਤ ਸਿੰਘ ਨਾਲ ਕੁਝ ਇਹੋ ਜਿਹਾ ਹੀ ਵਾਪਰਿਆ।

ਉਹਨਾਂ ਦੇ ਕੁਝ ਹਮ ਖਿਆਲ ਜੋਟੀਦਾਰ ਜਿਵੇਂ ਕੰਵਰ ਬਿਕਰਮ ਸਿੰਘ, 1887 ਈ: ਸ. ਅਤਰ ਸਿੰਘ ਭਦੌੜ ਪ੍ਰਧਾਨ ਲਾਹੌਰ ਖਾਲਸਾ ਦੀਵਾਨ 1896 ਈ: ਅਤੇ ਪ੍ਰੋ: ਗੁਰਮੁਖ ਸਿੰਘ 1898 ਈਸਵੀ ਵਿਚ ਸਦੀਵੀ ਵਿਛੋੜਾ ਦੇ ਗਏ। 17 ਜੂਨ 1901 ਨੂੰ ਉਹਨਾਂ ਦੀ ਲਾਡਲੀ ਪੁੱਤਰੀ ਵਿਦਿਆਵੰਤੀ ਵੀ ਸਦੀਵੀ ਵਿਛੋੜਾ ਦੇ ਗਈ। ਇਸ ਆਖਰੀ ਸੱਟ ਨੇ ਪ੍ਰੋ: ਜੀ ਨੂੰ ਚਿੱਤ ਕਰ ਦਿੱਤਾ ਅਤੇ ਉਹ ਬਿਮਾਰ ਪੈ ਗਏ।

ਪ੍ਰੋ: ਦਿੱਤ ਸਿੰਘ ਇਕ ਗੁੰਮਨਾਮੀ ਤੇ ਬਿਮਾਰੀ ਦਾ ਜੀਵਨ ਜੀਣ ਲੱਗੇ। ਉਹਨਾਂ ਦੇ ਅੰਤਿਮ ਹਾਲਾਤ ਸ: ਦਲਜੀਤ ਸਿੰਘ (ਸਫ਼ਾ 110-111) ਅਨੁਸਾਰ ਇਉਂ ਸਨ ''ਗਿਆਨੀ ਦਿੱਤ ਸਿੰਘ ਜੀ ਦੇ ਬਿਮਾਰੀ ਦੇ ਦਿਨ ਬੜੇ ਦੁਖਦਾਈ ਸਨ। ਆਹ ਬੇਕਦਰ ਸਿੱਖ ਪੰਥ! ਤੇਰਾ ਮਹਾਂ ਪੰਡਤ ਮੌਤ ਦੇ ਬਿਸਤਰੇ 'ਤੇ ਪਿਆ ਸੀ। ਇਲਾਜ ਲਈ ਉਸ ਪਾਸ ਕੋਈ ਪੈਸਾ ਨਹੀਂ ਸੀ। ਤੈਨੂੰ ਚਾਹੀਦਾ ਸੀ ਉਸ ਦੀ ਸਾਰ ਲੈਂਦਾ। ਪ੍ਰੰਤੂ ਉਸ ਵੱਲ ਅੱਖ ਚੁੱਕ ਕੇ ਵੀ ਵੇਖਣ ਦੀ ਲੋੜ ਨਹੀਂ ਸਮਝੀ। ਜੇਕਰ ਅਜਿਹਾ ਮਹਾਨ ਪੰਡਤ ਕਿਸੇ ਹੋਰ ਮਜ਼ਹਬ ਵਿਚ ਹੁੰਦਾ ਤਦ ਉਸ ਨੂੰ ਅੰਤ ਸਮੇਂ ਇਹ ਦੁੱਖ ਕਦੇ ਨਾ ਦੇਖਣਾ ਪੈਂਦਾ।

ਪ੍ਰੋ: ਜੀ ਦਾ ਖਿਆਲ ਨਾ ਹਿੰਦੂਆਂ ਨੇ ਤੇ ਨਾ ਸਿੱਖਾਂ ਨੇ ਕੀਤਾ। ਸਗੋਂ ਇਕ ਮੁਸਲਮਾਨ ਡਾ: ਰਹੀਮ ਖਾਂ ਨੂੰ ਜਦੋਂ ਪਤਾ ਲੱਗਾ ਕਿ ਪ੍ਰੋ: ਦਿੱਤ ਸਿੰਘ ਵਰਗਾ ਮਹਾਨ ਵਿਦਵਾਨ ਇਲਾਜ ਖੁਣੋ ਪਿਆ ਹੈ ਤਾਂ ਉਸ ਨੇ ਪ੍ਰੋ: ਜੀ ਦਾ ਇਲਾਜ ਮੁਫ਼ਤ ਕਰਨਾ ਸ਼ੁਰੂ ਕੀਤਾ। ਪਰ ਪ੍ਰੋ: ਜੀ ਦਾ ਤਨ ਅਤੇ ਮਨ ਸਾਥੀਆਂ, ਧੀ ਦੇ ਵਿਛੋੜੇ ਅਤੇ ਆਪਣਿਆਂ ਦੀ ਬੇਰੁਖੀ ਨਾਲ ਵਿੰਨ੍ਹਿਆ ਪਿਆ ਸੀ। ਕਿਰਪਾਨ ਚਲਾਉਣ ਵਾਲਿਆਂ ਨੂੰ ਕਲਮ ਦੀ ਤਾਕਤ ਦਾ ਜੌਹਰ ਦਿਖਾਉਣ ਵਾਲੇ ਪ੍ਰੋ: ਦਿੱਤ ਸਿੰਘ 6 ਸਤੰਬਰ 1901 ਈਸਵੀ ਦੀ ਸਵੇਰ ਆਪਣੀ ਰਿਹਾਇਸ਼ ਤੇ ਸਦਾ ਸਦਾ ਲਈ ਵਿਛੜ ਗਏ। ਪ੍ਰੋ: ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਭਾਈ ਵੀਰ ਸਿੰਘ ਜਿਹੇ ਕਵੀ ਨੇ ਪ੍ਰੋ: ਜੀ ਦੀਆਂ ਸਿੱਖ ਧਰਮ ਪ੍ਰਤੀ ਘਾਲਣਾਵਾਂ ਨੂੰ ਸਿੱਟ ਬਸਿੱਟ ਕਰਨ ਬਾਰੇ ਇਉਂ ਲਿਖਿਆ ਹੈ:

ਸੁੱਤਾ ਪੰਥ ਜਗਾ ਗਿਆ ਕਲਮ ਦੁਹਾਈ ਫੇਰ<br>
ਹਾ ਹਾ ਪੰਥ ਵਿਸਾਰਿਆ, ਐਸਾ ਦੂਲਾ ਸ਼ੇਰ।

ਪ੍ਰੋ: ਜੀ ਦਾ ਇਕ ਲੜਕਾ ਬਲਦੇਵ ਸਿੰਘ ਬਚਿਆ ਸੀ ਜੋ 1905 ਵਿਚ ਮਹਾਰਾਜਾ ਰਿਪੁਦਮਨ ਸਿੰਘ (ਸ: ਗੁਰਚਰਨ ਸਿੰਘ) ਦੀ ਸਹਾਇਤਾ ਨਾਲ ਇੰਗਲੈਂਡ ਤੋਂ ਐਮ. ਡੀ. ਕਰਨ ਗਏ। ਵਾਪਸੀ ਤੇ ਛੂਆ ਛਾਤ ਕਾਰਨ ਡਾ: ਬਲਦੇਵ ਸਿੰਘ ਜੋ ਅਛੂਤਾਂ ਦੇ ਪਹਿਲੇ ਡਾਕਟਰ ਸਨ, ਛੂਆ ਛਾਤ ਕਾਰਨ ਪ੍ਰੈਕਟਿਸ ਨਾ ਕਰ ਸਕੇ। ਇੰਨੀ ਵੱਡੀ ਡਾਕਟਰੀ ਡਿਗਰੀ ਉਹ ਵੀ ਇੰਗਲੈਂਡ ਤੋਂ ਪ੍ਰਾਪਤ ਕਰਨ ਤੇ ਵੀ ਉਹਨਾਂ ਨੂੰ ਜਾਤ ਪਾਤ ਕਾਰਨ ਅੰਮ੍ਰਿਤਸਰ ਵਿਖੇ ਹੈਲਥ ਅਫਸਰ ਦੀ ਆਸਾਮੀ ਵੀ ਨਾ ਮਿਲੀ। ਅੰਤ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਨ੍ਹਾਂ ਨੂੰ, ਡਾ: ਅੰਬੇਦਕਰ ਨੂੰ ਵਿਦੇਸ਼ ਵਿਚ ਪੜ੍ਹਨ ਲਈ ਮਦਦ ਕਰਨ ਵਾਲੇ ਮਹਾਰਾਜਾ ਬੜੌਦਾ ਵਾਂਗ ਸਤਿਕਾਰਿਆ ਜਾਵੇਗਾ, ਨੇ ਡਾਕਟਰ ਬਲਦੇਵ ਸਿੰਘ ਨੂੰ ਨਾਭੇ, ਜ਼ਿਲ੍ਹਾ ਪਟਿਆਲਾ ਵਿਖੇ ਹੈਲਥ ਅਫਸਰ ਦੀ ਆਸਾਮੀ ਤੇ ਲੁਆ ਦਿੱਤਾ ਪਰ ਉਸ ਨੂੰ ਇੱਥੇ ਵੀ ਛੂਆ-ਛੂਤ ਕਾਰਨ ਡਾ: ਅੰਬੇਦਕਰ ਵਾਂਗ ਅਹੁਦੇ ਤੋਂ ਹੱਥ ਧੋਣਾ ਪਿਆ। ਡਾ: ਬਲਦੇਵ ਸਿੰਘ ਦਾ ਜੀਵਨ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਵਾਂਗ ਦੁਖਦਾਈ ਸੀ। ਫਰਕ ਇੰਨਾ ਸੀ ਕਿ ਮਹਾਰਾਜਾ ਦਲੀਪ ਸਿੰਘ ਇਸਾਈ ਹਕੂਮਤ ਹੱਥੋਂ ਦੁਖੀ ਸੀ ਪਰ ਡਾ: ਬਲਦੇਵ ਸਿੰਘ ਸਿੱਖਾਂ ਵਿਚਲੇ ਬ੍ਰਾਹਮਣਵਾਦ ਦਾ ਸ਼ਿਕਾਰ ਸੀ। ਦੋਹਾਂ ਦੀਆਂ ਮਾਵਾਂ ਨੇ ਬੜੀ ਮੰਦਹਾਲੀ ਦਾ ਜੀਵਨ ਬਿਤਾਇਆ। ਜੇ ਮਹਾਰਾਜਾ ਦਲੀਪ ਸਿੰਘ ਇਸਾਈ ਸਾਮਰਾਜਵਾਦ ਦੀ ਧੱਕੇਸ਼ਾਹੀ ਕਾਰਨ ਸਿੱਖਾਂ ਵਿਚਲੇ ਬ੍ਰਾਹਮਣਵਾਦ ਤੋਂ ਦੁਖੀ ਹੋ ਕੇ ਇਸਾਈ ਬਣ ਗਿਆ। ਇਤਿਹਾਸਕਾਰਾਂ ਜਦੋਂ ਗਿਆਨੀ ਦਿੱਤ ਸਿੰਘ ਦੀ ਸਿੱਖਾਂ ਵੱਲੋਂ ਕੀਤੀ ਬੇਹੁਰਮਤੀ, ਡਾ: ਬਲਦੇਵ ਸਿੰਘ ਵੱਲੋਂ ਸਿੱਖ ਧਰਮ ਛੱਡ ਕੇ ਇਸਾਈ ਬਣਨ, ਡਾ: ਅੰਬੇਦਕਰ ਵੱਲੋਂ ਬੁੱਧ ਧਰਮ ਅਪਣਾਉਣ ਅਤੇ ਬਾਬੂ ਜੋਗਿੰਦਰਨਾਥ ਮੰਡਲ (ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ) ਨਾਲ ਮੁਸਲਮਾਨਾਂ ਵੱਲੋਂ ਕੀਤਾ ਦੁਰ ਵਰਤਾਓ ਦੇ ਕਾਰਨ ਲੱਭਣਗੇ ਤਾਂ ਇਹ ਗੱਲ ਨਿੱਖਰ ਕੇ ਸਾਹਮਣੇ ਆਵੇਗੀ ਕਿ ਧਰਮ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਨਹੀਂ। ਮਨ ਪਰਿਵਰਤਨ ਦਲਿਤ ਸਮੱਸਿਆਵਾਂ ਦਾ ਸਹੀ ਹੱਲ ਹੈ। ਸਾਨੂੰ ਜਾਤਾਂ, ਧਰਮਾਂ, ਭਾਸ਼ਾਵਾਂ, ਇਲਾਕਿਆਂ, ਰੰਗਾਂ ਦੀਆਂ ਸੋਨੇ ਦੀਆਂ ਦੀਵਾਰਾਂ ਨੂੰ ਤੋੜ ਕੇ ਮੋਢੇ ਨਾਲ ਮੋਢਾ ਮਿਲਾ ਕੇ ਚੱਲਣਾ ਪਵੇਗਾ। ਅਸੀਂ ਗੁਲਾਮ ਹਾਂ ਦੁਨੀਆਂ ਦੇ ਸਭ ਤੋਂ ਘਟੀਆ ਗੁਲਾਮ। ਗੁਲਾਮ ਦਾ ਸਭ ਤੋਂ ਵੱਡਾ ਧਰਮ ਹੁੰਦਾ ਹੈ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਪਿਘਲਾ ਕੇ ਅਜਿਹਾ ਰੂਪ ਦੇਣਾ ਕਿ ਜ਼ੰਜੀਰਾਂ ਦੇ ਲੋਹੇ ਨੂੰ ਜ਼ਾਲਮ ਮੁੜ ਜ਼ੰਜੀਰਾਂ ਨਾ ਬਣਾ ਸਕਣ। ਸਾਨੂੰ ਡਾ: ਅੰਬੇਦਕਰ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ 'ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਮਹਿਸੂਸ ਕਰਵਾ ਦਿਓ ਫਿਰ ਉਹ ਬਗਾਵਤ ਕਰ ਦੇਣਗੇ।''

ਆਓ ਅੱਜ ਮਿੱਟੀ ਵਿਚ ਗੁਆਚੇ ਆਪਣੇ ਲਾਲਾਂ ਨੂੰ ਲੱਭੀਏ ਅਤੇ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਾਈਏ।

**('ਕੌਮੀ ਉਡਾਰੀਆਂ' ਜਲੰਧਰ ਦੇ ਧੰਨਵਾਦ ਸਹਿਤ)**

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਐਲ ਸੋ ਬਰਾਂਟੇ (ਕੈਲੀਫੋਰਨੀਆ) ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ-ਦਰਬਾਰ ਸਜਾਇਆ ਗਿਆ

**ਐਲ ਸੋਬਰਾਂਟੇ (ਪ੍ਰਵਾਨਾ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ 'ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਐਲ ਸੋਬਰਾਂਟੇ ਗੁਰਦੁਆਰਾ ਸਾਹਿਬ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ ਗਈ ਕਿ: ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਕ ਅਜਿਹਾ ਗ੍ਰੰਥ ਜਿਸ ਨੂੰ ਕਿ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਜਿਸਦੀ ਭਾਵਨਾ ਚਿੰਤਨ ਅਤੇ ਦ੍ਰਿਸ਼ਟੀਕੋਣ, ਸਿੱਖਿਆ ਜਨ ਕਲਿਆਣ ਵਾਸਤੇ ਹੈ। ਸਮੁੱਚੀ ਮਾਨਵਜਾਤੀ ਦੇ ਭਲੇ ਵਾਸਤੇ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਦੀ ਪੂਜਾ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼ ਹੈ 'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।



ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਸਥਾਨਕ ਕਵੀ ਸ਼ਾਮਲ ਹੋਏ: ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਤ੍ਰਲੋਚਨ ਸਿੰਘ ਦੁਪਾਲਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਮਾ ਤੇ ਆਧਾਰਿਤ ਰਚਨਾਵਾਂ ਨਾਲ ਸਾਂਝ ਪਾਈ। ਸੰਗਤ ਨੇ ਬੜੀ ਸ਼ਰਧਾ ਭਾਵਨਾ ਨਾਲ ਪ੍ਰੋਗਰਾਮ ਸਰਵਣ ਕੀਤਾ। ਗੁਰਦੁਆਰਾ ਸਕੱਤਰ ਭਾਈ ਗਜਿੰਦਰ ਸਿੰਘ ਰੰਧਾਵਾ ਜੀ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਵੱਲੋਂ ਨਿਯਮਿਤ ਤੌਰ ਤੇ ਕਵੀ ਦਰਬਾਰ ਸਜਾਏ ਜਾਣ ਦੀ ਵਿਉਂਤਬੰਦੀ ਹੋਵੇਗੀ। ਇੱਥੋਂ ਦੇ ਰਹਿਣ ਵਾਲੇ ਕਵੀਆਂ ਨੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਵੀ ਦਰਬਾਰ ਅਤੇ 52 ਕਵੀਆਂ ਦੀ ਰਵਾਇਤ ਨੂੰ ਕਾਇਮ ਰੱਖਿਆ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਕੀਤੀ ਗਈ।

ਪ੍ਰਵਾਨ ਵੱਲੋਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫਲ ਹੁੰਦੇ ਹਨ। ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਅਮਰੀਕੀ ਪੱਤਰਕਾਰ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਦੀ ਗ੍ਰਿਫਤਾਰੀ ਲਈ ਪੁਲਿਸ ਨੇ ਲੋਕਾਂ ਤੋਂ ਮੱਦਦ ਮੰਗੀ

**ਸੈਕਰਾਮੈਂਟੋ 6 ਸਤੰਬਰ (ਹੁਸਨ ਲੜੋਆ ਬੰਗਾ)–** ਅਮਰੀਕੀ ਪੱਤਰਕਾਰ ਜੈਫ ਜਰਮਨ ਜਿਨਾਂ ਦੀ ਸ਼ਨੀਵਾਰ ਨੂੰ ਲਾਸ ਵੇਗਾਸ ਵਿਚ ਆਪਣੇ ਘਰ ਦੇ ਬਾਹਰ ਚਾਕੂ ਨਾਲ ਹਮਲਾ ਕਰਕੇ ਹੱਤਿਆ ਕਰ ਦਿੱਤੀ ਗਈ ਸੀ, ਦੇ ਮਾਮਲੇ ਵਿਚ ਸ਼ੱਕੀ ਹਮਲਾਵਰ ਦੀ ਗ੍ਰਿਫਤਾਰੀ ਲਈ ਪੁਲਿਸ ਨੇ ਲੋਕਾਂ ਕੋਲੋਂ ਮੱਦਦ ਦੀ ਮੰਗ ਕੀਤੀ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ



ਸੰਭਾਵੀ ਸ਼ੱਕੀ ਦੀਆਂ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋਈਆਂ 2 ਤਸਵੀਰਾਂ ਜਾਰੀ ਕੀਤੀਆਂ ਹਨ। ਪੁਲਿਸ ਨੇ ਖੇਤਰ ਵਿਚ ਰਹਿੰਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਆਪਣੇ ਨਿਗਰਾਨ ਕੈਮਰਿਆਂ ਦੀ ਜਾਂਚ ਕਰਨ ਤੇ ਪਤਾ ਲਾਉਣ ਕਿ ਕੀ ਇਹ ਸ਼ੱਕੀ ਹਮਲਾਵਰ ਅਮਰੀਕੀ ਸਮੇ ਅਨੁਸਾਰ ਸ਼ਨੀਵਾਰ ਸਵੇਰੇ 8 ਵਜੇ ਤੋਂ ਦੁਪਹਿਰ 1 ਵਜੇ ਤੱਕ ਕੈਮਰੇ ਦੀ ਗ੍ਰਿਫਤ ਵਿਚ ਆਇਆ ਹੈ। ਜੇਕਰ ਆਇਆ ਹੈ ਤਾਂ ਇਸ ਬਾਰੇ ਪੁਲਿਸ ਨੂੰ ਸੂਚਿਤ ਕਰਨ।

# ਚਰਚ 'ਚ ਕੀਤੀ ਭੰਨ ਤੋੜ ਦੀ ਬਸਪਾ ਵੱਲੋਂ ਸਖਤ ਨਿੰਦਿਆ

**ਚੰਡੀਗੜ੍ਹ–** ਬੀਤੇ ਦਿਨੀਂ ਤਰਨਤਾਰਨ ਜ਼ਿਲ੍ਹੇ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਚਰਚ ਵਿੱਚ ਕੀਤੀ ਗਈ ਭੰਨ ਤੋੜ, ਮਹਾਂਪੁਰਸ਼ਾਂ ਦੀਆਂ ਮੂਰਤੀਆਂ ਦੀ ਕੀਤੀ ਬੇਅਦਬੀ, ਗੱਡੀਆਂ ਦੀ ਕੀਤੀ ਸਾੜ ਫੂਕ ਦੀ ਬਹੁਜਨ ਸਮਾਜ ਪਾਰਟੀ ਵੱਲੋਂ ਸਖਤ ਨਿੰਦਾ ਕੀਤੀ ਗਈ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਇੱਥੋਂ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਸ਼ਰਾਰਤੀ ਅਨਸਰਾਂ ਵੱਲੋਂ ਇਸ ਤਰ੍ਹਾਂ ਦੀ ਘਟਨਾ ਨੂੰ ਅੰਜ਼ਾਮ ਦੇਣਾ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਡੂੰਘੀ ਸਾਜਿਸ਼ ਹੋ ਸਕਦੀ ਹੈ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਪੰਜਾਬੀ ਜੀਵਨ ਦਾ ਰੰਗ ਹੈ। ਉਨ੍ਹਾਂ ਕਿਹਾ ਕਿ ਆਰਐਸਐਸ ਅਤੇ ਭਾਰਤੀ ਜਨਤਾ ਪਾਰਟੀ ਦੀ ਹਮੇਸ਼ਾਂ ਹੀ ਲੋਕਾਂ ਵਿੱਚ ਪੁਆੜੇ ਪਾਉਣ ਦੀ ਨੀਤੀ ਉਤੇ ਚਲਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰ ਐਸ ਐਸ ਧਾਰਮਿਕ, ਜਾਤੀ ਤੌਰ ਉਤੇ ਘੱਟ ਗਿਣਤੀਆਂ ਨੂੰ ਇਕ ਦੂਜੇ ਵਿਰੁੱਧ ਲੜਾਉਣ ਦਾ ਪੁਰਾਣਾ ਇਤਿਹਾਸ ਹੈ।

ਉਨ੍ਹਾਂ ਕਿਹਾ ਕਿ ਡਾ ਭੀਮ ਰਾਓ ਅੰਬੇਡਕਰ ਸਾਹਿਬ ਦੁਆਰਾ ਰਚਿਤ ਸੰਵਿਧਾਨ ਸਭ ਲੋਕਾਂ ਨੂੰ ਆਜ਼ਾਦੀ ਦਿੰਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੀਆਂ ਘਿਨੌਣੀਆਂ ਘਟਨਾਵਾਂ ਕਰਨ ਵਾਲੇ ਦੋਸ਼ੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਸਖਤ ਸਜ਼ਾ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਨਾਲ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ ਅਤੇ ਸੀਨੀਅਰ ਆਗੂ ਹਰਜੀਤ ਸਿੰਘ ਲੌਂਗੀਆਂ ਹਾਜ਼ਰ ਸਨ।

# ਪੰਜਾਬ ਭਵਨ ਦਾ ਚੌਥਾ ਕੌਮਾਂਤਰੀ ਸੰਮੇਲਨ ਪਹਿਲੀ ਅਤੇ ਦੋ ਅਕਤੂਬਰ 2022 ਨੂੰ ਸਰੀ (ਕੈਨੇਡਾ) ਵਿਖੇ

## ਸੰਮੇਲਨ ਵਿੱਚ ਸੰਸਾਰ ਭਰ ਤੋਂ ਲੇਖਕ, ਪੱਤਰਕਾਰ, ਬੁੱਧੀਜੀਵੀ ਅਤੇ ਪੰਜਾਬੀ ਸ਼ਿਰਕਤ ਕਰਨਗੇ- ਸੁੱਖੀ ਬਾਠ

**ਫਗਵਾੜਾ–** ਪੰਜਾਬ ਭਵਨ ਸਰੀ (ਕੈਨੇਡਾ) ਦਾ ਚੌਥਾ ਸਲਾਨਾ ਸਮਾਗਮ ਪੰਜਾਬ, ਪੰਜਾਬੀ ਪੰਜਾਬੀਅਤ ਦੇ ਮੁਦੱਈ ਅਤੇ ਪ੍ਰਸਿੱਧ ਚਿੰਤਕ ਸੁੱਖੀ ਬਾਠ ਦੀ ਅਗਵਾਈ ਵਿੱਚ ਪਹਿਲੀ ਅਤੇ ਦੋ ਅਕਤੂਬਰ 2022 ਨੂੰ ਸਰੀ ਪੰਜਾਬ ਭਵਨ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੂਰੀ ਦੁਨੀਆਂ ਤੋਂ ਪੰਜਾਬੀ ਪੁੱਜ ਰਹੇ ਹਨ।

ਪੰਜਾਬ ਭਵਨ ਸਰੀ ਦੇ ਸੰਚਾਲਕ ਸੁੱਖੀ ਬਾਠ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਵਿੱਚ ਸ: ਅਰਜਨ ਸਿੰਘ ਬਾਠ ਦੀ ਯਾਦ ਵਿੱਚ ਸਾਹਿੱਤਕ ਹਸਤੀਆਂ ਦਾ ਸਨਮਾਨ ਕੀਤਾ ਜਾਵੇਗਾ। ਕੌਮਾਂਤਰੀ ਪੰਜਾਬੀ ਸਮਾਜ ਅਤੇ ਸਾਹਿੱਤ ਬਾਰੇ ਚਰਚਾ ਹੋਏਗੀ। ਡਾ: ਸਾਹਿਬ ਸਿੰਘ ਲੇਖਕ, ਨਿਰਦੇਸ਼ਕ, ਅਦਾਕਾਰ ਦਾ ਨਾਟਕ " ਸੰਮਾਂ ਵਾਲੀ ਡਾਂਗ" ਪੇਸ਼ ਕੀਤਾ ਜਾਏਗਾ। ਲੇਖਕਾਂ ਦੀਆਂ ਪੁਸਤਕਾਂ ਰਲੀਜ਼ ਕੀਤੀਆਂ ਜਾਣਗੀਆਂ ਅਤੇ ਦੋਵੇਂ ਦਿਨ ਪੰਜਾਬੀ ਸਾਹਿੱਤ, ਪੰਜਾਬੀ ਸਭਿਆਚਾਰ, ਪੰਜਾਬੀ ਕੌਮਾਂਤਰੀ ਭਾਈਚਾਰਾ, ਸਬੰਧੀ ਵਿਚਾਰ ਚਰਚਾ ਹੋਏਗੀ। ਸਭਿਆਚਾਰਕ ਪ੍ਰੋਗਰਾਮ ਹੋਣਗੇ।




ਸੁੱਖੀ ਬਾਠ ਨੇ ਦੱਸਿਆ ਕਿ ਪੰਜਾਬ ਭਵਨ ਸਰੀ ਕੈਨੇਡਾ ਦਾ ਸਲਾਨਾ ਸਮਾਗਮ ਇਸ ਵੇਰ ਵਿਲੱਖਣ, ਵਿਸ਼ੇਸ਼ ਅਤੇ ਯਾਦਗਾਰੀ ਹੋਏਗਾ। ਰਾਜੀ ਮੁਸੱਵਰ ਦੀ ਕਲਾਕ੍ਰਿਤੀਆਂ ਦੀ ਨੁਮਾਇਸ਼ ਲੱਗੇਗੀ। ਉਨ੍ਹਾ ਇਹ ਵੀ ਕਿਹਾ ਕਿ ਛੇ ਕੁ ਵਰ੍ਹੇ ਪਹਿਲਾਂ ਪੰਜਾਬ ਭਵਨ ਸਰੀ ਕੈਨੇਡਾ ਨੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਵਿੱਚ ਸਾਂਝ ਦਾ ਇੱਕ ਪੁਲ ਬਨਾਉਣਾ ਆਰੰਭ ਕੀਤਾ ਸੀ। ਉਹ ਪੁੱਲ ਹੁਣ ਬਣ ਚੁੱਕਾ ਹੈ ਅਤੇ ਸਮੁੱਚਾ ਪੰਜਾਬੀ ਭਾਈਚਾਰਾ ਇਸ ਵਿੱਚ ਯੋਗਦਾਨ ਪਾ ਰਿਹਾ ਹੈ।

# ਪੰਜਾਬੀ ਸੱਭਿਆਚਾਰ ਦੀ ਗੱਲ ਕਰਦਾ ਤੀਆਂ ਦਾ ਤਿਉਹਾਰ ਯਾਦਗਾਰੀ ਸਮਾਗਮ ਵਜੋਂ ਕਰਵਾਇਆ ਗਿਆ

ਰੋਮ (ਇਟਲੀ) (ਟੇਕਚੰਦ ਜਗਤਪੁਰ)– ਪੰਜਾਬੀਆਂ ਨੇ ਹਮੇਸ਼ਾ ਹੀ ਦੁਨੀਆਂ ਦੇ ਕੋਨੇ-ਕੋਨੇ ਵਿੱਚ ਆਪਣੇ ਅਮੀਰ ਵਿਰਸੇ ਨੂੰ ਸੰਭਾਲਿਆ ਹੈ ਅਤੇ ਵਿਦੇਸ਼ਾਂ ਵਿੱਚ ਆ ਕੇ ਵੀ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਹਨ।ਤਿੰਨ ਦਾ ਮੇਲਾ ਪ੍ਰੋਗਰਾਮ ਹ ਰ ਕ ੀ ਰ ਤ ਇੰਟਰਪ੍ਰਾਈਜ਼ ਵੱਲੋਂ ਸੋਨਚਿਨੋ ਵਿੱਚ ਕਰਵਾਇਆ ਗਿਆ। ਕਰਮਾਨਾ ਜ਼ਿਲ੍ਹੇ ਦਾ ਸ਼ਹਿਰ। ਜਿੱਥੇ ਮੁਟਿਆਰ ਮਨਦੀਪ ਨੇ ਆਪਣੀ ਸੋਲੋ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ, ਉੱਥੇ ਸਿਮਰਨ ਅਤੇ ਗੁਰਲੀਨ ਨੇ ਪੰਜਾਬੀ ਲੋਕ ਗੀਤ ਗਾ ਕੇ ਗਿਰਝਾਂ ਦੀ ਟੀਮ ਨਾਲ ਨਿਵੇਕਲੀ ਪੇਸ਼ਕਾਰੀ ਦਿੱਤੀ। ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸ੍ਰੀਮਤੀ ਵਰਿੰਦਰ ਕੌਰ ਧਾਲੀਵਾਲ ਨੇ ਕਿਹਾ ਕਿ ਇਟਲੀ ਵਿੱਚ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜੀ ਰੱਖਣ ਦਾ ਇਹ ਸਭ ਤੋਂ ਵੱਡਾ ਉਪਰਾਲਾ ਹੈ। ਤਾਂ ਜੋ ਉਹ ਹਮੇਸ਼ਾ ਜੁੜੇ ਰਹਿਣ ਅਤੇ ਆਪਣੇ ਅਮੀਰ ਵਿਰਸੇ ਨੂੰ ਕਦੇ ਨਾ ਭੁੱਲ ਸਕਣ। ਇਸ ਮੌਕੇ ਹਰਕੀਰਤ ਇੰਟਰਪ੍ਰਾਈਜਿਜ਼ ਦੀ ਸਰਬਜੀਤ ਕੌਰ ਗੋਬਿੰਦਪੁਰੀ ਨੇ ਆਪਣੇ ਮੇਲੇ ਵਿੱਚ ਆਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਸਾਲ ਮਿਲਣ ਦਾ ਵਾਅਦਾ ਕੀਤਾ। ਇਸ ਮੇਲੇ ਨੂੰ ਰੀਆ ਮਨੀ ਟਰਾਂਸਫਰ ਅਤੇ ਡਿਜ਼ੀ ਮੋਬਾਈਲ ਵੱਲੋਂ ਸਪਾਂਸਰ ਕੀਤਾ ਗਿਆ।



# ਫ਼ਰੀਦਕੋਟ ਰਿਆਸਤ ਦੀ 25 ਹਜ਼ਾਰ ਕਰੋੜ ਦੀ ਸਾਰੀ ਜਾਇਦਾਦ ਮਿਲੇਗੀ ਸ਼ਾਹੀ ਪਰਿਵਾਰ ਨੂੰ



**ਫ਼ਰੀਦਕੋਟ–** ਦੇਸ਼ ਦੀ ਸਰਵਉੱਚ ਅਦਾਲਤ ਨੇ ਫ਼ਰੀਦਕੋਟ ਰਿਆਸਤ ਦੇ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਨੂੰ ਗੈਰਕਾਨੂੰਨੀ ਮੰਨਦਿਆਂ ਵਸੀਅਤ ਦੇ ਆਧਾਰ 'ਤੇ ਬਣੇ ਟਰੱਸਟ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਫ਼ਰੀਦਕੋਟ ਰਿਆਸਤ ਦੀ ਕੁੱਲ ਜਾਇਦਾਦ ਨੂੰ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੇ ਪਰਿਵਾਰ ਵਿਚ ਵੰਡਣ ਦੇ ਆਦੇਸ਼ ਦਿੱਤੇ ਹਨ। ਪੱਚੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਹੁਣ ਤੱਕ ਮਹਾਰਾਵਲ ਖੇਵਾ ਜੀ ਟਰੱਸਟ ਸਾਂਭ ਰਿਹਾ ਸੀ। ਤੀਹ ਸਤੰਬਰ ਤੋਂ ਬਾਅਦ ਮਹਾਰਾਵਲ ਖੀਵਾਜੀ ਟਰੱਸਟ ਦੀ ਹੋਂਦ ਖ਼ਤਮ ਹੋ ਜਾਵੇਗੀ ਅਤੇ ਕੁੱਲ ਜਾਇਦਾਦ ਸ਼ਾਹੀ ਪਰਿਵਾਰ ਵਿੱਚ ਵੰਡਣ ਪ੍ਰਕਿਰਿਆ ਸ਼ੁਰੂ ਹੋਵੇਗੀ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਵੱਲੋਂ ਕੈਨੇਡਾ ਦੇ ਸਾਬਕਾ ਪ੍ਰੀਮੀਅਰ ਦੋਸਾਂਝ ਨੂੰ ਮਿਲੇ

**ਚੰਡੀਗੜ –** ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੇ ਬ੍ਰਿਟਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਸ੍ਰੀ ਉੱਜਲ ਦੋਸਾਂਝ ਨਾਲ ਵਿਭਿੰਨ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਅਤੇ ਇਸ ਦੌਰਾਨ ਦੋਵਾਂ ਆਗੂਆਂ ਨੇ ਸਿਆਸੀ ਖੇਤਰ ਵਿੱਚਲੇ ਆਪਣੇ ਤਜਰਬੇ ਸਾਂਝੇ ਕੀਤੇ।



ਕੈਨੇਡਾ ਦੇ ਦੌਰੇ 'ਤੇ ਗਏ ਸ੍ਰੀ ਸੰਧਵਾਂ ਬੀਤੀ ਸ਼ਾਮ ਸ੍ਰੀ ਦੋਸਾਂਝ, ਉਨਾਂ ਦੇ ਪਰਿਵਾਰ ਦੇ ਮੈਂਬਰਾਂ ਅਤੇ ਹੋਰ ਸ਼ਖਸੀਅਤਾਂ ਨੂੰ ਵੈਨਕੂਵਰ ਵਿਖੇ ਉਨਾਂ ਦੀ ਰਿਹਾਇਸ਼ 'ਤੇ ਮਿਲੇ। ਇਸ ਸਦਭਾਵਨਾ ਮੀਟਿੰਗ ਤੋਂ ਬਾਅਦ ਸ੍ਰੀ ਸੰਧਵਾਂ ਨੇ ਦੱਸਿਆ ਕਿ ਉਨਾਂ ਨੇ ਖੇਤੀ, ਡੇਅਰੀ ਫਰਮਿੰਗ, ਸਭਿਆਚਾਰ, ਖੇਡਾਂ, ਵਿਗਿਆਨ, ਤਕਨੋਲੋਜੀ ਆਦਿ ਬਾਰੇ ਸ੍ਰੀ ਦੋਸਾਂਝ ਨਾਲ ਚਰਚਾ ਕੀਤੀ। ਉਨਾਂ ਕਿਹਾ ਕਿ ਸ੍ਰੀ ਦੋਸਾਂਝ ਦਾ ਪੰਜ ਦਹਾਕੇ ਤੋਂ ਵੀ ਵਧੇਰੇ ਸਿਆਸਤ ਦਾ ਤਜਰਬਾ ਹੈ ਅਤੇ ਇਸ ਤਜਰਬੇ ਤੋਂ ਉਨਾਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਹੈ। ਉਨਾਂ ਕਿਹਾ ਕਿ ਇਸ ਮੀਟਿੰਗ ਦੌਰਾਨ ਉਨਾਂ ਨੂੰ ਵੱਖ ਵੱਖ ਤਰਾਂ ਦੀ ਨਵੀਂ ਜਾਣਕਾਰੀ ਹਾਸਲ ਹੋਈ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਕਿਹਾ ਕਿ ਕੈਨੇਡਾ ਵੱਸਦੇ ਪੰਜਾਬੀ ਭਾਈਚਾਰੇ ਨੇ ਵੱਖ ਵੱਖ ਖੇਤਰਾਂ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸ੍ਰੀ ਦੋਸਾਂਝ ਵਰਗੇ ਪੰਜਾਬੀਆਂ ਨੇ ਸਿਆਸਤ ਅਤੇ ਕਾਨੂੰਨ ਦੇ ਖੇਤਰ ਵਿੱਚ ਬੁਲੰਦੀਆਂ ਨੂੰ ਛੂਹਿਆ ਹੈ ਜਿਸ 'ਤੇ ਉਨਾਂ ਨੂੰ ਬਹੁਤ ਜ਼ਿਆਦਾ ਮਾਣ ਹੈ। ਸ੍ਰੀ ਸੰਧਵਾਂ ਨੇ ਕਿਹਾ ਕਿ ਸ੍ਰੀ ਦੋਸਾਂਝ ਨਾਲ ਉਨਾਂ ਦੀ ਇਹ ਮੀਟਿੰਗ ਬਹੁਤ ਯਾਦਗਾਰੀ ਅਤੇ ਅਰਥ ਭਰਪੂਰ ਰਹੀ। ਇਸ ਮੌਕੇ ਸ੍ਰੀ ਦੋਸਾਂਝ ਨੇ ਸ੍ਰੀ ਸੰਧਵਾਂ ਨੂੰ ਆਪਣੀ ਇੱਕ ਪੁਸਤਕ ਵੀ ਭੇਟ ਕੀਤੀ। ਇਸ ਮੌਕੇ ਹਰਮੀਤ ਸਿੰਘ ਖੁੱਡੀਆਂ, ਨਿਮਰਤਾ ਸ਼ੇਰਗਿੱਲ ਸਮੇਤ ਵੱਖ ਵੱਖ ਖੇਤਰਾਂ ਚ ਨਾਮਣਾ ਖੱਟਣ ਵਾਲੇ ਪ੍ਰਵਾਸੀ ਪੰਜਾਬੀਆਂ ਵੱਲੋਂ ਸ੍ਰੀ ਸੰਧਵਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਵਿਚ ਤਪਸ਼ ਨੇ ਲੋਕਾਂ ਦਾ ਜੀਣਾ ਕੀਤਾ ਮੁਹਾਲ

## ਜੰਗਲ ਨੂੰ ਲੱਗੀ ਅੱਗ ਨੇ ਮੁਸੀਬਤਾਂ ਵਿਚ ਕੀਤਾ ਵਾਧਾ, ਪਾਰਾ ਪਹੁੰਚਿਆ ਸਿਖਰ 'ਤੇ

**ਸੈਕਰਾਮੈਂਟੋ 4 ਸਤੰਬਰ–** ਉੱਤਰੀ ਕੈਲੀਫੋਰਨੀਆ ਵਿਚ ਚਲ ਰਹੀਆਂ ਗਰਮ ਹਵਾਵਾਂ ਕਾਰਨ ਐਲਾਨੀ ਹੰਗਾਮੀ ਸਥਿੱਤੀ ਦਰਮਿਆਨ ਜੰਗਲ ਨੂੰ ਲੱਗੀ ਅੱਗ ਨੇ ਲੋਕਾਂ ਦੀਆਂ ਮੁਸੀਬਤਾਂ ਵਿਚ ਹੋਰ ਵਾਧਾ ਕੀਤਾ ਹੈ। ਅਗਲੇ ਹਫਤੇ ਦੇ ਸ਼ੁਰੂ ਵਿਚ ਰਾਜ ਦੇ ਬਹੁਤ ਸਾਰੇ ਖੇਤਰਾਂ ਵਿਚ ਤਾਪਮਾਨ 3 ਅੰਕੜਿਆਂ ਵਿੱਚ ਪਹੁੰਚ ਜਾਣ ਦੀ ਸੰਭਾਵਨਾ ਹੈ। ਅੱਗ ਬੀਤੇ ਦਿਨ ਸਨਫਰਾਂਸਿਸਕੋ ਦੇ ਉੱਤਰ ਵਿਚ ਤਕਰੀਬਨ 250 ਮੀਲ ਦੂਰ ਸ਼ੁਰੂ ਹੋਈ ਸੀ। ਛੋਟੇ ਜਿਹੇ ਕਸਬੇ ਵੀਡ ਦੇ ਘਰ ਸੜ ਕੇ ਸਵਾਹ ਹੋ ਗਏ ਹਨ ਤੇ ਇਥੇ ਰਹਿੰਦੇ ਲੋਕ ਕਿਤੇ ਹੋਰ ਚਲੇ ਜਾਣ ਲਈ ਮਜਬੂਰ ਹੋ ਗਏ ਹਨ। ਕੁਝ ਲੋਕਾਂ ਨੂੰ ਹਸਪਤਾਲ ਵੀ ਦਾਖਲ ਕਰਵਾਉਣਾ ਪਿਆ ਹੈ। ਕੈਲੀਫੋਰਨੀਆ ਦੇ ਅੱਗ ਬੁਝਾਊ ਵਿਭਾਗ ਅਨੁਸਾਰ 4000 ਏਕੜ ਵਿਚ ਲੱਗੀ ਅੱਗ ਉਪਰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਹੁਣ ਤੱਕ 20% ਖੇਤਰ ਵਿਚ ਅੱਗ ਨੂੰ ਅੱਗੇ ਵਧਣ ਤੋਂ ਰੋਕਣ ਵਿਚ ਸਫਲਤਾ ਮਿਲੀ ਹੈ। ਕੌਮੀ ਮੌਸਮ ਸੇਵਾ ਅਨੁਸਾਰ ਕੈਲੀਫੋਰਨੀਆ ਤੇ ਦੱਖਣੀ ਨੇਵਾਡਾ ਵਿਚ




4 ਕਰੋੜ ਲਕਾਂ ਨੂੰ ਤਪਸ਼ ਦੀ ਚਿਤਾਵਨੀ ਦਿੱਤੀ ਗਈ ਹੈ ਜਦ ਕਿ 90 ਲੱਖ ਲੋਕ ਪਹਿਲਾਂ ਹੀ ਤਪਸ਼ ਦੀ ਲਪੇਟ ਵਿਚ ਹਨ। ਡੈਥ ਵੈਲੀ ਵਿਚ 'ਲੇਬਰ ਡੇਅ' ਮੌਕੇ ਤਾਪਮਾਨ 122 ਡਿਗਰੀ ਤੱਕ ਪਹੁੰਚ ਜਾਣ ਦੀ ਭਵਿੱਖਬਾਣੀ ਕੀਤੀ ਗਈ ਹੈ ਜਦ ਕਿ ਧਰਤੀ ਉਪਰ ਇਸ ਤੋਂ ਪਹਿਲਾਂ 126 ਡਿਗਰੀ ਸਭ ਤੋਂ ਵਧ ਤਾਪਮਾਨ ਰਿਕਾਰਡ ਹੋਇਆ ਸੀ। ਕੌਮੀ ਮੌਸਮ ਸੇਵਾ ਅਨੁਸਾਰ ਸੋਮਵਾਰ ਨੂੰ ਸੈਕਰਾਮੈਂਟੋ ਵਿਚ ਤਾਪਮਾਨ 112 ਡਿਗਰੀ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ। ਕੌਮੀ ਮੌਸਮ ਸੇਵਾ ਨੇ ਕਿਹਾ ਹੈ ਕਿ ਰਾਤ ਨੂੰ ਕੁਝ ਰਾਹਤ ਮਹਿਸੂਸ ਹੋਵੇਗੀ ਪਰੰਤੂ ਤਪਸ਼ ਨਾਲ ਸਬੰਧਤ ਬਿਮਾਰੀਆਂ ਦਾ ਖਤਰਾ ਹੋ ਸਕਦਾ ਹੈ। ਸੈਕਰਾਮੈਂਟੋ ਸਮੇਤ ਕੁਝ ਹੋਰ ਖੇਤਰਾਂ ਵਿਚ ਕੂਲਿੰਗ ਸੈਂਟਰ ਖੋਹਲੇ ਗਏ ਹਨ ਜੋ ਲੋਕਾਂ ਨੂੰ ਤਪਸ਼ ਤੋਂ ਹੁੰਦੀਆਂ ਬਿਮਾਰੀਆਂ ਬਾਰੇ ਜਾਣਕਾਰੀ ਦੇਣ ਦੀ ਪੇਸ਼ਕਸ਼ ਕਰ ਰਹੇ ਹਨ । ਲੋਕਾਂ ਨੂੰ ਦਸ ਰਹੇ ਹਨ ਕਿ ਤਪਸ਼ ਤੋਂ ਕਿਸ ਤਰਾਂ ਬਚਿਆ ਜਾ ਸਕਦਾ ਹੈ।

ਲੋਕਾਂ ਨੂੰ ਪਾਣੀ ਜਿਆਦਾ ਪੀਣ, ਧੁੱਪ ਤੋਂ ਬਚਾਅ ਕਰਨ ਤੇ ਸਿਖਰ ਦੁਪਹਿਰੇ ਬਾਹਰ ਨਾ ਘੁੰਮਣ ਦੀ ਸਲਾਹ ਦਿੱਤੀ ਗਈ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਆਪਣੇ ਗਵਾਂਢੀਆਂ ਦਾ ਖਿਆਲ ਰਖਣ ਤੇ ਪਸ਼ੂਆਂ ਨੂੰ ਛਾਂ ਹੇਠ ਰਖਣ ਤੇ ਉਨਾਂ ਨੂੰ ਪਾਣੀ ਨਿਰੰਤਰ ਪਿਆਇਆ ਜਾਵੇ। ਇਸ ਦੇ ਨਾਲ ਹੀ ਲੋਕਾਂ ਯਾਦ ਕਰਵਾਇਆ ਗਿਆ ਹੈ ਕਿ ਉਹ ਅਜਿਹੀ ਕੋਈ ਗਤੀਵਿਧੀ ਨਾ ਕਰਨ ਜਿਸ ਨਾਲ ਅੱਗ ਲੱਗਣ ਦਾ ਖਤਰਾ ਹੋਵੇ ਕਿਉਂਕਿ ਜੰਗਲੀ ਅੱਗ ਦੀਆਂ 95% ਘਟਨਾਵਾਂ ਮਨੁੱਖੀ ਗਲਤੀ ਕਾਰਨ ਹੀ ਵਾਪਰਦੀਆਂ ਹਨ।

## ਅਮਰੀਕਾ ਦੇ ਰਾਜ ਮਿਸੀਸਿੱਪੀ ਦੀ ਰਾਜਧਾਨੀ ਜੈਕਸਨ ਦੇ ਵਾਸੀ ਪਿਛਲੇ 5 ਦਿਨਾਂ ਤੋਂ ਤਰਸ ਰਹੇ ਹਨ ਪੀਣ ਵਾਲੇ ਸਾਫ ਪਾਣੀ ਲਈ

**ਸੈਕਰਾਮੈਂਟੋ 3 ਸਤੰਬਰ–** ਅਮਰੀਕਾ ਦੇ ਰਾਜ ਮਿਸੀਸਿੱਪੀ ਦੀ ਰਾਜਧਾਨੀ ਜੈਕਸਨ ਦੇ ਵਾਸੀਆਂ ਨੂੰ ਪਿਛਲੇ 5 ਦਿਨਾਂ ਤੋਂ ਪੀਣ ਵਾਲਾ ਸਾਫ ਪਾਣੀ ਨਹੀਂ ਮਿਲ ਰਿਹਾ। ਬੀਤੇ ਸੋਮਵਾਰ ਬਾਰਿਸ਼ ਦੇ ਪਾਣੀ ਨੇ ਪਹਿਲਾਂ ਹੀ ਡਾਵਾਂਡੋਲ ਚੱਲ ਰਹੇ ਟਰੀਟਮੈਂਟ ਪਲਾਂਟ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ ਤੇ ਟਰੀਟਮੈਂਟ ਪਲਾਂਟ ਅਜੇ ਤੱਕ ਸਾਫ ਪਾਣੀ ਮੁਹੱਈਆ ਕਰਵਾਉਣ ਵਿਚ ਅਸਮਰਥ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਟਰੀਟਮੈਂਟ ਪਲਾਂਟ ਸਿਸਟਮ ਮੁੜ ਸ਼ੁਰੂ ਕਰਨ ਲਈ ਅਹਿਮ ਪ੍ਰਗਤੀ ਹੋਈ ਹੈ ਪਰੰਤੂ ਜੈਕਸਨ ਦੇ ਅੰਦਾਜਨ ਡੇਢ ਲੱਖ ਵਾਸੀਆਂ ਨੂੰ ਸਾਫ ਪਾਣੀ ਦੀ ਸਪਲਾਈ ਕਦੋਂ ਸ਼ੁਰੂ ਹੋਵੇਗੀ ਇਸ ਬਾਰੇ ਸਥਿੱਤੀ ਸਪਸ਼ੱਟ ਨਹੀਂ ਹੈ। ਜੈਕਸਨ ਵਾਸੀਆਂ ਨੂੰ ਉਬਲਿਆ ਪਾਣੀ ਪੀਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਸਥਾਨਕ ਵਾਸੀ ਪੀਣ ਲਈ, ਖਾਣਾ ਬਣ-ਾਉਣ ਲਈ ਤੇ ਦੰਦ ਸਾਫ ਕਰਨ ਲਈ ਬੋਤਲ ਵਾਲਾ ਪਾਣੀ ਖਰੀਦਣ ਲਈ ਮਜਬੂਰ ਹਨ। ਮਿਸੀਸਿੱਪੀ ਸਿਹਤ ਵਿਭਾਗ ਦੇ ਸਿਹਤ ਸੁਰੱਖਿਆ ਬਾਰੇ ਡਾਇਰੈਕਟਰ ਜਿਮ ਕਰੈਗ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਫ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਬਹਾਲੀ ਲਈ ਕੋਸ਼ਿਸ਼ਾਂ ਨਿਰੰਤਰ ਜਾਰੀ ਹਨ। ਇਥੇ ਜਿਕਰਯੋਗ ਹੈ ਕਿ ਰਸਾਇਣ ਅਸੰਤੁਲਣ ਕਾਰਨ ਸ਼ੁੱਕਰਵਾਰ ਨੂੰ ਓ ਬੀ ਕਰਟਿਸ ਵਾਟਰ ਟਰੀਟਮੈਂਟ ਪਲਾਂਟ ਕੁਝ ਘੰਟੇ ਬੰਦ ਕਰਨਾ ਪਿਆ ਸੀ। ਸ਼ਹਿਰ ਵਿਚ ਪੁਰਾਣੀਆਂ ਪਾਣੀ ਦੀਆਂ ਪਾਈਪਾਂ ਵੀ ਇਕ ਸਮੱਸਿਆ ਹੈ। ਇਹ ਗੱਲ ਸ਼ਹਿਰ ਦੇ ਮੇਅਰ ਚੋਕਵੇ ਅੰਟਨ ਲੁਮੁਮਬਾ ਨੇ ਵੀ ਪ੍ਰੈਸ ਕਾਨਫਰੰਸ ਦੌਰਾਨ ਸਵਿਕਾਰ ਕੀਤੀ ਹੈ। ਉਨਾਂ ਮੰਨਿਆ ਕਿ ਸਾਡਾ ਵਾਟਰ ਟਰੀਟਮੈਂਟ ਪਲਾਂਟ ਪੁਰਾਣਾ ਹੈ, ਪਾਣੀ ਵਾਲੀਆਂ ਪਾਈਪਾਂ ਪੁਰਾਣੀਆਂ ਹਨ। ਉਨਾਂ ਕਿਹਾ ਕਿ ਪਾਣੀ ਦੇ ਨਮੂਨੇ ਲਏ ਗਏ ਹਨ ਜਿਨਾਂ ਦੇ ਪਾਸ ਹੋ ਜਾਣ ਉਪਰੰਤ ਉਬਲਿਆ ਹੋਇਆ ਪਾਣੀ ਵਰਤਣ ਦਾ ਨੋਟਿਸ ਵਾਪਿਸ ਲੈ ਲਿਆ ਜਾਵੇਗਾ।



## ਆਇਡਾਹੋ ਰਾਜ ਦੇ ਇਕ ਸਾਬਕਾ ਵਿਧਾਇਕ ਨੂੰ ਜਬਰਜਨਾਹ ਮਾਮਲੇ ਵਿਚ 20 ਸਾਲ ਦੀ ਸਜ਼ਾ

**ਸੈਕਰਾਮੈਂਟੋ 3 ਸਤੰਬਰ–** ਅਮਰੀਕਾ ਦੇ ਆਇਡਾਹੋ ਰਾਜ ਦੇ ਸਾਬਕਾ ਵਿਧਾਇਕ ਐਰੋਨ ਵਾਨ ਅਹਿਲਿੰਗਰ ਨੂੰ ਜਬਰਜਨਾਹ ਦੇ ਇਕ ਮਾਮਲੇ ਵਿਚ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। 40 ਸਾਲਾ ਅਹਿਲਿੰਗਰ ਇਕ 19 ਸਾਲਾ ਲੜਕੀ ਨਾਲ ਜਬਰਜਨਾਹ ਕਰਨ ਦਾ ਦੋਸ਼ੀ ਪਾਇਆ ਗਿਆ। ਅਡਾ ਕਾਊਂਟੀ ਡਿਸਟ੍ਰਿਕਟ ਜੱਜ ਮਿਸ਼ੇਲ ਰੀਅਰਡਨ ਨੇ ਅਹਿਲਿੰਗਰ ਨੂੰ ਦੋਸ਼ੀ ਮੰਨਦਿਆਂ 20 ਸਾਲ ਦੀ ਸਜ਼ਾ ਸੁਣਾਉਂਦਿਆਂ ਆਪਣੇ ਆਦੇਸ਼ ਵਿਚ ਲਿਖਿਆ ਹੈ ਕਿ ਦੋਸ਼ੀ 8 ਸਾਲ ਬਾਅਦ ਪੇਰੋਲ ਲਈ ਦਰਖਾਸਤ ਦੇ ਸਕਦਾ ਹੈ। ਕਾਊਂਟੀ ਦੇ ਵਕੀਲ ਜਨ ਬੈਨੇਟਸ ਨੇ ਪੀੜਤ ਜੇਨੇ ਡੋਏ ਵੱਲੋਂ ਮਾਮਲੇ ਦੀ ਪੂਰੀ ਸੁਣਵਾਈ ਦੌਰਾਨ ਵਿਖਾਏ ਹੌਸਲੇ ਦੀ ਤਾਰੀਫ ਕੀਤੀ ਹੈ ਤੇ ਉਸ ਦਾ ਧੰਨਵਾਦ ਕੀਤਾ ਹੈ।



## ਲਾਸ ਵੇਗਾਸ ਵਿਚ ਪੱਤਰਕਾਰ ਦੀ ਉਸ ਦੇ ਘਰ ਦੇ ਬਾਹਰ ਛੁਰਾ ਮਾਰ ਕੇ ਹੱਤਿਆ

**ਸੈਕਰਾਮੈਂਟੋ 5 ਸਤੰਬਰ–** ਲਾਸ ਵੇਗਾਸ ਵਿਚ ਇਕ ਪੱਤਰਕਾਰ ਦੀ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜੈਫ ਜਰਮਨ ਨਾਮੀ ਖੋਜੀ ਰਿਪੋਰਟਰ ਉਪਰ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਆਪਣੇ ਘਰ ਦੇ ਬਾਹਰ ਖੜਾ ਸੀ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਦੇ ਅਫਸਰ ਜਦੋਂ ਸਵੇਰੇ 10।30 ਵਜੇ ਦੇ ਕਰੀਬ ਘਟਨਾ ਸਥਾਨ 'ਤੇ ਪੁੱਜੇ ਤਾਂ ਜਰਮਨ ਦੀ ਮੌਤ ਹੋ ਚੁੱਕੀ ਸੀ। ਪੁਲਿਸ ਅਨੁਸਾਰ ਉਸ ਦੇ ਸਰੀਰ ਉਪਰ ਛੁਰੇ ਦੇ ਜ਼ਖਮ ਸਨ। ਪੁਲਿਸ ਦਾ ਕਹਿਣਾ ਹੈ ਕਿ 69 ਸਾਲਾ ਪੱਤਰਕਾਰ ਦੀ ਇਕ ਹੋਰ ਵਿਅਕਤੀ ਨਾਲ ਬਹਿਸ ਹੋਈ ਜਿਸ ਉਪਰੰਤ ਉਸ ਉਪਰ ਹਮਲਾ ਹੋਇਆ। ਪੁਲਿਸ ਵਿਭਾਗ ਦੇ ਬੁਲਾਰੇ ਕੈਪਟਨ ਡੋਰੀ ਕੋਰੇਨ ਨੇ ਕਿਹਾ ਹੈ ਕਿ ਸਾਨੂੰ ਸ਼ੱਕੀ ਵਿਅਕਤੀ ਬਾਰੇ ਸੁਰਾਗ ਮਿਲਿਆ ਹੈ ਤੇ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰੰਤੂ ਫਿਲਹਾਲ ਉਹ ਸਾਡੀ ਪਹੁੰਚ ਤੋਂ ਬਾਹਰ ਹੈ। ਰੀਵਿਊ ਰਸਾਲੇ ਦੇ ਕਾਰਜਕਾਰੀ ਸੰਪਾਦਕ ਗਲੈਨ ਕੁੱਕ ਨੇ ਕਿਹਾ ਹੈ ਕਿ ਜਰਮਨ ਨੇ ਕਦੀ ਵੀ ਆਪਣੀ ਜਾਨ ਨੂੰ ਖਤਰੇ ਬਾਰੇ ਜਾਂ ਕਿਸੇ ਵੱਲੋਂ ਦਿੱਤੀ ਧਮਕੀ ਬਾਰੇ ਗੱਲ ਨਹੀਂ ਕੀਤੀ ਸੀ। ਉਨਾਂ ਕਿਹਾ ਹੈ ਕਿ ਰੀਵਿਊ ਰਸਾਲੇ ਦਾ ਪੂਰਾ ਪਰਿਵਾਰ ਜਰਮਨ ਦੇ ਇਸ ਤਰਾਂ ਚਲੇ ਜਾਣ ਕਾਰਨ ਡੂੰਘੇ ਸਦਮੇ ਵਿਚ ਹੈ। ਉਹ ਨੇ ਹਮੇਸ਼ਾਂ ਪੱਤਰਕਾਰੀ ਵਿਚ ਕਦਰਾਂ-ਕੀਮਤਾਂ ਨੂੰ ਪਹਿਲ ਦਿੱਤੀ । ਜਰਮਨ ਨੇ ' ਲਾਸ ਵੇਗਾਸ ਸਨ' ਵਿਚ ਦੋ ਦਹਾਕੇ ਕੰਮ ਕਰਨ ਉਪਰੰਤ 2010 ਵਿਚ ਰੀਵਿਊ ਰਸਾਲੇ ਵਿਚ ਕਾਲਮ ਲੇਖਿਕ ਤੇ ਪੱਤਰਰਕਾਰ ਵਜੋਂ ਸ਼ਮੂਲੀਅਤ ਕੀਤੀ ਸੀ। ਉਹ ਅਦਾਲਤਾਂ, ਰਾਜਨੀਤੀ, ਸਰਕਾਰ ਤੇ ਸੰਗਠਨਾਤਮਿਕ ਅਪਰਾਧ ਬਾਰੇ ਬੇਖੌਫ ਪੱਤਰਕਾਰੀ ਕਰਦਾ ਸੀ।



## ਵਰਜੀਨੀਆ ਵਿਚ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 5 ਜ਼ਖਮੀ,ਯੁਨੀਵਰਸਿਟੀ ਵਿਚ ਵੀ ਚੱਲੀਆਂ ਗੋਲੀਆਂ

**ਸੈਕਰਾਮੈਂਟੋ 5 ਸਤੰਬਰ–** ਨੌਰਫੋਕ ,ਵਰਜੀਨੀਆ, ਵਿਚ ਗੋਲੀਆਂ ਮਾਰ ਕੇ 7 ਵਿਅਕਤੀਆਂ ਨੂੰ ਜ਼ਖਮੀ ਕਰ ਦਿੱਤਾ ਗਿਆ ਜਿਨਾਂ ਵਿਚੋਂ 2 ਦੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਰਾਤ 12 ਵਜੇ ਦੇ ਆਸ ਪਾਸ ਘਟਨਾ ਸਥਾਨ ਕਿਲਮ ਐਵਨਿਊ ਦੇ 5000 ਬਲਾਕ ਵਿਚ ਪੁੱਜੀ ਜਿਥੇ 4 ਔਰਤਾਂ ਤੇ 3 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ।

ਇਹਨਾਂ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ 25 ਸਾਲਾ ਜ਼ਬਰੇ ਮਿਲਰ ਤੇ 19 ਸਾਲਾ ਐਨਜੀਲੀਆ ਮੈਕਨਾਈਟ ਦੀ ਮੌਤ ਹੋ ਗਈ। ਨੌਰਫੋਕ ਸਟੇਟ ਯੁਨੀਵਰਸਿਟੀ ਵਿਚ ਵੀ ਗੋਲੀਆਂ ਚੱਲਣ ਦੀ ਸੂਚਨਾ ਹੈ ਪਰੰਤੂ ਇਸ ਗੋਲੀਬਾਰੀ ਬਾਰੇ ਵੇਰਵਾ ਨਹੀਂ ਮਿਲ ਸਕਿਆ। ਪੁਲਿਸ ਨੇ ਕੇਵਲ ਏਨਾ ਹੀ ਕਿਹਾ ਹੈ ਕਿ ਗੋਲੀਬਾਰੀ ਵਿਚ ਕਈ ਵਿਦਿਆਰਥੀ ਜ਼ਖਮੀ ਹੋਏ ਹਨ।

## ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ 6 ਥਾਵਾਂ 'ਤੇ ਲੱਗੀ ਅੱਗ ਨਾਲ ਹਜਾਰਾਂ ਏਕੜ ਜੰਗਲ ਸੜਕੇ ਹੋਇਆ ਸਵਾਹ

**ਸੈਕਰਾਮੈਂਟੋ 6 ਸਤੰਬਰ–** ਅਮਰੀਕਾ ਦੇ ਰਾਜ ਕੈਲੀਫੋਰਨੀਆ ਵਿਚ ਲੰਬੇ ਸਮੇ ਤੋਂ ਪਏ ਸੋਕੇ ਤੇ ਚੱਲ ਰਹੀਆਂ ਖੁਸ਼ਕ ਹਵਾਵਾਂ ਦੌਰਾਨ 6 ਥਾਵਾਂ 'ਤੇ ਲੱਗੀ ਜੰਗਲ ਦੀ ਅੱਗ ਵਿਚ ਪਿਛਲੇ ਇਕ ਹਫਤੇ ਤੋਂ ਵੀ ਘੱਟ ਸਮੇ ਵਿਚ ਹਜਾਰਾਂ ਏਕੜ ਜੰਗਲ ਸੜ ਕੇ ਸਵਾਹ ਹੋ ਗਿਆ ਹੈ ਤੇ ਘੱਟੋ ਘੱਟ 2 ਲੋਕ ਮਾਰੇ ਜਾ ਚੁੱਕੇ ਹਨ। ਹਜਾਰਾਂ ਲੋਕ ਘਰੋਂ ਬੇਘਰ ਹੋ ਗਏ ਹਨ। ਕੈਲੀਫੋਰਨੀਆ ਫਾਇਰ ਅਥਾਰਿਟੀ ਅਨੁਸਾਰ 31 ਅਗਸਤ ਤੋਂ ਬਾਅਦ ਸਮੁੱਚੇ ਰਾਜ ਵਿਚ 23000 ਏਕੜ ਤੋਂ ਵਧ ਰਕਬਾ ਸੜ ਗਿਆ ਹੈ। ਦੱਖਣੀ ਕੈਲੀਫੋਰਨੀਆ ਵਿਚ ਅੱਗ ਬੁਝਾਉਣ ਵਾਲੇ ਅਮਲੇ ਨੇ ਅੱਗ ਉਪਰ ਕਾਬੂ ਪਾਉਣ ਵਿੱਚ ਕਾਫੀ ਸਫਲਤਾ ਹਾਸਲ ਕੀਤੀ ਹੈ ਪਰੰਤੂ ਅਜੇ ਵੀ ਅੱਗ ਉਪਰ ਪੂਰੀ ਤਰਾਂ ਕਾਬੂ ਨਹੀਂ ਪਾਇਆ ਜਾ ਸਕਿਆ। ਉੱਤਰੀ ਹਿੱਸੇ ਵਿਚ ਮਿਲ ਤੇ ਮਾਊਂਟੇਨ ਖੇਤਰ ਵਿਚ ਲੱਗੀ ਅੱਗ ਕ੍ਰਮਵਾਰ 40% ਤੇ 10% ਹੀ ਕਾਬੂ ਵਿਚ ਆਈ ਹੈ। ਸਿਸਕੀਯੂ ਕਾਊਂਟੀ ਦੇ ਸ਼ੈਰਿਫ ਜੇਰੇਮਿਆਹ ਲਾਰੂ ਨੇ ਕਿਹਾ ਹੈ ਕਿ ਮਿਲ ਖੇਤਰ ਵਿਚ ਅੱਗ ਨਾਲ ਘੱਟੋ ਘੱਟ 2 ਔਰਤਾਂ ਅੱਗ ਦੀ ਲਪੇਟ ਵਿਚ ਆ ਕੇ ਮਾਰੀਆਂ ਗਈਆਂ ਹਨ। ਇਨਾਂ ਔਰਤਾਂ ਦੀ ਉਮਰ 66 ਤੇ 73 ਸਾਲ ਸੀ। ਮਿਲ ਤੇ ਮਾਊਂਟੇਨ ਖੇਤਰ ਦੀ ਅੱਗ ਸਮੁੱਚੀ ਸਿਸਕੀਯੂ ਕਾਊਂਟੀ ਲਈ ਸਿਰਦਰਦੀ ਬਣੀ ਹੋਈ ਹੈ ਤੇ ਹਜਾਰਾਂ ਲੋਕ ਆਪਣੇ ਘਰ ਬਾਰ ਛੱਡ ਕੇ ਕਿਤੇ ਹੋਰ ਚਲੇ ਗਏ ਹਨ। ਖੇਤਰ ਵਿਚ ਧੂੰਆਂ ਹੀ ਧੂੰਆਂ ਫੈਲਿਆ ਹੋਇਆ ਜਿਸ ਕਾਰਨ ਲੋਕਾਂ ਦੀਆਂ ਅੱਖਾਂ ਵਿਚ ਜਲਣ ਪੈਦਾ ਹੋ ਰਹੀ ਹੈ ਤੇ ਸਾਹ ਲੈਣਾ ਔਖਾ ਹੋ ਗਿਆ ਹੈ। ਮਾਊਂਟੇਨ ਖੇਤਰ ਵਿਚ 8896 ਏਕੜ ਜੰਗਲ ਸੜ ਗਿਆ ਹੈ ਜਦ ਕਿ ਮਿਲ ਖੇਤਰ ਵਿਚ 4254 ਏਕੜ ਜੰਗਲੀ ਰਕਬਾ ਸੜ ਚੁੱਕਾ ਹੈ।

ਅੱਗ ਲੱਗਣ ਦੇ ਕਾਰਨ ਦਾ ਅਜੇ ਤੱਕ ਪਤਾ ਨਹੀਂ ਲੱਗਾ ਹੈ। ਮਾਮਲਾ ਜਾਂਚ ਅਧੀਨ ਹੈ। ਕੈਲੀਫੋਰਨੀਆ ਫਾਇਰ ਬਟਾਲੀਅਨ ਦੇ ਮੁੱਖੀ ਜੋਨ ਹੈਜੀ ਨੇ ਕਿਹਾ ਹੈ ਕਿ ਸੋਕੇ ਵਾਲੀ ਸਥਿੱਤੀ ਨੇ ਬੇਹੱਦ ਖਤਰਨਾਕ ਹਾਲਾਤ ਪੈਦਾ ਕਰ ਦਿੱਤੇ ਹਨ।



# ਚਾਰ ਦਿਨਾਂ ਦੌਰੇ 'ਤੇ ਭਾਰਤ ਆਵੇਗਾ ਅਮਰੀਕੀ ਵਫ਼ਦ

**ਵਾਸ਼ਿੰਗਟਨ–** ਭਾਰਤ ਨਾਲ ਰਣਨੀਤਕ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਲਈ ਅਮਰੀਕਾ ਦਾ ਉੱਚ ਪੱਧਰੀ ਵਫ਼ਦ ਸੋਮਵਾਰ ਤੋਂ ਭਾਰਤ ਦਾ ਦੌਰਾ ਕਰੇਗਾ। ਇਸ ਦੌਰਾਨ ਉਹ ਕਈ ਅਹਿਮ ਮੀਟਿੰਗਾਂ ਵਿੱਚ ਹਿੱਸਾ ਲੈਣਗੇ। ਉਹ ਆਜ਼ਾਦ ਅਤੇ ਖੁੱਲ੍ਹੇ, ਲਚਕੀਲੇ ਅਤੇ ਸੁਰੱਖਿਅਤ ਇੰਡੋ-ਪੈਸੀਫਿਕ ਖੇਤਰ ਨੂੰ ਸਮਰਥਨ ਦੇਣ ਲਈ ਸਹਿਯੋਗ ਵਧਾਉਣ 'ਤੇ ਵੀ ਚਰਚਾ ਕਰਨਗੇ। ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਅਸਿਸਟੈਂਟ ਸੈਕਟਰੀ ਆਫ ਸਟੇਟ ਡੋਨਾਲਡ ਲੂ ਦੀ ਅਗਵਾਈ 'ਚ ਵਫ਼ਦ 5 ਤੋਂ 8 ਸਤੰਬਰ ਤਕ ਭਾਰਤ 'ਚ ਰਹੇਗਾ। ਲੂ ਅਮਰੀਕਾ-ਭਾਰਤ 2+2 'ਤੇ ਪੂਰਬੀ ਏਸ਼ੀਆਈ ਅਤੇ ਪ੍ਰਸ਼ਾਂਤ ਮਾਮਲਿਆਂ ਦੇ ਬਿਊਰੋ ਦੇ ਰਾਜ ਦੇ ਉਪ ਸਹਾਇਕ ਸਕੱਤਰ ਕੈਮਿਲ ਡਾਸਨ ਅਤੇ ਇੰਡੋ-ਪੈਸੀਫਿਕ ਸੁਰੱਖਿਆ ਮਾਮਲਿਆਂ ਲਈ ਸਹਾਇਕ ਸੱਕਤਰ ਏਲੀ ਰੈਟਨਰ ਨਾਲ ਕਵਾਡ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅੰਤਰ-ਸਮੁੰਦਰੀ ਮੀਟਿੰਗ ਅਤੇ ਸਮੁੰਦਰੀ ਸੁਰੱਖਿਆ ਸੰਵਾਦ।

ਅਮਰੀਕੀ ਵਿਦੇਸ਼ ਵਿਭਾਗ ਨੇ ਇਕ ਬਿਆਨ 'ਚ ਕਿਹਾ ਕਿ ਬੈਠਕ ਦਾ ਮਕਸਦ ਅਮਰੀਕਾ-ਭਾਰਤ ਵਿਆਪਕ ਆਲਮੀ ਰਣਨੀਤਕ ਸਾਂਝੇਦਾਰੀ ਨੂੰ ਡੂੰਘਾ ਕਰਨਾ ਹੈ। ਉਨ੍ਹਾਂ ਕਿਹਾ, "ਵਫ਼ਦ ਸੀਨੀਅਰ ਭਾਰਤੀ ਅਧਿਕਾਰੀਆਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਤਰੀਕਿਆਂ 'ਤੇ ਚਰਚਾ ਕਰੇਗਾ, ਜਿਸ ਨਾਲ ਅਮਰੀਕਾ ਅਤੇ ਭਾਰਤ ਇੱਕ ਆਜ਼ਾਦ ਅਤੇ ਖੁੱਲ੍ਹੇ, ਜੁੜੇ, ਖੁਸ਼ਹਾਲ, ਲਚਕੀਲੇ ਅਤੇ ਸੁਰੱਖਿਅਤ ਇੰਡੋ-ਪੈਸੀਫਿਕ ਖੇਤਰ ਦਾ ਸਮਰਥਨ ਕਰਨ ਲਈ ਸਾਡੇ ਸਹਿਯੋਗ ਨੂੰ ਵਧਾ ਸਕਦੇ ਹਨ।" ਜਿੱਥੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕੀਤਾ ਜਾਂਦਾ ਹੈ।



1925 ਵਿੱਚ ਬਾਬੂ ਜੀ ਨੇ ਅਮਰੀਕਾ ਤੋਂ ਆ ਕੇ ਸਭ ਤੋਂ ਪਹਿਲਾਂ ਆਪਣੇ ਪਿੰਡ ਵਿੱਚ ਇੱਕ ਸਕੂਲ ਖੋਲ੍ਹਿਆ ਜਿੱਥੇ ਆਪਣੀ ਦੱਬੀ ਕੁਚਲੀ ਕੌਮ ਨੂੰ ਜਾਗ੍ਰਿਤ ਕਰਨ ਹਿੱਤ ਮੁੰਡਿਆਂ ਦੇ ਨਾਲ ਨਾਲ ਕੁੜੀਆਂ ਦੀ ਪੜ੍ਹਾਈ ਦਾ ਵੀ ਪਹਿਲ ਦੇ ਆਧਾਰ ਪ੍ਰਬੰਧ ਕੀਤਾ। ਬਾਬੂ ਜੀ ਪਹਿਲਾਂ ਇਕੱਲੇ ਕਲਾਸਾਂ ਲਗਾਉਂਦੇ ਰਹੇ ਫਿਰ ਬੱਚਿਆਂ ਦੀ ਗਿਣਤੀ ਵੱਧਣ ਤੇ ਹੋਰ ਅਧਿਆਪਕਾਂ ਤੋਂ ਵੀ ਸੇਵਾਵਾਂ ਲਈਆਂ। ਉਸੇ ਸਕੂਲ ਦੀ ਬਿਲਡਿੰਗ ਵਿੱਚ 11-12 ਜੂਨ 1926 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦਾ ਬਿਗੁਲ ਵਜਾਇਆ। ਅੱਜ ਅਧਿਆਪਕ ਦਿਵਸ ਦੇ ਮੌਕੇ ਅਜਿਹੇ ਨਿਰਸਵਾਰਥ ਅਤੇ ਮਹਾਨ ਅਧਿਆਪਕਾਂ ਨੂੰ ਪ੍ਰਣਾਮ ਕਰਨ ਲਈ ਸਿਰ ਆਪ ਮੁਹਾਰੇ ਝੁੱਕ ਜਾਂਦਾ ਹੈ। ਕੋਟਿ ਕੋਟਿ ਪ੍ਰਣਾਮ। **-ਪ੍ਰਵੀਨ ਭਟੋਏ**

# ਅਧਿਆਪਕ ਦਿਵਸ ਮੌਕੇ ਸੇਵਾ ਮੁਕਤ ਅਧਿਆਪਕਾਂ ਦਾ ਸਨਮਾਨ

## ਸਵ ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਮਜਾਰੀ ਵਲੋਂ ਸਨਮਾਨ ਸਮਾਗਮ

**ਬੰਗਾ, (ਰੇਸ਼ਮ ਕਰਨਾਣਵੀ)–** ਅਧਿਆਪਕ ਦਿਵਸ ਮੌਕੇ ਪਿੰਡ ਮਜਾਰੀ ਵਿਖੇ ਸਨਮਾਨ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪਿੰਡ ਦੇ ਸੇਵਾ ਮੁਕਤ ਅਧਿਆਪਕਾਂ ਨੂੰ ਪ੍ਰਸੰਸਾ ਪੱਤਰ ਪ੍ਰਦਾਨ ਕੀਤੇ ਗਏ। ਇਹ ਸਨਮਾਨ ਸਵ। ਗੁਲਜ਼ਾਰਾ ਰਾਮ ਯਾਦਗਾਰੀ ਟਰੱਸਟ ਮਜਾਰੀ ਵਲੋਂ ਕੀਤਾ ਗਿਆ। ਸਨਮਾਨ ਹਾਸਲ ਕਰਨ ਵਾਲਿਆਂ ਵਿੱਚ ਸਟੇਟ ਐਵਾਰਡੀ ਸੋਮ ਰਾਜ, ਰੂਪ ਚੰਦ, ਕੁਲ-ਵੀਰ ਕੌਰ, ਰੇਸ਼ਮ ਕੌਰ ਆਦਿ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਪਿੰਡ ਮਜਾਰੀ ਦੇ ਮਿਡਲ ਅਤੇ ਪ੍ਰਾਇਮਰੀ ਸਕੂਲ 'ਚੋਂ ਸੇਵਾ ਮੁਕਤ ਹੋਏ ਕ੍ਰਮਵਾਰ ਜਨਮ ਗੌਤਮ ਅਤੇ ਕਮਲਾ ਦੇਵੀ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡਾ। ਬਖ਼ਸ਼ੀਸ਼ ਸਿੰਘ ਮੁੱਖੀ ਕਰਨ ਹਸਪਤਾਲ ਬੰਗਾ ਅਤੇ ਜਤਿੰਦਰ ਮੋਹਨ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਹਿਲ ਗਾਹਿਲਾਂ ਨੇ ਉਕਤ ਟਰੱਸਟ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਅਧਿਆਪਕ ਵਰਗ ਦੀ ਤੰਦਰੁਸਤੀ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।



ਉਹਨਾਂ ਦੱਸਿਆ ਕਿ ਅਧਿਆਪਕ ਵਰਗ ਸਮਾਜ ਅੰਦਰ ਚਾਨਣ ਮੁਨਾਰਾ ਬਣਕੇ ਕੰਮ ਕਰਦਾ ਹੈ ਅਤੇ ਹਰ ਅਧਿਆਪਕ ਦਾ ਸੁਪਨਾ ਹੁੰਦਾ ਹੈ ਕਿ ਉਸ ਦੇ ਵਿਦਿਆਰਥੀ ਵੱਡੀਆਂ ਪਦਵੀਆਂ ਹਾਸਲ ਕਰਨ। ਸਮਾਗਮ ਦੇ ਮੁੱਖ ਪ੍ਰਬੰਧਕ ਸੁਰਜੀਤ ਮਜਾਰੀ ਨੇ ਕਿਹਾ ਕਿ ਉਹਨਾਂ ਦੇ ਪਿੰਡ ਵਿੱਚੋਂ ਦੋ ਦਰਜਨ ਅਧਿਆਪਕਾਂ ਦਾ ਵੱਖ ਵੱਖ ਵਿੱਦਿਅਕ ਅਦਾਰਿਆਂ ਵਿੱਚ ਸੇਵਾਵਾਂ ਨਿਭਾਉਣਾ ਬਹੁਤ ਮਾਣਮਈ ਹੈ ਅਤੇ ਇਹ ਸਨਮਾਨ ਸਮਾਗਮ ਬੇਦਾਗ ਸੇਵਾ ਮੁਕਤੀ ਤੱਕ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਮਰਪਿਤ ਸੀ।

# ਏਸ਼ੀਆ ਕੱਪ: ਭਾਰਤੀ ਕ੍ਰਿਕਟਰ ਅਰਸ਼ਦੀਪ ਸਿੰਘ ਦਾ ਕੈਚ ਛੱਡਣ ਕਾਰਨ ਸ਼ੋਸ਼ਲ ਮੀਡੀਆ 'ਤੇ ਵਿਰੋਧ

**ਜਲੰਧਰ (ਜੇ ਸਿੰਘ 'ਭਡਿਆਰ')–**ਬੀਤੇ ਦਿਨੀਂ ਸੰਯੁਕਤ ਅਰਬ ਅਮੀਰਾਤ ਵਿਖੇ ਏਸ਼ੀਆ ਕੱਪ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਮੈਚ ਸੀ। ਇਹ ਮੈਚ ਪਾਕਿਸਤਾਨ ਨੇ 5 ਵਿਕਟਾਂ ਨਾਲ ਜਿੱਤ ਲਿਆ। ਅਰਸ਼ਦੀਪ 18ਵੇਂ ਓਵਰ ਵਿੱਚ ਪਾਕਿਸਤਾਨ ਦੇ ਬੱਲੇਬਾਜ਼ ਆਸਿਫ਼ ਅਲੀ ਦਾ ਆਸਾਨ ਕੈਚ ਨਹੀਂ ਲੈ ਸਕਿਆ ਸੀ। ਮੈਚ ਹਾਰਨ ਮਗਰੋਂ ਭਾਰਤੀ ਕ੍ਰਿਕਟਰ ਅਰਸ਼ਦੀਪ ਸਿੰਘ ਦਾ ਟਵਿਟਰ 'ਤੇ ਫਿਰਕਾਪ੍ਰਸਤਾਂ ਵਲੋਂ ਵਿਰੋਧ ਕੀਤਾ ਗਿਆ। ਇਹ ਫਿਰਕਾਪ੍ਰਸਤ ਅਰਸ਼ਦੀਪ ਸਿੰਘ ਨੂੰ ਖ਼ਾਲਿਸਤਾਨੀ ਵੀ ਦੱਸ ਰਹੇ ਹਨ। ਉਸ ਨੂੰ ਵਿਕੀਪੀਡੀਆ ਪੇਜ 'ਤੇ ਵੀ 'ਵੱਖਵਾਦੀ ਖਾਲਿਸਤਾਨੀ ਲਹਿਰ' ਨਾਲ ਸਬੰਧਿਤ ਲਿਖ ਦਿੱਤਾ ਗਿਆ ਹੈ।




### ਅਰਸ਼ਦੀਪ ਦੀ ਪਿੱਠ ਉਪਰ ਪੂਰਾ ਪੰਥ ਖੜਾ-ਜਥੇਦਾਰ ਅਕਾਲ ਤਖ਼ਤ

ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਫਿਰਕੂਆਂ ਨੂੰ ਨਥ ਪਾਵੇ। ਅਰਸ਼ਦੀਪ ਸਿੰਘ ਦੀ ਪਿੱਠ ਉਪਰ ਪੂਰਾ ਪੰਥ ਖੜਾ ਹੈ। ਉਸਨੂੰ ਖੇਡ ਵਿਚ ਇਤਿਹਾਸ ਸਿਰਜਣਾ ਚਾਹੀਦਾ ਹੈ। ਫਿਰਕਾਪ੍ਰਸਤਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ।

### ਸਿਆਸਤਦਾਨਾਂ ਵਲੋਂ ਨਿਖੇਧੀ

'ਆਪ' ਸੰਸਦ ਮੈਂਬਰ ਰਾਘਵ ਚੱਢਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਵੀ ਗੇਂਦਬਾਜ਼ ਦੀ ਪਿੱਠ 'ਤੇ ਆ ਗਏ ਹਨ। 'ਆਪ' ਦੇ ਰਾਜ ਸਭਾ ਮੈਂਬਰ ਅਤੇ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਟਵੀਟ ਕੀਤਾ, "ਨੌਜਵਾਨ ਅਰਸ਼ਦੀਪ ਸਿੰਘ ਦੀ ਆਲੋਚਨਾ ਬੰਦ ਕਰੋ। ਕੋਈ ਜਾਣਬੁੱਝ ਕੇ ਕੈਚ ਨਹੀਂ ਛੱਡਦਾ। ਸਾਨੂੰ ਆਪਣੀ ਟੀਮ 'ਤੇ ਮਾਣ ਹੈ। ਇਸ ਪਲੇਟਫਾਰਮ 'ਤੇ ਖਿਡਾਰੀਆਂ ਬਾਰੇ ਘਟੀਆ ਗੱਲਾਂ ਕਰਨ ਵਾਲਿਆਂ 'ਤੇ ਸ਼ਰਮ ਆਉਂਦੀ ਹੈ। ਅਰਸ਼ਦੀਪ ਖਰਾ ਸੋਨਾ ਹੈ।"

### ਵਿਕੀਪੀਡੀਆ ਅਧਿਕਾਰੀ ਤਲਬ

ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਐਨਸਾਈਕਲੋਪੀਡੀਆ ਪੇਜ ਨੂੰ ਸੰਪਾਦਿਤ ਕਰਨ ਦੇ ਮਾਮਲੇ ਵਿੱਚ ਵਿਕੀਪੀਡੀਆ ਦੇ ਅਧਿਕਾਰੀਆਂ ਨੂੰ ਤਲਬ ਕਰਕੇ ਉਨ੍ਹਾਂ ਨੂੰ ਗ਼ਲਤ ਪ੍ਰਕਾਸ਼ਿਤ ਕੀਤੀ ਗਈ ਜਾਣਕਾਰੀ ਨੂੰ ਫੌਰੀ ਹਟਾਉਣ ਲਈ ਕਿਹਾ ਸੀ। ਹਾਲਾਂਕਿ, ਵਿਕੀਪੀਡੀਆ ਫਾਊਂਡੇਸ਼ਨ ਦੇ ਇੱਕ ਬੁਲਾਰੇ ਨੇ ਕਿਹਾ ਕਿ ਉਸ ਦੀ ਟੀਮ ਨੇ ਸੰਪਾਦਿਤ ਕੀਤੀ ਗ਼ਲਤ ਜਾਣਕਾਰੀ ਨੂੰ ਕੁੱਝ ਮਿੰਟਾਂ ਬਾਅਦ ਹੀ ਹਟਾ ਦਿੱਤਾ ਸੀ।

### ਖੇਡ ਨੂੰ ਖੇਡ ਦੀ ਭਾਵਨਾ ਨਾਲ ਦੇਖਣਾ ਚਾਹੀਦਾ-ਗੜ੍ਹੀ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕ੍ਰਿਕਟ ਖਿਡਾਰੀ ਅਰਸ਼ਦੀਪ ਸਿੰਘ ਦਾ ਸਮਰਥਨ ਕਰਦੇ ਹੋਏ ਉਸ ਵਿਰੁੱਧ ਸੋਸ਼ਲ ਮੀਡੀਆ ਉਤੇ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲਿਆ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜਿੱਤ ਤੇ ਹਾਰ ਖਿਡਾਰੀਆਂ ਵੱਲੋਂ ਖੇਡੀ ਗਈ ਚੰਗੀ ਖੇਡ ਦਾ ਨਤੀਜਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਕ ਖਿਡਾਰੀ ਤੋਂ ਕੈਚ ਸੁੱਟਣ ਤੋਂ ਬਾਅਦ ਉਸ ਨੂੰ ਦੇਸ਼ ਵਿਰੋਧੀ, ਅੱਤਵਾਦੀ ਜਾਂ ਖ਼ਾਲਸਤਾਨੀ ਕਹਿਣਾ ਗਲਤ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਦਿਨੋਂ ਦਿਨ ਘੱਟ ਗਿਣਤੀਆਂ, ਛੋਟੀਆਂ ਜਾਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜੇਕਰ ਕਿਸੇ ਘੱਟ ਗਿਣਤੀ ਜਾਂ ਨੀਵੀਂ ਜਾਤ ਦੇ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਦੇਸ਼ ਵਿਰੋਧੀ, ਖਾਲਿਸਤਾਨੀ, ਅੱਤਵਾਦੀ ਜਾਂ ਪਾਕਿਸਤਾਨੀ ਦੱਸਿਆ ਜਾਂਦਾ ਹੈ। ਜੇਕਰ ਬਹੁਗਿਣਤੀ ਨਾਲ ਸਬੰਧ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਖਿਡਾਰੀ ਦੀ ਆਊਟ ਆਫ ਫਾਰਮ ਕਿਹਾ ਜਾਂਦਾ ਹੈ। ਬਹੁਜਨ ਸਮਾਜ ਪਾਰਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖੇਡ ਨੂੰ ਖੇਡ ਦੀ ਭਾਵਨਾ ਨਾਲ ਹੀ ਦੇਖਣਾ ਚਾਹੀਦਾ ਹੈ, ਨਾ ਕਿ ਕਿਸੇ ਨਫਰਤ ਦੀ ਭਾਵਨਾ ਨਾਲ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬਹੁ ਗਿਣਤੀਆਂ ਨਾਲ ਲੜਾਉਣ ਦੀ ਨੀਤੀ ਦਾ ਸਖ਼ਤ ਵਿਰੋਧ ਕਰਦੀ ਹੋਈ ਲੋਕਾਂ ਨੂੰ ਆਪਸੀ ਸਾਂਝ ਲਈ ਇਕਜੁੱਟ ਕਰੇਗੀ।

# ਪਾਰਟੀ ਖਿਲਾਫ ਪ੍ਰਚਾਰ ਕਰਨ ਕਾਰਨ ਐਡ. ਵਿਜੇ ਬੱਧਣ ਤੇ ਲਲਿਤ ਕੁਮਾਰ ਬਸਪਾ 'ਚੋਂ ਬਰਖਾਸਤ

**ਜਲੰਧਰ–** ਬਹੁਜਨ ਸਮਾਜ ਪਾਰਟੀ ਵੱਲੋਂ ਅਲਾਵਲਪੁਰ ਦੇ 2 ਆਗੂਆਂ ਐਡਵੋਕੇਟ ਵਿਜੇ ਬੱਧਣ ਤੇ ਲਲਿਤ ਕੁਮਾਰ ਕੰਗਣੀਵਾਲ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹੋਣ ਕਾਰਨ ਬਰਖਾਸਤ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਵੱਲੋਂ ਲੰਬੇ ਸਮੇਂ ਤੋਂ ਪਾਰਟੀ ਵਿਰੋਧੀ ਮੁਹਿੰਮ ਚਲਾਈ ਜਾ ਰਹੀ ਸੀ, ਜਿਸ ਕਾਰਨ ਉਹਨਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ ਹੈ। ਪਾਰਟੀ ਦੇ ਅੰਦਰੂਨੀ ਸੂਤਰਾਂ ਅਨੁਸਾਰ ਪਿਛਲੇ ਦਿਨੀਂ ਅਲਾਵਲਪੁਰ ਨਗਰ ਕੌਂਸਲ ਦੀਆਂ ਹੋਈਆਂ ਚੋਣਾਂ ਵਿਚ ਦੋ ਬਸਪਾ ਆਗੂਆਂ ਨੂੰ ਕਾਂਗਰਸ ਦੇ ਹੱਕ ਵਿਚ ਭੁਗਤਾਇਆ ਗਿਆ, ਤਾਂ ਜੋ ਕਾਂਗਰਸ ਨਗਰ ਕੌਂਸਲ 'ਤੇ ਕਬਜ਼ਾ ਕਰ ਸਕੇ। ਇੰਨਾ ਹੀ ਨਹੀਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਦੋਵਾਂ ਆਗੂਆਂ ਵੱਲੋਂ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦਾ ਗਠਨ ਕੀਤਾ ਗਿਆ ਤਾਂ ਵਿਜੇ ਬੱਧਣ ਅਤੇ ਲਲਿਤ ਕੁਮਾਰ ਨੇ ਖੁੱਲ੍ਹ ਕੇ ਇਸ ਗਠਜੋੜ ਦਾ ਵਿਰੋਧ ਕੀਤਾ ਅਤੇ ਇੰਨਾ ਹੀ ਨਹੀਂ ਵਿਧਾਨ ਸਭਾ ਚੋਣਾਂ ਦੌਰਾਨ ਆਦਮਪੁਰ ਤੋਂ ਬਸਪਾ ਕਾਡਰ ਨੂੰ ਕਾਂਗਰਸ ਨੂੰ ਵੋਟਾਂ ਪੁਆਈਆਂ, ਜਿਸ 'ਤੇ ਅੱਜ ਬਸਪਾ ਮੁਖੀ ਕੁਮਾਰੀ ਮਾਇਆਵਤੀ ਦੇ ਹੁਕਮਾਂ ਤੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਸ਼ੇਰਪੁਰੀ ਦੀ ਸਿਫਾਰਸ਼ 'ਤੇ ਦੋਵਾਂ ਨੂੰ ਪਾਰਟੀ 'ਚੋਂ ਬਰਖਾਸਤ ਕਰ ਦਿੱਤਾ ਗਿਆ।

# ਦਲਿਤ ਲੜਕੀਆਂ ਵੱਲੋਂ ਪਰੋਸਿਆ ਭੋਜਨ ਸੁੱਟਣ ਲਈ ਕਹਿਣ ਵਾਲਾ ਗ੍ਰਿਫ਼ਤਾਰ

**ਉਦੈਪੁਰ–**ਬੀਤੇ ਦਿਨੀਂ ਰਾਜਸਥਾਨ ਦੇ ਉਦੈਪੁਰ ਜ਼ਿਲ੍ਹੇ ਵਿੱਚ ਸਰਕਾਰੀ ਸਕੂਲ ਦੇ ਰਸੋਈਏ ਨੂੰ ਦੋ ਦਲਿਤ ਵਿਦਿਆਰਥਣਾਂ ਨਾਲ ਵਿਤਕਰਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਬਾਰੌੜੀ ਇਲਾਕੇ ਦੇ ਸਰਕਾਰੀ ਅੱਪਰ ਪ੍ਰਾਇਮਰੀ ਸਕੂਲ ਵਿੱਚ ਦਲਿਤ ਵਿਦਿਆਰਥਣਾਂ ਵੱਲੋਂ ਲਾਲਾ ਰਾਮ ਗੁੱਜਰ ਵੱਲੋਂ ਤਿਆਰ ਕੀਤਾ ਮਿਡ-ਡੇ-ਮੀਲ ਪਰੋਸਿਆ ਸੀ। ਪੁਲੀਸ ਨੇ ਦੱਸਿਆ ਕਿ ਲਾਲਾਰਾਮ ਨੇ ਇਸ 'ਤੇ ਇਤਰਾਜ਼ ਕੀਤਾ ਅਤੇ ਖਾਣਾ ਖਾ ਰਹੇ ਵਿਦਿਆਰਥੀਆਂ ਨੂੰ ਇਸ ਨੂੰ ਸੁੱਟਣ ਲਈ ਕਿਹਾ ਕਿਉਂਕਿ ਇਹ ਦਲਿਤ ਵਿਦਿਆਰਥਣਾਂ ਦੁਆਰਾ ਪਰੋਸਿਆ ਗਿਆ ਸੀ। ਉਸ ਦੇ ਕਹਿਣ 'ਤੇ ਵਿਦਿਆਰਥਣਾਂ ਨੇ ਖਾਣਾ ਸੁੱਟ ਦਿੱਤਾ।





**ਐਸ ਡੀ ਐਮ ਪੱਟੀ ਦਫ਼ਤਰ ਅੱਗੇ ਲੱਗਾ ਮੋਰਚਾ 25ਵੇ ਦਿਨ ਵਿੱਚ ਦਾਖਲ, 8 ਸਤੰਬਰ ਨੂੰ ਵੱਡਾ ਇਕੱਠ ਕਰਕੇ ਹੋਵੇਗਾ ਤਿੱਖੇ ਸੰਘਰਸ਼ ਦਾ ਐਲਾਨ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਪੱਟੀ ਦੀ ਮੀਟਿੰਗ ਗੁਰਦੁਆਰਾ ਭੱਗੂਪੁਰ ਵਿਖੇ ਗੁਰਜੰਟ ਸਿੰਘ ਭੱਗੂਪੁਰ ਤੇ ਹਰਿੰਦਰ ਸਿੰਘ ਆਸਲ,ਰੂਪ ਸਿੰਘ ਸੈਦੋ ਤੇ ਜੁਗਰਾਜ ਸਿੰਘ ਤੇ ਚਾਣਨ ਸਿੰਘ ਬੰਗਲਾਰਾਏ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋ ਚਾਹਲ ਤਰਸੇਮ ਸਿੰਘ ਧਾਰੀਵਾਲ।

## ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜੇਸ਼ਨਜ਼ ਵੱਲੋਂ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਸ਼ਾਨਦਾਰ ਸਮਾਗਮ ਕਰਵਾਇਆ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜੇਸ਼ਨਜ਼ ਸਕਾਟਲੈਂਡ ਵਿੱਚ ਭਾਰਤੀ ਭਾਈਚਾਰੇ ਨਾਲ ਸੰਬੰਧਤ ਸੰਸਥਾਵਾਂ ਲਈ ਛੱਤਰੀ ਵਾਂਗ ਕੰਮ ਕਰ ਰਹੀ ਸੰਸਥਾ ਹੈ। ਏਆਈਓ ਦੀ ਟੀਮ ਹਰ ਸਮਾਗਮ ਸਮਰਪਣ ਭਾਵਨਾ ਨਾਲ ਕਰਦੀ ਆਈ ਹੈ। ਬੀਤੇ ਦਿਨ ਭਾਰਤ ਦੀ ਆਜਾਦੀ ਦੀ 75ਵੀਂ ਵਰ੍ਹੇ-ਗੰਢ ਦੇ ਸੰਬੰਧ ਵਿੱਚ "ਆਜਾਦੀ ਕਾ ਅੰਮ੍ਰਿਤ ਮਹਾਂਉਤਸਵ" ਸਮਾਗਮ ਕਰਵਾਇਆ ਗਿਆ।





ਇਸ ਸਮਾਗਮ ਦੀ ਖਾਸੀਅਤ ਇਹ ਸੀ ਕਿ ਜਿੱਥੇ ਪ੍ਰਬੰਧ ਪੱਖੋਂ ਕੋਈ ਕਮੀ ਨਹੀਂ ਸੀ, ਉੱਥੇ ਸਕਾਟਲੈਂਡ ਦੀ ਕੋਈ ਅਜਿਹੀ ਸੰਸਥਾ ਜਾਂ ਅਦਾਰਾ ਨਹੀਂ ਸੀ, ਜਿਸਨੇ ਸ਼ਮੂਲੀਅਤ ਨਾ ਕੀਤੀ ਹੋਵੇ। ਲਗਭਗ ਚਾਰ ਘੰਟੇ ਚੱਲੇ ਸਮਾਗਮ ਦੌਰਾਨ ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਸ੍ਰੀ ਬਿਜੇ ਸੇਲਵਰਾਜ, ਸ੍ਰੀ ਸੱਤਿਆਵੀਰ ਸਿੰਘ ਨੇ ਆਪਣੇ ਪਰਿਵਾਰਾਂ ਸਮੇਤ ਇਸ ਸਮਾਗਮ ਵਿੱਚ ਹਾਜ਼ਰ ਹੋਏ। ਸਮਾਗਮ ਦੀ ਸ਼ੁਰੂਆਤ ਐਸੋਸੀਏਸ਼ਨ ਆਫ ਇੰਡੀਅਨ ਆਰਗੇਨਾਈਜੇਸ਼ਨਜ਼ ਦੀ ਸਕੱਤਰ ਸ੍ਰੀਮਤੀ ਮਰਿਦੁਲਾ ਚਕਰਬਰਤੀ ਵੱਲੋਂ ਸਮਾਗਮ ਦੀ ਰਸਮੀ ਸ਼ੁਰੂਆਤ ਕਰਨ ਨਾਲ ਹੋਈ। ਰਾਸ਼ਟਰੀ ਗਾਣ ਦੀ ਪੇਸ਼ਕਾਰੀ ਮੌਕੇ ਸਮਾਗਮ 'ਚ ਹਾਜ਼ਰ ਹਰ ਕਿਸੇ ਨੇ ਖੜ੍ਹੇ ਹੋ ਕੇ ਸੁਰ 'ਚ ਸੁਰ ਮਿਲਾਈ। ਇਸ ਉਪਰੰਤ ਏਆਈਓ ਦੇ ਪ੍ਰਧਾਨ ਅਮ੍ਰਿਤਪਾਲ ਕੌਸ਼ਲ (ਐਮ ਬੀ ਈ) ਵੱਲੋਂ ਸੰਸਥਾ ਦੇ ਲੰਮੇ ਸੰਘਰਸ਼ ਤੇ ਸਫ਼ਰ ਨੂੰ ਹਾਜ਼ਰੀਨ ਦੇ ਸਨਮੁੱਖ ਪੇਸ਼ ਕੀਤਾ।

ਇਸ ਸਮੇਂ ਦੇਸੀ ਬਰੇਵ ਹਾਰਟ ਦੀਆਂ ਕਲਾਕਾਰਾਂ ਵੱਲੋਂ ਨ੍ਰਿਤ ਦੀ ਪੇਸ਼ਕਾਰੀ ਰਾਹੀਂ ਭਰਪੂਰ ਵਾਹ-ਵਾਹ ਖੱਟੀ। ਇਸ ਉਪਰੰਤ ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਆਈਆਂ ਆਈਸੀਸੀਆਰ ਟਰੁੱਪ ਦੀਆਂ ਨ੍ਰਿਤਕ ਕਲਾਕਾਰਾਂ ਵੱਲੋਂ ਭਾਰਤ ਨਾਟਿਅਮ, ਕਥਕ ਸਮੇਤ ਹੋਰ ਵੀ ਪੇਸ਼ਕਾਰੀਆਂ ਰਾਹੀਂ ਆਪਣੀ ਦਮਦਾਰ ਕਲਾ ਦਾ ਲੋਹਾ ਮੰਨਵਾਇਆ। ਇਸ ਸਮੇਂ ਆਪਣੇ ਸੰਬੋਧਨ ਦੌਰਾਨ ਮਰਿਦੁਲਾ ਚਕਰਬਰਤੀ ਨੇ ਕੋਵਿਡ ਦੇ ਬੁਰੇ ਦੌਰ ਵਿੱਚ ਭਾਰਤ ਤੋਂ ਆਏ ਵਿਦਿਆਰਥੀਆਂ ਦੀਆਂ ਫੀਸਾਂ ਦੇ ਰੂਪ ਵਿੱਚ ਆਰਥਿਕ ਮਦਦ, ਉਹਨਾਂ ਦੀ ਮਾਨਸਿਕ ਸਿਹਤ ਸੰਬੰਧੀ ਵਿਸ਼ੇਸ਼ ਮਦਦ ਦੇ ਨਾਲ ਕੀਤੀ ਹਰ ਸੰਭਵ ਸਹਾਇਤਾ ਬਾਰੇ ਵੀ ਚਾਨਣਾ ਪਾਇਆ ਗਿਆ।

ਸੰਸਥਾ ਦੇ ਮੀਤ ਪ੍ਰਧਾਨ ਸੋਹਣ ਸਿੰਘ ਰੰਧਾਵਾ ਵੱਲੋਂ ਏਆਈਓ ਦੀ ਸਮੁੱਚੀ ਟੀਮ ਦੀ ਹਾਜ਼ਰੀਨ ਨਾਲ ਜਾਣ ਪਹਿਚਾਣ ਕਰਵਾਉਣ ਲਈ ਮੰਚ 'ਤੇ ਇੱਕ ਇੱਕ ਕਰਕੇ ਬੁਲਾਇਆ ਗਿਆ। ਨਾਲ ਹੀ ਉਹਨਾਂ ਸੰਸਥਾ ਦੀਆਂ ਮਦਦਗਾਰ ਭਾਈਚਾਰੇ ਦੀਆਂ ਹਸਤੀਆਂ ਦਾ ਵੀ ਹਾਜਰੀਨ ਨਾਲ ਤੁਆਰਫ ਕਰਵਾਇਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਕੌਂਸਲ ਜਨਰਲ ਆਫ ਇੰਡੀਆ ਐਡਿਨਬਰਾ ਬਿਜੇ ਸੇਲਵਰਾਜ ਨੇ ਬੇਹੱਦ ਸ਼ਾਨਦਾਰ ਸਮਾਗਮ ਦਾ ਆਯੋਜਨ ਕਰਨ ਲਈ ਪ੍ਰਬੰਧਕੀ ਟੀਮ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਨਿੱਕੀਆਂ ਬੱਚੀਆਂ ਵੱਲੋਂ ਕੀਤਾ ਗਿਆ ਨਾਚ ਅਮਿਟ ਛਾਪ ਛੱਡ ਗਿਆ। ਸਮਾਗਮ ਦੇ ਅਖੀਰ ਵਿੱਚ ਸ੍ਰੀਮਤੀ ਸ਼ੀਲਾ ਮੁਖਰਜੀ ਨੇ ਦੂਰ ਦੁਰਾਡੇ ਤੋਂ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਪਹੁੰਚੇ ਹਰ ਸਖਸ਼ ਦਾ ਧੰਨਵਾਦ ਕੀਤਾ। ਉਹਨਾਂ ਭਵਿੱਖ ਵਿੱਚ ਵੀ ਹੋਣ ਵਾਲੇ ਸਮਾਗਮਾਂ ਲਈ ਇਸੇ ਤਰ੍ਹਾਂ ਦਾ ਸਹਿਯੋਗ ਦੇਣ ਦੀ ਉਮੀਦ ਪ੍ਰਗਟਾਈ।

ਇਸ ਤਰ੍ਹਾਂ ਸ਼ਾਨਦਾਰ ਪ੍ਰਬੰਧਾਂ ਅਧੀਨ ਹੋਇਆ ਇਹ ਸਮਾਗਮ ਅਗਲੇ ਵਰ੍ਹੇ ਮੁੜ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਇਆ।

# ਐਮਪੀ ਤਨਮਨਜੀਤ ਸਿੰਘ ਢੇਸੀ ਨੇ ਪੁਆਈ ਸੰਤ ਸੀਚੇਵਾਲ ਦੀ ਪਾਰਲੀਮੈਂਟ ਦੇ ਦੋ ਸਦਨਾਂ 'ਚ ਫੇਰੀ







**ਲੰਡਨ/ਗਲਾਸਗੋ–** ਉੱਘੇ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਇਹਨੀਂ ਦਿਨੀਂ ਬਰਤਾਨੀਆ ਫੇਰੀ 'ਤੇ ਹਨ। ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਵੱਲੋਂ ਸੰਤ ਸੀਚੇਵਾਲ ਨੂੰ ਬਰਤਾਨੀਆ ਦੀ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੀ ਫੇਰੀ ਪੁਆਈ ਗਈ। ਤਨਮਨਜੀਤ ਸਿੰਘ ਢੇਸੀ ਨੇ ਸੰਤ ਬਲਵੀਰ ਸਿੰਘ ਸੀਚੇਵਾਲ ਨੂੰ ਪਾਰਲੀਮੈਂਟ ਦੇ ਦੋਹਾਂ ਸਦਨਾਂ ਦੇ ਕੰਮਕਾਜੀ ਢਾਂਚੇ ਅਤੇ ਕਾਰਵਾਈ ਤੋਂ ਜਾਣੂ ਕਰਵਾਇਆ। ਜ਼ਿਕਰਯੋਗ ਹੈ ਕਿ ਰਾਜ ਸਭਾ ਮੈਂਬਰ ਬਣਨ ਤੋਂ ਬਾਅਦ ਸੰਤ ਸੀਚੇਵਾਲ ਪਹਿਲੀ ਵਾਰ ਇੰਗਲੈਂਡ ਆਏ ਹਨ। ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ, ਸਿੱਖ ਚਿੰਤਕ ਭਗਵਾਨ ਸਿੰਘ ਜੌਹਲ, ਮਨਜੀਤ ਸਿੰਘ ਸ਼ਾਲਾਪੁਰ, ਜਸਵਿੰਦਰ ਸਿੰਘ ਕਾਲਾ ਤੇ ਮਨਜੀਤ ਸਿੰਘ ਭੋਗਲ ਦੀ ਹਾਜ਼ਰੀ ਵਿੱਚ ਸੰਤ ਸੀਚੇਵਾਲ ਨੇ ਤਨਮਨਜੀਤ ਸਿੰਘ ਢੇਸੀ ਵੱਲੋਂ ਬਰਤਾਨੀਆ ਦੀ ਪਾਰਲੀਮੈਂਟ ਵਿੱਚ ਮਨੁੱਖੀ ਅਧਿਕਾਰਾਂ ਦੀ ਲੜੀ ਜਾ ਰਹੀ ਲੜਾਈ ਸੰਬੰਧੀ ਮੁਬਾਰਕਬਾਦ ਪੇਸ਼ ਕੀਤੀ। ਉਹਨਾਂ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਹੁੰਦੇ ਅਣਮਨੁੱਖੀ ਵਰਤਾਰਿਆਂ ਖਿਲਾਫ ਤਨਮਨਜੀਤ ਸਿੰਘ ਢੇਸੀ ਸੱਚ ਦੀ ਆਵਾਜ਼ ਬਣਦੇ ਹਨ। ਸੰਤ ਸੀਚੇਵਾਲ ਨੇ ਤਨਮਨ-ਜੀਤ ਸਿੰਘ ਨਾਲ ਗੱਲਬਾਤ ਕਰਦਿਆ ਵੱਧ ਰਹੀ ਆਲਮੀ ਤਪਸ਼ 'ਤੇ ਵੀ ਡੂੰਘੀ ਚਿੰਤਾ ਜਾਹਿਰ ਕੀਤੀ। ਮੈਂਬਰ ਪਾਰਲੀਮੈਂਟ ਢੇਸੀ ਵੱਲੋਂ ਆਪਣੇ ਰੁਝੇਵਿਆਂ ਨੂੰ ਭੁੱਲ ਕੇ ਸਾਰਾ ਦਿਨ ਸੰਤ ਸੀਚੇਵਾਲ ਅਤੇ ਮਹਿਮਾਨਾਂ ਦੀ ਆਓ ਭਗਤ ਲੇਖੇ ਲਾਇਆ। ਉਹਨਾਂ ਲੰਡਨ ਦੀਆਂ ਇਤਿਹਾਸਕ ਥਾਵਾਂ ਦੇ ਦੀਦਾਰੇ ਵੀ ਕਰਵਾਏ। ਉਹਨਾਂ ਕਿਹਾ ਕਿ ਸੰਤ ਬਲਵੀਰ ਸਿੰਘ ਸੀਚੇਵਾਲ ਜੀ ਦੇ ਕੰਮਾਂ ਅੱਗੇ ਸਭ ਕੁਝ ਬੌਣਾ ਹੈ।





ਉਨ੍ਹਾਂ ਕਿਹਾ ਕਿ ਸੰਤ ਸੀਚੇਵਾਲ ਜੀ ਦੇ ਸਿਰਤੋੜ ਯਤਨਾਂ ਸਦਕਾ ਪੰਜਾਬ ਵਿੱਚ ਵਾਤਾਵਰਨ ਲਹਿਰ ਦਾ ਪਿੜ ਬੱਝਾ ਹੈ। ਇਸ ਸਮੇਂ ਗੱਲਬਾਤ ਕਰਦਿਆਂ ਮਨਜੀਤ ਸਿੰਘ ਸ਼ਾਲਾਪੁਰੀ ਨੇ ਕਿਹਾ ਕਿ ਜੇ ਸੰਤ ਸੀਚੇਵਾਲ ਜੀ ਵਰਗੇ ਹੀਰੇ ਪੰਜਾਬ ਦੀ ਧਰਤੀ 'ਤੇ ਮੌਜੂਦ ਹਨ ਤਾਂ ਬਰਤਾਨੀਆ ਦੀ ਧਰਤੀ ਦਾ ਹੀਰਾ ਤਨਮਨਜੀਤ ਸਿੰਘ ਢੇਸੀ ਜੀ ਹਨ। ਦੋਵਾਂ ਸਖਸ਼ੀਅਤਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਵਡਿਆਈ ਲਈ ਲਫਜ਼ਾ ਦੀ ਥੁੜ੍ਹ ਮਹਿਸੂਸ ਹੋਣ ਲਗਦੀ ਹੈ। ਉਹਨਾਂ ਜਿੱਥੇ ਸੰਤ ਸੀਚੇਵਾਲ ਜੀ ਨੂੰ ਖੁਸ਼ਆਮਦੀਦ ਕਿਹਾ ਉੱਥੇ ਤਨਮਨਜੀਤ ਸਿੰਘ ਢੇਸੀ ਵੱਲੋਂ ਉਹਨਾਂ ਲੇਖੇ ਲਾਏ ਦਿਨ ਲਈ ਧੰਨਵਾਦ ਵੀ ਕੀਤਾ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸਾਰੇ ਕੈਦੀ ਸੁਭਾਅ ਤੋਂ ਅਪਰਾਧੀ ਨਹੀਂ ਹੁੰਦੇ- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ

**ਅਹਿਮਦਾਬਾਦ –** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਗੁਜਰਾਤ ਦੇ ਇੱਕ ਦਿਨ ਦੌਰੇ 'ਤੇ ਹਨ। ਸ਼ਡਿਊਲ ਦੇ ਹਿੱਸੇ ਵਜੋਂ, ਸ਼ਾਹ ਨੇ ਸਭ ਤੋਂ ਪਹਿਲਾਂ ਅਹਿਮਦਾਬਾਦ ਵਿੱਚ ਸਮਾਰਟ ਸਕੂਲਾਂ ਦਾ ਉਦਘਾਟਨ ਕੀਤਾ। ਇਸ ਤੋਂ ਬਾਅਦ ਉਹ ਆਲ ਇੰਡੀਆ ਜੇਲ੍ਹ ਡਿਊਟੀ ਮੀਟ 'ਚ ਹਿੱਸਾ ਲੈਣ ਆਏ। ਇਸ ਮੌਕੇ ਗ੍ਰਹਿ ਮੰਤਰੀ ਨੇ ਕਿਹਾ ਕਿ ਸਮਾਜ ਨੂੰ ਜੇਲ੍ਹ ਪ੍ਰਤੀ ਆਪਣਾ ਰਵੱਈਆ ਬਦਲਣ ਦੀ ਲੋੜ ਹੈ। ਅਮਿਤ ਸ਼ਾਹ ਨੇ ਕਿਹਾ ਕਿ ਜੇਲ੍ਹ ਵਿੱਚ ਬੰਦ ਹਰ ਵਿਅਕਤੀ ਜਨਮ ਤੋਂ ਅਪਰਾਧੀ ਨਹੀਂ ਹੁੰਦਾ। ਕਈ ਵਾਰ ਹਾਲਾਤ ਉਸ ਨੂੰ ਅਪਰਾਧ ਕਰਨ ਲਈ ਮਜਬੂਰ ਕਰਦੇ ਹਨ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਸਮਾਜ ਨੂੰ ਤੰਦਰੁਸਤ ਰੱਖਣ ਲਈ ਅਪਰਾਧੀਆਂ ਨੂੰ ਸਜ਼ਾ ਦੇਣਾ ਵੀ ਜ਼ਰੂਰੀ ਹੈ। ਜੇ ਸਜ਼ਾ ਨਾ ਮਿਲੀ ਤਾਂ ਡਰ ਨਹੀਂ ਰਹੇਗਾ। ਜਦੋਂ ਕੋਈ ਡਰ ਨਹੀਂ ਹੁੰਦਾ, ਤਾਂ ਅਨੁਸ਼ਾਸਨ ਕਾਇਮ ਨਹੀਂ ਰੱਖਿਆ ਜਾ ਸਕਦਾ। ਅਮਿਤ ਸ਼ਾਹ ਨੇ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਨੂੰ ਸਮਾਜ ਵਿੱਚ ਉਨ੍ਹਾਂ ਲੋਕਾਂ ਨੂੰ ਬਹਾਲ ਕਰਨ ਲਈ ਪਹਿਲ ਕਰਨੀ ਚਾਹੀਦੀ ਹੈ ਜੋ ਪੈਦਾ ਨਹੀਂ ਹੋਏ ਹਨ ਅਤੇ ਸੁਭਾਅ ਤੋਂ ਅਪਰਾਧੀ ਹਨ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਅਹਿ-ਮਦਾਬਾਦ ਵਿੱਚ 4 ਸਮਾਰਟ ਸਕੂਲਾਂ ਦਾ ਉਦਘਾਟਨ ਕੀਤਾ। ਗ੍ਰਹਿ ਮੰਤਰੀ ਨੇ ਉਦਘਾਟਨੀ ਸਮਾਰੋਹ ਵਿੱਚ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅਹਿਮਦਾਬਾਦ ਸ਼ਹਿਰ ਵਿੱਚ 22 ਅਨੁਪਮ ਸਮਾਰਟ ਸਕੂਲ ਤਿਆਰ ਹਨ ਅਤੇ ਇਨ੍ਹਾਂ ਵਿੱਚੋਂ ਚਾਰ ਸਕੂਲ ਅੱਜ ਸ਼ੁਰੂ ਕੀਤੇ ਜਾ ਰਹੇ ਹਨ।

# ਕੈਨੇਡਾ 'ਚ ਪੰਜਾਬੀ ਫ਼ਿਲਮ ਨਿਰਮਾਤਾ ਦਾ ਕਤਲ



**ਸਰੀ–** ਵਿਦੇਸ਼ਾਂ ਵਿਚ ਰੋਜ਼ੀ ਰੋਟੀ ਲਈ ਜਾਣ ਵਾਲੇ ਭਾਰਤੀਆਂ ਦੀਆਂ ਅਣਸੁਖਾਵੀ ਘਟਨਾਵਾਂ ਦੀਆਂ ਖਬਰਾਂ ਅਉਂਦੀਆਂ ਰਹਿੰਦੀਆਂ ਹਨ। ਕੈਨੇਡਾ ਦੇ ਸ਼ਹਿਰ ਸਰੀ ਦੇ 14100 ਬਲਾਕ ਦੇ 61 ਐਵੇਨਿਊ ਦੇ ਨੇੜੇ ਗੁਆਂਢੀਆਂ ਨਾਲ ਹੋਏ ਝਗੜੇ ਵਿਚ ਪੰਜਾਬੀ ਮੂਲ ਦੇ ਫ਼ਿਲਮ ਨਿਰਮਾਤਾ ਮਨਬੀਰ ਮਨੀ ਅਮਰ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹ ਝਗੜਾ ਇਕੋਲ ਵੁਡਵਰਡ ਹਿੱਲ ਦੇ ਨੇੜੇ ਦੁਪਹਿਰ 2:00 ਵਜੇ ਦੇ ਕਰੀਬ ਹੋਇਆ ਸੀ। ਪੁਲਸ ਨੇ ਮਨਬੀਰ ਮਨੀ ਅਮਰ ਦੇ ਕਤਲ ਦੇ ਦੋਸ਼ ਹੇਠ ਇਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਪਰ ਉਸ ਦਾ ਨਾਂ ਜ਼ਾਹਰ ਨਹੀਂ ਕੀਤਾ ਹੈ। ਸਰੀ ਆਰਸੀਐਮਪੀ ਨੂੰ ਦੋ ਆਦਮੀਆਂ ਵਿਚਕਾਰ ਝਗੜੇ ਦੀਆਂ ਰਿਪੋਰਟਾਂ ਤੋਂ ਬਾਅਦ ਦੱਖਣੀ ਨਿਊਟਨ ਵਿੱਚ 61 ਐਵੇਨਿਊ ਵਿੱਚ ਬੁਲਾਇਆ ਗਿਆ ਸੀ। ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਧਿਕਾਰੀਆਂ ਨੇ ਅਮਰ ਨੂੰ ਜ਼ਖਮੀ ਹਾਲਤ ਵਿੱਚ ਪਾਇਆ ਅਤੇ ਬਾਅਦ ਵਿੱਚ ਉਸਦੀ ਮੌਤ ਹੋ ਗਈ। ਇੰਟੈਗ੍ਰੇਟੇਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐੱਚਆਈਟੀ) ਦੇ ਮੀਡੀਆ ਰਿਲੇਸ਼ਨ ਅਫਸਰ ਟਿਮੋਥੀ ਪਿਰੋਟੀ ਨੇ ਕਿਹਾ ਕਿ ਇਹ ਦੋ ਗੁਆਂਢੀਆਂ ਵਿਚਕਾਰ ਲੜਾਈ ਦਾ ਮਾਮਲਾ ਸੀ।

# ਭਗਵਾ ਨੀਤੀ ਤਹਿਤ ਅਰਸ਼ਦੀਪ ਦੇ ਬਹਾਨੇ ਸਿੱਖਾਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ : ਜਸਵੀਰ ਸਿੰਘ ਗੜ੍ਹੀ



**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕ੍ਰਿਕਟ ਖਿਡਾਰੀ ਅਰਸ਼ਦੀਪ ਸਿੰਘ ਦਾ ਸਮਰਥਨ ਕਰਦੇ ਹੋਏ ਉਸ ਵਿਰੁੱਧ ਸੋਸ਼ਲ ਮੀਡੀਆ ਉਤੇ ਕੂੜ ਪ੍ਰਚਾਰ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲਿਆ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜਿੱਤ ਤੇ ਹਾਰ ਖਿਡਾਰੀਆਂ ਵੱਲੋਂ ਖੇਡੀ ਗਈ ਚੰਗੀ ਖੇਡ ਦਾ ਨਤੀਜਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਕ ਖਿਡਾਰੀ ਤੋਂ ਕੈਚ ਸੁੱਟਣ ਤੋਂ ਬਾਅਦ ਉਸ ਨੂੰ ਦੇਸ਼ ਵਿਰੋਧੀ, ਅੱਤਵਾਦੀ ਜਾਂ ਖ਼ਾਲਸਤਾਨੀ ਕਹਿਣਾ ਨਾਗਪੁਰ ਦੇ ਇਸ਼ਾਰਿਆਂ ਤੇ ਭਗਵਾ ਨੀਤੀ ਤਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰਐਸਐਸ ਦੀ ਭਗਵਾ ਨੀਤੀ ਦੇ ਤਹਿਤ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਦਿਨੋਂ ਦਿਨ ਘੱਟ ਗਿਣਤੀਆਂ, ਛੋਟੀਆਂ ਜਾਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵਾ ਨੀਤੀ ਤਹਿਤ ਇਸਾਈਆਂ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਤੋਂ ਬਾਅਦ ਹੁਣ ਸਿੱਖਾਂ ਉਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡ ਦੇ ਮੈਦਾਨ ਵਿੱਚ ਜੇਕਰ ਕਿਸੇ ਘੱਟ ਗਿਣਤੀ ਜਾਂ ਨੀਵੀਂ ਜਾਤ ਦੇ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਦੇਸ਼ ਵਿਰੋਧੀ, ਖਾਲਿਸਤਾਨੀ, ਅੱਤਵਾਦੀ ਜਾਂ ਪਾਕਿਸਤਾਨੀ ਦੱਸਿਆ ਜਾਂਦਾ ਹੈ। ਜੇਕਰ ਬਹੁਗਿਣਤੀ ਨਾਲ ਸਬੰਧ ਖਿਡਾਰੀ ਤੋਂ ਕੈਚ ਸੁੱਟ ਜਾਵੇ ਤਾਂ ਉਸ ਨੂੰ ਖਿਡਾਰੀ ਦੀ ਆਊਟ ਆਫ ਫਾਰਮ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੁਝ ਮੀਡੀਆ ਅਦਾਰੇ ਵੀ ਭਗਵਾ ਨੀਤੀ ਉਤੇ ਚਲਦੇ ਹੋਏ ਇਸ ਨੂੰ ਬੇਲੋੜਾ ਮੁੱਦਾ ਬਣਾ ਰਹੇ ਹਨ। ਬਹੁਜਨ ਸਮਾਜ ਪਾਰਟੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਖੇਡ ਨੂੰ ਖੇਡ ਦੀ ਭਾਵਨਾ ਨਾਲ ਹੀ ਦੇਖਣਾ ਚਾਹੀਦਾ ਹੈ, ਨਾ ਕਿ ਕਿਸੇ ਨਫਰਤ ਦੀ ਭਾਵਨਾ ਨਾਲ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬਹੁ ਗਿਣਤੀਆਂ ਨਾਲ ਲੜਾਉਣ ਦੀ ਨੀਤੀ ਦਾ ਸਖਤ ਵਿਰੋਧ ਕਰਦੀ ਹੋਈ ਲੋਕਾਂ ਨੂੰ ਆਪਸੀ ਸਾਂਝ ਲਈ ਇਕਜੁੱਟ ਕਰੇਗੀ।

# ਚਾਰ ਜੇਲ੍ਹਾਂ 'ਚ ਰਚਿਆ ਮੂਸੇਵਾਲਾ ਕਤਲ ਕਾਂਡ ਦਾ ਚੱਕਰਵਿਊ

**ਬਠਿੰਡਾ–**ਪੰਜਾਬ ਦੀਆਂ ਜੇਲ੍ਹਾਂ ਖ਼ਤਰਨਾਕ ਅਪਰਾਧੀਆਂ ਲਈ ਪਨਾਹਗਾਹ ਸਾਬਤ ਹੋ ਰਹੀਆਂ ਹਨ। ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਦੇ ਮਾਮਲੇ ਵਿਚ ਇਕ ਹੋਰ ਵੱਡਾ ਖ਼ੁਲਾਸਾ ਹੋਇਆ ਹੈ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਅੰਜਾਮ ਦੇਣ ਲਈ ਦਿੱਲੀ ਤੋਂ ਪੰਜਾਬ ਤੱਕ ਚਾਰ ਜੇਲ੍ਹਾਂ ਵਿਚ ਸਾਜ਼ਿਸ਼ ਘੜੀ ਗਈ ਸੀ। ਇਹ ਖ਼ੁਲਾਸਾ ਮਾਨਸਾ ਦੀ ਅਦਾਲਤ ਵਿਚ ਪੁਲਸ ਵਲੋਂ ਦਾਇਰ ਕੀਤੀ ਗਈ ਚਾਰਜਸ਼ੀਟ ਵਿੱਚ ਹੋਇਆ ਹੈ। 29 ਮਈ ਨੂੰ ਸਿੱਧੂ ਮੂਸੇਵਾਲਾ ਦਾ ਕਤਲ ਹੋਣ 'ਤੇ ਇਸ ਕਤਲ ਕਾਂਡ ਵਿਚ ਪੰਜ ਮੁਲਜ਼ਮ ਪੰਜਾਬ ਅਤੇ ਦਿੱਲੀ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਕੈਦ ਕੱਟ ਰਹੇ ਸਨ। 26 ਅਗਸਤ ਨੂੰ ਦਾਇਰ ਕੀਤੀ ਗਈ ਚਾਰਜਸ਼ੀਟ ਅਨੁਸਾਰ ਮੁੱਖ ਸਾਜ਼ਿਸ਼ਕਰਤਾ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਸਨ, ਜਦਕਿ ਗੈਂਗਸਟਰ ਮਨਪ੍ਰੀਤ ਮੰਨਾ ਫਿਰੋਜ਼ਪੁਰ ਜੇਲ੍ਹ ਵਿਚ, ਸਾਰਜ ਸੰਧੂ ਬਠਿੰਡਾ ਜੇਲ੍ਹ ਵਿਚ ਅਤੇ ਮਨਮੋਹਨ ਸਿੰਘ ਮੋਹਣਾ ਮਾਨਸਾ ਵਿਚ ਸੀ। ਇਨ੍ਹਾਂ ਪੰਜਾਂ



ਨੂੰ ਜਾਂਚ ਲਈ ਟ੍ਰਾਂਜ਼ਿਟ ਵਾਰੰਟਾਂ 'ਤੇ ਪੁੱਛ ਗਿੱਛ ਲਈ ਲਿਆਂਦਾ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੇ ਵਟਸਐਪ ਜਾਂ ਸਿਗਨਲ ਐਪ ਰਾਹੀਂ ਇਕ ਦੂਜੇ ਨਾਲ ਸੰਪਰਕ ਕੀਤਾ। ਇਸ ਕੇਸ ਵਿਚ ਪਹਿਲਾਂ ਗੈਂਗਸਟਰ ਪਵਨ ਨਹਿਰਾ ਦਾ ਨਾਂ ਵੀ ਸਾਹਮਣੇ ਆਇਆ ਸੀ ਜੋ ਕਿ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਸੀ ਪਰ ਬਾਅਦ ਵਿਚ ਉਸਨੂੰ ਬੇਕਸੂਰ ਐਲਾਨ ਦਿੱਤਾ ਗਿਆ। ਸੂਤਰਾਂ ਅਨੁਸਾਰ ਜੇਲ੍ਹਾਂ ਖ਼ਤਰਨਾਕ ਅਪਰਾਧੀਆਂ ਲਈ ਪਨਾਹਗਾਹ ਸਾਬਤ ਹੋ ਰਹੀਆਂ ਹਨ, ਜਿੱਥੇ ਮੋਬਾਈਲਾਂ ਸਮੇਤ ਕਈ ਇਤਰਾਜ਼ਯੋਗ ਚੀਜ਼ਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਇਸ ਨਾਲ ਅਪਰਾਧੀ ਜੇਲ੍ਹਾਂ ਵਿਚ ਬੈਠ ਕੇ ਫਿਰੌਤੀ ਦੀਆਂ ਕਾਲਾਂ ਕਰਨ ਅਤੇ ਡਰ ਪੈਦਾ ਕਰਨ ਅਤੇ ਆਪਣੇ ਗੁੰਡਿਆਂ ਰਾਹੀਂ ਫਿਰੌਤੀ ਵਸੂਲਣ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ।

ਸਭ ਤੋਂ ਪਹਿਲਾਂ 31 ਮਈ ਨੂੰ ਤਲਵੰਡੀ ਸਾਬੋ ਨਿਵਾਸੀ ਮਨਪ੍ਰੀਤ ਮੰਨਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਹ ਫਿਰੋਜ਼ਪੁਰ ਜੇਲ 'ਚ ਬੰਦ ਸੀ। ਉਸ 'ਤੇ ਗੈਂਗਸਟਰ ਮਨਪ੍ਰੀਤ ਭਾਊ ਲਈ ਕੋਰੋਲਾ ਕਾਰ ਮੁਹੱਈਆ ਕਰਵਾਉਣ ਦਾ ਦੋਸ਼ ਸੀ, ਜਿਸ ਨੇ ਗੱਡੀ ਸ਼ਾਰਪ ਸ਼ੂਟਰ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਨੂੰ ਮੁਹੱਈਆ ਕਰਵਾਈ ਸੀ। ਸਾਰਜ ਸੰਧੂ ਨੂੰ ਵੀ 31 ਮਈ ਨੂੰ ਬਠਿੰਡਾ ਜੇਲ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਮੰਨੂ ਅਤੇ ਸਾਰਜ ਫਿਰੋਜ਼ਪੁਰ ਜੇਲ੍ਹ ਵਿਚ ਉਸ ਨੂੰ ਮਿ.ਲੇ ਸਨ, ਉਸ ਤੋਂ ਬਾਅਦ ਸਾਰਜ ਨੂੰ ਬਠਿੰਡਾ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ, ਜਿੱਥੇ ਉਹ ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਦੇ ਗੈਂਗਸਟਰ ਗੋਲਡੀ ਬਰਾੜ ਦੇ ਸੰਪਰਕ ਵਿਚ ਆਇਆ।


NSB Insurance
for Insurance Call:
NIRMAL SINGH BADHAN
707-228-2020



Lic #0144676
NIRMAL SINGH BADHAN
HEALTH INSURANCE · RETIREMENT
LIFE INSURANCE · COLLEGE PLANNING
LONG TERM CARE INS · AUTO * HOME
FUNERAL EXPENSE · BUSINESS
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834














BAMCEF ਅਤੇ ਮੂਲ ਨਿਵਾਸੀ ਬਹੁਜਨ ਸਮਾਜ ਦੀ ਏਕਤਾ ਦੀ 31ਵੀਂ ਰਾਜ ਪੱਧਰੀ ਕਾਨਫਰੰਸ 04 ਸਤੰਬਰ 2022 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਹੋਈ। ਇਸ ਦੀ ਪ੍ਰਧਾਨਗੀ ਬਾਮਸੇਫ ਦੇ ਕੌਮੀ ਪ੍ਰਧਾਨ ਕਮਲਕਾਂਤ ਕਾਲੇ (ਕੁਮਾਰ ਕਾਲੇ) ਨੇ ਕੀਤੀ। ਪ੍ਰੋਗਰਾਮ ਦੀ ਪ੍ਰਸਤਾਵਨਾ ਬਾਮਸੇਫ ਪੰਜਾਬ ਦੇ ਕਨਵੀਨਰ ਕੁਸ਼ਲ ਕੁਮਾਰ ਨੇ ਪੜ੍ਹੀ। ਇਸ ਤੋਂ ਇਲਾਵਾ ਪ੍ਰਧਾਨ ਜੋਗਿੰਦਰ ਸਿੰਘ ਬਲਮਗੜ੍ਹ, ਪ੍ਰਧਾਨ ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ, ਐਡਵੋਕੇਟ ਵਿਕਰਮ ਲੰਕੇਸ਼ ਮੂਲਨਿਵਾਸੀ ਚੇਤਨਾ ਮੰਚ, ਮਨਧੀਰ ਸਿੰਘ ਪੰਥ ਸੇਵਕ ਜੱਥਾ ਦੋਆਬਾ, ਦਿਲਬਾਗ ਸਿੰਘ ਪੰਜਾਬ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਚੜੂਨੀ ਆਦਿ ਮੁੱਖ ਮਹਿਮਾਨ ਸਨ। ਸਭ ਤੋਂ ਖ਼ਾਸ ਗੱਲ ਇਹ ਸੀ ਕਿ ਇਹ ਕਨਵੈਨਸ਼ਨ ਪੰਜਾਬ ਦੇ ਬਹੁਜਨ ਸਮਾਜ ਦੇ ਚਿੰਤਕਾਂ ਨੂੰ ਸਮਰਪਿਤ ਸੀ। ਜਿਸ ਵਿੱਚ ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ, ਆਰਸੀ ਸੇਂਸੰਗਰ, ਡੀਡੀ ਕਲਿਆਣੀ ਦੇ ਨਾਂ ਵਿਸ਼ੇਸ਼ ਹਨ। ਇਹ ਪ੍ਰੋਗਰਾਮ ਸਵੇਰੇ 10 ਵਜੇ ਸ਼ੁਰੂ ਹੋਇਆ ਅਤੇ ਦੋ ਹਿੱਸਿਆਂ ਵਿੱਚ ਸ਼ਾਮ 5 ਵਜੇ ਸਮਾਪਤ ਹੋਇਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ BAMCEF ਭਾਰਤ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਦਾ ਸਾਂਝਾ ਪਲੇਟਫਾਰਮ ਹੈ। ਜੋ ਕਿ ਬਹੁਜਨ ਸਮਾਜ ਵਿੱਚ ਲਗਾਤਾਰ ਜਾਗਰੂਕਤਾ ਮੁਹਿੰਮ ਚਲਾ ਕੇ ਸੰਵਿਧਾਨਕ ਅਧਿਕਾਰਾਂ ਪ੍ਰਤੀ ਜਾਗਰੂਕਤਾ ਫੈਲਾ ਰਹੀ ਹੈ। ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਵਿੱਚ ਲਗਾਤਾਰ ਜਾਗਰੂਕਤਾ ਪੈਦਾ ਕਰ ਰਿਹਾ ਹੈ। ਇਸ ਮੌਕੇ ਡਾ: ਸਤਪਾਲ, ਸਤੀਸ਼ ਕੁਮਾਰ ਬਾਮਸੇਫ, ਗੁਰਮੀਤ ਸਿੰਘ ਫਰੀਦਕੋਟ, ਰਾਮ ਸਿੰਘ ਬਟਾਲਾ, ਰਜਿੰਦਰ ਰਾਣਾ, ਇੰਦਰਜੀਤ,ਧਨੀ ਪ੍ਰਸਾਦ ਬੋਧ, ਰਾਕੇਸ਼ ਕੁਮਾਰ ਸੱਭਰਵਾਲ, ਜਤਿੰਦਰ ਕੁਮਾਰ, ਜਸਵਿੰਦਰ ਪਾਲ, ਬਗੀਚਾ ਰਾਮ ਆਦਿ ਹਾਜ਼ਰ ਸਨ।







# ਨਸ਼ੇ ਦੇ ਮੁੱਦੇ 'ਤੇ ਡਰਾਮੇ ਕਰਨ ਵਾਲੀ 'ਆਪ' ਦੇ ਰਾਜ 'ਚ ਰੋਜ਼ਾਨਾ ਨੌਜਵਾਨਾਂ ਦੀ ਨਸ਼ੇ ਕਾਰਨ ਜਾ ਰਹੀ ਹੈ ਜਾਨ

## ਨਸ਼ੇ ਉਤੇ ਕਾਬੂ ਪਾਉਣ 'ਚ ਅਸਫਲ ਰਹੀ ਭਗਵੰਤ ਮਾਨ ਦੀ ਸਰਕਾਰ : ਜਸਵੀਰ ਸਿੰਘ ਗੜ੍ਹੀ



**ਚੰਡੀਗੜ੍ਹ–** ਰੋਜ਼ਾਨਾ ਨਸ਼ੇ ਨਾਲ ਜਾ ਰਹੀਆਂ ਨੌਜਵਾਨਾਂ ਦੀਆਂ ਜਾਨਾਂ ਪੰਜਾਬ ਦੇ ਭਵਿੱਖ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬ ਸਰਕਾਰ ਨਸ਼ਿਆਂ ਉਤੇ ਕਾਬੂ ਪਾਉਣ ਦੇ ਝੂਠੇ ਵਾਅਦੇ ਕਰ ਰਹੀ ਹੈ, ਜਦੋਂ ਕਿ ਰੋਜ਼ਾਨਾਂ ਲੋਕਾਂ ਦੇ ਘਰਾਂ ਵਿਚੋਂ ਨੌਜਵਾਨਾਂ ਦੀਆਂ ਅਰਥੀਆਂ ਉਠ ਰਹੀਆਂ ਹਨ। ਇਹ ਪ੍ਰਗਟਾਵਾ ਇਕ ਬਿਆਨ ਰਾਹੀਂ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕੀਤਾ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਚੋਹਲਾ ਸਾਹਿਬ ਦੇ ਨਜ਼ਦੀਕੀ ਪਿੰਡ ਧੁੰਨ ਢਾਏ ਵਾਲਾ ਦੇ ਇਕ ਕਿਸਾਨ ਦੇ ਦੋ ਨੌਜਵਾਨਾਂ ਦੀ ਕੁਝ ਦਿਨਾਂ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਹੋਈ ਮੌਤ ਬਹੁਤ ਦੁੱਖ ਦੀ ਖਬਰ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿਚੋਂ ਬਾਹਰ ਰਹਿੰਦੇ ਹੋਏ ਨਸ਼ੇ ਦੇ ਮੁੱਦੇ ਉਤੇ ਤਰ੍ਹਾਂ ਤਰ੍ਹਾਂ ਦੇ ਵਿਰੋਧ ਵਿਖਾਵੇ ਕਰਕੇ ਸੱਤਾ ਲਈ ਨਾਟਕ ਖੇਡਦੀ ਰਹੀ। ਉਨ੍ਹਾਂ ਕਿਹਾ ਕਿ ਹੁਣ ਸੱਤਾ ਵਿੱਚ ਆਉਣ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਨਸ਼ਾ ਵੇਚਣ ਵਾਲਿਆਂ ਉਤੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਝੂਠੇ ਦਿਖਾਵੇ ਕਰਨ ਦੀ ਬਜਾਏ ਜ਼ਮੀਨੀ ਪੱਧਰ ਉਤੇ ਨਸ਼ਾ ਰੋਕਣ ਲਈ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਗੱਲ ਨੂੰ ਜ਼ਰੂਰ ਸਮਝਣ ਕਿ ਉਹ ਹੁਣ ਇਕ ਕਮੇਡੀਅਨ ਕਲਾਕਾਰ ਨਹੀਂ, ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਉਤੇ ਬੈਠੇ ਹਨ। ਲੋਕਾਂ ਨੂੰ ਝੂਠੀਆਂ ਗੱਲ ਕਰਕੇ ਮਨ ਪ੍ਰਚਾਵੇ ਦੀ ਥਾਂ ਕੁਝ ਕਰਕੇ ਵਿਖਾਉਣ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਨਸ਼ੇ ਵਰਗੇ ਮੁੱਦਿਆਂ ਸਮੇਤ ਹੋਰ ਲੋਕ ਮਸਲਿਆਂ ਨੂੰ ਲੈ ਕੇ ਲੋਕਾਂ ਨੂੰ ਲਾਮਬੰਦ ਕਰੇਗੀ।

# 5 ਬਰਸਾਤੀ ਦਰਿਆਵਾਂ 'ਤੇ ਜਲਦ ਹੀ ਪੁਲ ਬਣਨਗੇ, ਨਾਬਾਰਡ ਨੇ 11,22 ਕਰੋੜ ਰੁਪਏ ਦੇ ਫੰਡ ਨੂੰ ਮਨਜ਼ੂਰੀ ਦਿੱਤੀ



**ਨਿਊਯਾਰਕ/ਮੋਹਾਲੀ (ਰਾਜ ਗੋਗਨਾ)**—ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਦੇ ਯਤਨਾਂ ਸਦਕਾ ਪਟਿਆਲਾ ਦੀ ਰਾਓਂ 'ਤੇ 5 ਪੁਲਾਂ ਦੀ ਉਸਾਰੀ ਲਈ ਕੇਂਦਰ ਸਰਕਾਰ ਤੋਂ ਨਾਬਾਰਡ ਰਾਹੀਂ ਕਰੀਬ 11,22 ਕਰੋੜ ਰੁਪਏ ਦਾ ਫੰਡ ਮਨਜ਼ੂਰ ਹੋਇਆ ਹੈ, ਜਿਸ ਨਾਲ ਬਰਸਾਤੀ ਨਦੀਆਂ ਤੇ ਜਲਦੀ ਹੀ ਬ੍ਰਿਜਾਂ ਦਾ ਨਿ-ਰਮਾਣ ਸ਼ੁਰੂ ਹੋ ਜਾਵੇਗਾ। ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਚੰਡੀਗੜ੍ਹ ਤੋਂ 5 ਕਿਲੋਮੀਟਰ ਦੂਰ ਖਰੜ ਵਿਧਾਨ ਸਭਾ ਹਲਕੇ ਦੇ ਲੋਕ ਬਰਸਾਤ ਦੇ ਮੌਸਮ ਵਿੱਚ ਬਾਕੀ ਦੁਨੀਆਂ ਨਾਲੋਂ ਕੱਟੇ ਜਾਂਦੇ ਹਨ। ਇਨ੍ਹਾਂ ਪੁਲਾਂ ਦੇ ਨਿਰਮਾਣ ਲਈ ਨਾਬਾਰਡ ਵੱਲੋਂ ਕਰੀਬ 11।22 ਕਰੋੜ ਰੁਪਏ ਦਾ ਫੰਡ ਮਨਜ਼ੂਰ ਹੋਣ ਤੋਂ ਬਾਅਦ ਉਮੀਦ ਹੈ ਕਿ ਇਨ੍ਹਾਂ ਪੁਲਾਂ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਇਸ ਕਾਰਨ ਜਿੱਥੇ ਬਰਸਾਤ ਦੇ ਦਿਨਾਂ ਵਿੱਚ ਲੋਕ ਆਸਾਨੀ ਨਾਲ ਆ-ਜਾ ਸਕਣਗੇ ਅਤੇ ਇਲਾਕੇ ਦਾ ਵਿਕਾਸ ਹੋਵੇਗਾ। ਜ਼ਿਕਰਯੋਗ ਹੈ ਕਿ ਲੰਬੇ ਸਮੇਂ ਤੋਂ ਇਲਾਕੇ ਦੇ ਲੋਕਾਂ ਵੱਲੋਂ ਇਨ੍ਹਾਂ 5 ਬਰਸਾਤੀ ਨਦੀਆਂ 'ਤੇ ਪੁਲ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਬਦਕਿਸਮਤੀ ਨਾਲ ਪਿਛਲੇ ਦਿਨੀਂ ਵਿਧਾਨ ਸਭਾ ਹਲਕਾ ਖਰੜ ਦੇ ਪਿੰਡ ਟਾਂਡੀ ਦੀ ਇੱਕ ਮਹਿਲਾ ਪੰਚ ਅਤੇ ਉਹਨਾਂ ਦੇ ਪਤੀ ਇਨ੍ਹਾਂ ਬਰਸਾਤੀ ਨਦੀਆਂ ਦਾ ਸ਼ਿਕਾਰ ਹੋ ਗਏ ਸਨ। ਜਿਨ੍ਹਾਂ ਦੇ ਘਰ ਸੋਗ ਪ੍ਰਗਟ ਕਰਨ ਲਈ ਸਾਂਸਦ ਤਿਵਾੜੀ ਨੂੰ ਬਰਸਾਤੀ ਦਰਿਆਵਾਂ ਵਿੱਚੋਂ ਲੰਘਣਾ ਪਿਆ ਸੀ।

# ਨਿਊਜਰਸੀ ਵਿੱਚ ਪੈਲੀਸੇਡਜ਼ ਇੰਟਰਸਟੇਟ ਪਾਰਕਵੇਅ ਉੱਤੇ ਇਕ ਯਾਤਰੀ ਵੈਨ ਪਲਟਣ ਤੇ 4 ਲੋਕਾਂ ਦੀ ਮੌਤ 8 ਜ਼ਖਮੀ

**ਨਿਊਜਰਸੀ (ਰਾਜ ਗੋਗਨਾ)**—ਬੀਤੇਂ ਦਿਨ ਸ਼ੁੱਕਰਵਾਰ ਸਵੇਰੇ ਨਿਊਜਰਸੀ ਦੇ ਪੈਲੀਸੇਡਜ ਇੰਟਰਸਟੇਟ ਪਾਰਕਵੇਅ ਤੇ ਹੋਏ ਇਕ ਯਾਤਰੀ ਵੈਨ ਸੜਕ ਹਾਦਸੇ ਵਿੱਚ ਵੈਨ ਵਿਚ ਸਵਾਰ ਚਾਰ ਯਾਤਰੀਆਂ ਦੀ ਮੌਤ ਹੋ ਗਈ। ਇਹ ਭਿਆਨਕ ਦਰਦਨਾਇਕ ਹਾਦਸਾ ਐਂਗਲਵੁੱਡ ਕਲਿਫਜ਼ ਵਿਚ ਪੈਲੀਸਾਡੇਸ ਇੰਟਰਸਟੇਟ ਪਾਰਕਵੇਅ ਨਿਊਜਰਸੀ ਵਿੱਚ ਸ਼ੁੱਕਰਵਾਰ ਤੜਕੇ ਇੱਕ ਹਾਈਵੇਅ ਉੱਤੇ ਹੋਇਆ। ਜਦੋ ਇੱਕ ਯਾਤਰੀ ਵੈਨ ਪਲਟਣ ਨਾਲ ਘੱਟੋ-ਘੱਟ 4 ਲੋਕਾਂ ਦੀ ਮੌਤ ਹੋ ਗਈ। ਇਸ ਯਾਤਰੀ ਵੈਨ ਵਿੱਚ 12 ਲੋਕ ਸਵਾਰ ਸਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਸਾਰੇ ਨਿਊਯਾਰਕ ਸਿਟੀ ਤੋਂ ਹਨ ਅਤੇ ਵਾਪਸ ਜਾ ਰਹੇ ਸਨ। ਇਹ ਲੋਕ ਇੱਕ ਵੇਅਰਹਾਊਸ ਜੋ ਚੈਸਟਰ, ਔਰੇਂਜ ਕਾਉਂਟੀ ਵਿੱਚ ਹੈ ਉੱਥੇ ਕੰਮ ਕਰਦੇ ਹਨ। ਜਦੋ ਹਾਦਸਾਗ੍ਰਸਤ ਵੈਨ ਵਿੱਚੋਂ ਸਾਰੇ ਪੀੜਤਾਂ ਨੂੰ ਬਾਹਰ ਕੱਢਿਆ ਗਿਆ ਜਿੰਨ੍ਹਾ ਵਿੱਚੋਂ 4 ਲੋਕਾਂ ਨੂੰ ਮੋਕੇ ਤੇ ਹੀ ਮ੍ਰਿਤਕ ਘੋਸ਼ਿਤ ਕੀਤਾ ਗਿਆ। ਅਤੇ ਜ਼ਖਮੀ ਹੋਏ 8 ਲੋਕਾਂ ਨੂੰ ਇਸ ਖੇਤਰ ਦੇ ਵੱਖ ਵੱਖ ਹਸਪਤਾਲਾਂ ਵਿਚ ਲਿਜਾਇਆ ਗਿਆ। ਮਾਰੇ ਗਏ ਅਤੇ ਜ਼ਖਮੀ ਸਾਰੇ ਲੋਕ ਸਪੈਨਿਸ ਮੂਲ ਦੇ ਹਨ।



ਮ੍ਰਿਤਕਾ ਦੀ ਪਛਾਣ ਡਰਾਈਵਰ ਜਾਰਜ ਮੈਸੀ ਅਤੇ ਵੈਨ ਚ' ਸਵਾਰ ਯਾਤਰੀ ਕੈਂਡੀਡਾ ਫਰਿਆਸ, ਜੋਸ ਲੁਈਸ ਰੋਮੇਰੋ, ਅਤੇ ਕਲਾਰਾ ਐਸਟਰੇਲਾ ਵਜੋਂ ਹੋਈ ਹੈ। ਇਕ ਔਰਤ ਸਮੇਤ ਵੈਨ ਵਿੱਚ ਸਵਾਰ ਚਾਰ ਹੋਰਾਂ ਦੇ ਨਾਲ, ਹੈਕਨਸੈਕ ਯੂਨੀਵਰਸਿਟੀ ਮੈਡੀਕਲ ਸੈਂਟਰ ਵਿੱਚ ਹਸਪਤਾਲ ਵਿੱਚ ਦਾਖਲ ਹੈ।ਅਤੇ ਇੱਕ ਜ਼ਖਮੀ ਪੀੜਤ ਨੂੰ ਜਰਸੀ ਸਿਟੀ ਦੇ ਮੈਡੀਕਲ ਸੈਂਟਰ ਵਿੱਚ, ਅਤੇ ਇੱਕ ਨੂੰ ਟੀਨੇਕ ਵਿੱਚ ਹੋਲੀ ਨੇਮ ਮੈਡੀਕਲ ਸੈਂਟਰ, ਅਤੇ ਦੂਜੇ ਨੂੰ ਐਂਗਲਵੁੱਡ ਹੈਲਥ ਵਿੱਚ ਦਾਖਿਲ ਕਰਵਾਇਆ ਗਿਆ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਜਾਰੀ ਹੈ। ਇਸ ਸੰਬੰਧ ਚ' ਗਵਰਨਰ ਫਿਲ ਮਰਫੀ ਨੇ ਸ਼ੁੱਕਰਵਾਰ ਨੂੰ ਬਾਅਦ ਵਿੱਚ ਟਵਿੱਟਰ ਅਕਾਊਂਟ 'ਤੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ। ਉਹਨਾਂ ਲਿਖਿਆ ਹੈ ਕਿ "ਅੱਜ ਸਵੇਰੇ ਸਵੇਰੇ ਚਾਰ ਲੋਕਾਂ ਦੀ ਜਾਨ ਚਲੀ ਗਈ ਜਦੋਂ ਇੱਕ ਯਾਤਰੀ ਵੈਨ ਪਾਲੀਸਾਡੇਸ ਇੰਟਰਸਟੇਟ ਪਾਰਕਵੇਅ 'ਤੇ ਪਲਟ ਗਈ। ਚਾਰ ਪੀੜਤਾਂ ਦੇ ਅਜ਼ੀਜ਼ਾਂ ਲਈ ਸਾਡੀ ਡੂੰਘੀ ਸੰਵੇਦਨਾ, ਅਤੇ ਅਸੀਂ ਕਾਮਨਾ ਕਰਦੇ ਹਾਂ। ਜ਼ਖਮੀ ਹੋਏ ਅੱਠ ਲੋਕ ਵੀ ਜਲਦੀ ਠੀਕ ਹੋ ਜਾਣ।

# ਯੂਕੇ ਦੀ ਹੰਸ ਏਅਰਵੇਜ਼ ਵਲੋਂ ਬਰਮਿੰਘਮ - ਅੰਮ੍ਰਿਤਸਰ ਉਡਾਣਾਂ ਸ਼ੁਰੂ ਕਰਨ ਦੇ ਫੈਸਲੇ ਦਾ ਸਵਾਗਤ

**ਨਿਊਯਾਰਕ (ਰਾਜ ਗੋਗਨਾ)**— ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਕਨਵੀਨਰ ਯੋਗੇਸ਼ ਕਾਮਰਾ, ਮੈਂਬਰ ਰਵਰੀਤ ਸਿੰਘ ਨੇ ਯੂਕੇ ਦੀ ਨਵੀਂ ਏਅਰਲਾਈਨ ਹੰਸ ਏਅਰਵੇਯ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਸਤਨਾਮ ਸਿੰਘ ਸੈਣੀ ਅਤੇ ਜਨਰਲ ਮੈਨੇਜਰ ਇੰਡੀਆ ਅਮਿਤ ਧੀਮਾਨ ਨਾਲ ਬਰਮਿੰਘਮ ਤੋਂ ਅੰਮ੍ਰਿਤਸਰ ਸਿੱਧੀ ਉਡਾਣ ਸ਼ੁਰੂ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ।

ਪ੍ਰੈਸ ਨੂੰ ਜਾਰੀ ਇਕ ਬਿਆਨ ਵਿੱਚ ਮਨਮੋਹਨ ਸਿੰਘ ਬਰਾੜ ਨੇ ਦੱਸਿਆ, ਕਿ ਮੀਟਿੰਗ ਦੋਰਾਨ ਵਫ਼ਦ ਨੇ ਹੰਸ ਏਅਰਵੇਜ਼ ਦੇ ਸੀਈਓ ਨੂੰ ਨਵੀਂ ਏਅਰਲਾਈਨ ਦੀ ਸ਼ੁਰੂਆਤ ਲਈ ਵਧਾਈ ਦਿੱਤੀ ਅਤੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਆਪਣੇ ਪਹਿਲੇ ਅੰਤਰਰਾਸ਼ਟਰੀ ਏਅਰਪੋਰਟ ਵਜੋਂ ਚੁਣਨ ਦੇ ਫੈਸਲੇ ਦਾ ਸਵਾਗਤ ਕੀਤਾ। ਇਸ ਨਵੀਂ ਏਅਰਲਾਈਨ ਵਲੋਂ ਆਪਣੀ ਪਲੇਠੀ ਉਡਾਣ ਲਈ ਅੰਮ੍ਰਿਤਸਰ ਹਵਾਈ ਅੱਡੇ ਦੀ ਚੋਣ, ਪੰਜਾਬ ਦੇ ਇਸ ਸਭ ਤੋਂ ਵੱਡੇ ਹਵਾਈ ਅੱਡੇ ਪ੍ਰਤੀ ਵਿਦੇਸ਼ ਦੀਆਂ ਏਅਰਲਾਈਨ ਦੇ ਮਜ਼ਬੂਤ ਵਿਸ਼ਵਾਸ ਨੂੰ ਦਰਸਾਉਂਦੀ ਹੈ।



ਇਹਨਾਂ ਉਡਾਣਾਂ ਦੇ ਸ਼ੁਰੂ ਹੋਣ ਨਾਲ ਨਾ ਸਿਰਫ਼ ਦੋ ਸ਼ਹਿਰਾਂ ਵਿਚਕਾਰ ਹਵਾਈ ਸਫਰ ਲਈ ਯਾਤਰੀਆਂ ਕੋਲ ਵਧੇਰੇ ਵਿਕਲਪ ਮਿਲਣ ਦੇ ਨਾਲ ਨਾਲ ਪੰਜਾਬ ਦੇ ਖੇਤੀਬਾੜੀ, ਕਾਰਗੋ ਅਤੇ ਸੈਲਾਨੀ ਉਦਯੋਗ ਨੂੰ ਵੀ ਫਾਇਦਾ ਹੋਵੇਗਾ।ਬਰਾੜ ਨੇ ਕਿਹਾ ਕਿ ਇਸ ਸਮੇਂ ਬਰਮਿੰਘਮ-ਅੰਮ੍ਰਿਤਸਰ ਦਰਮਿਆਨ ਏਅਰ ਇੰਡੀਆ ਸਿਰਫ ਇਕ ਹਫਤਾਵਾਰੀ ਉਡਾਣ ਚਲਾ ਰਹੀ ਹੈ ਜਿਸ ਕਾਰਨ ਯਾਤਰੀਆਂ ਨੂੰ ਲੰਡਨ ਜਾਂ ਹੋਰ ਹਵਾਈ ਅੱਡਿਆਂ ਰਾਹੀਂ ਉਡਾਣ ਭਰਨ ਦੀ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ। ਅਸੀਂ ਹੰਸ ਏਅਰਵੇਜ਼ ਦੀ ਟੀਮ ਨੂੰ ਉਨ੍ਹਾਂ ਦੀਆਂ ਭਵਿੱਖਮਈ ਯੋਜਨਾਵਾਂ ਲਈ ਸ਼ੁੱਭਕਾਮਨਾਵਾਂ ਦਿੰਦੇ ਹਾਂ।ਹੰਸ ਦੇ ਸੀਈਓ ਸਤਨਾਮ ਸੈਣੀ ਨੇ ਜਾਣਕਾਰੀ ਸਾਂਝੀ ਕੀਤੀ ਕਿ ਹੰਸ ਏਅਰਵੇਜ਼ ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਹੋਰਨਾਂ ਮੁਲਕਾਂ ਦੇ ਹਵਾਈ ਅੱਡਿਆਂ ਨਾਲ ਅੰਮ੍ਰਿਤਸਰ ਨੂੰ ਜੋੜਨ ਦੀ ਯੋਜਨਾ ਬਣਾ ਰਹੀ ਹੈ, ਅਤੇ ਇਸਦਾ ਉਦੇਸ਼ " ਪੰਜਾਬੀਆਂ ਦੀ ਮਨਪਸੰਦ ਏਅਰਲਾਈਨ" ਬਣਨਾ ਹੈ। ਸੈਣੀ ਨੇ ਅੱਗੇ ਕਿਹਾ ਕਿ ਹੰਸ ਏਅਰਵੇਜ਼ ਪੰਜਾਬ ਦੇ ਖੇਤੀਬਾੜੀ ਉਦਯੋਗ ਨੂੰ ਬਰਮਿੰਘਮ ਅਤੇ ਯੂਕੇ ਦੇ ਹੋਰ ਸ਼ਹਿਰਾਂ ਵਿੱਚ ਤਾਜ਼ੀਆਂ ਸਬਜ਼ੀਆਂ ਆਦਿ ਨੂੰ ਸਿੱਧੇ ਨਿਰਯਾਤ ਕਰਨ ਦਾ ਮੌਕਾ ਪ੍ਰਦਾਨ ਕਰੇਗੀ।ਸੈਣੀ ਅਨੁਸਾਰ, ਹੰਸ ਨੇ ਅਗਸਤ ਮਹੀਨੇ ਦੇ ਸ਼ੁਰੂ ਵਿੱਚ ਆਪਣਾ ਪਹਿਲਾ ਏਅਰਬੱਸ ਏ-330 -200 ਜਹਾਜ਼ ਬਰਮਿੰਘਮ ਏਅਰਪੋਰਟ ਤੇ ਉਤਾਰਿਆ ਸੀ। ਏਅਰਲਾਈਨ ਆਪਣੀ ਯੋਜਨਾ ਦੇ ਅਨੁਸਾਰ, ਯੂਕੇ ਸਿਵਲ ਏਵੀਏਸ਼ਨ ਅਥਾਰਟੀ (ਸੀਏਏ) ਅਤੇ ਹੋਰ ਸਬੰਧਤ ਅਥਾਰਟੀਆਂ ਦੁਆਰਾ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਵਿੱਚ ਸਫਲਤਾਪੂਰਵਕ ਅੱਗੇ ਵਧ ਰਹੀ ਹੈ। ਇਹ ਹੁਣ ਸੀਏਏ ਤੋਂ ਏਅਰ ਆਪਰੇਟਰਜ਼ ਸਰਟੀਫਿਕੇਟ (ਏ।ਓ।ਸੀ) ਪ੍ਰਾਪਤ ਕਰਨ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਆਖਰੀ ਪੜਾਅ ਵਿੱਚ ਹੈ ਅਤੇ ਆਉਣ ਵਾਲੇ ਹਫ਼ਤਿਆਂ ਵਿੱਚ ਉਸ ਸੰਬੰਧੀ ਕਾਰਵਾਈਆਂ ਨੂੰ ਵੀ ਪੂਰਾ ਕਰ ਲਿਆ ਜਾਵੇਗਾ। ਇਹ ਸਰਟੀਫਿਕੇਟ ਮਿਲਣ ਉਪਰੰਤ ਏਅਰਲਾਈਨ ਉਡਾਣਾ ਸ਼ੁਰੂ ਕਰ ਸਕੇਗੀ। ਹੰਸ ਏਅਰਵੇਜ਼ ਦੀ ਸਾਰੀ ਟੀਮ ਇਹਨਾਂ ਦੇ ਸੰਚਾਲਨ ਲਈ ਪੂਰੀ ਤਰ੍ਹਾਂ ਤਿਆਰ ਅਤੇ ਉਤਸ਼ਾਹਿਤ ਹੈ।

# ਪੋਲੈਂਡ 'ਚ ਭਾਰਤੀ ਨਾਲ ਨਸਲੀ ਵਿਤਕਰਾ, ਕਿਹਾ-ਤੁਸੀਂ ਗੋਰਿਆਂ ਦੀ ਜ਼ਮੀਨ 'ਤੇ ਆ ਕੇ ਕਬਜ਼ਾ ਕਿਉਂ ਕਰਦੇ ਹੋ?

**ਵਾਰਸਾ–** ਨਸਲੀ ਹਮਲੇ ਦੇ ਸ਼ਿਕਾਰ ਦੀਆਂ ਖਬਰਾਂ ਮੀਡੀਆ ਵਿਚ ਆਏ ਦਿਨ ਆਉਂਦੀਆਂ ਰਹਿੰਦੀਆਂ ਹਨ। ਅਮਰੀਕਾ ਤੋਂ ਬਾਅਦ ਹੁਣ ਪੋਲੈਂਡ ਵਿੱਚ ਇੱਕ ਭਾਰਤੀ ਨੌਜਵਾਨ ਉੱਤੇ ਨਸਲੀ ਟਿੱਪਣੀ ਕਰਨ ਅਤੇ ਉਸ ਨੂੰ ਗਾਲ੍ਹਾਂ ਕੱਢਣ ਦਾ ਮਾਮਲਾ ਸਾਹਮਣੇ ਆਇਆ ਹੈ। ਇੱਕ ਅਮਰੀਕੀ ਸ਼ਖ਼ਸ ਨੇ ਕਥਿਤ ਤੌਰ 'ਤੇ ਭਾਰਤੀ ਨੂੰ "ਪਰਜੀਵੀ" ਅਤੇ "ਹਮਲਾਵਰ" ਵਰਗੇ ਸ਼ਬਦ ਕਹੇ ਅਤੇ ਉਸਨੂੰ "ਦੇਸ਼ ਛੱਡ ਕੇ ਜਾਣ" ਲਈ ਕਿਹਾ। ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ 'ਚ ਇਕ ਭਾਰਤੀ ਦੇਖਿਆ ਜਾ ਸਕਦਾ ਹੈ। ਅਜੇ ਤੱਕ ਇਸ ਭਾਰਤੀ ਦੀ ਪਛਾਣ ਦਾ ਖ਼ੁਲਾਸਾ ਨਹੀਂ ਹੋਇਆ ਹੈ। ਇਹ ਵੀ ਸਪੱਸ਼ਟ ਨਹੀਂ ਹੋਇਆ ਹੈ ਕਿ ਇਹ ਵੀਡੀਓ ਕਿਸ ਸ਼ਹਿਰ ਦੀ ਹੈ ਪਰ ਟਵਿੱਟਰ 'ਤੇ ਲੋਕ ਇਸ 'ਤੇ ਟਿੱਪਣੀ ਕਰਨ ਦੇ ਨਾਲ ਹੀ ਵਾਰਸਾ ਪੁਲਸ ਨੂੰ ਟੈਗ ਕਰ ਰਹੇ ਹਨ। ਇਹ ਸਪੱਸ਼ਟ ਨਹੀਂ ਹੈ ਕਿ ਉਕਤ ਘਟਨਾ ਕਦੋਂ ਵਾਪਰੀ ਜਾਂ ਇਨ੍ਹਾਂ ਦੋਵਾਂ ਵਿਅਕਤੀਆਂ ਵਿਚਕਾਰ ਇਹ ਗੱਲਬਾਤ ਕਦੋਂ ਹੋਈ। ਸੋਸ਼ਲ ਮੀਡੀਆ 'ਤੇ ਲੋਕ ਇਸ ਨੂੰ 'ਸ਼ਰਮਨਾਕ ਨਸਲਵਾਦੀ ਟਿੱਪਣੀ' ਕਹਿ ਕੇ ਨਿੰਦਾ ਕਰ ਰਹੇ ਹਨ।

ਵੀਡੀਓ ਵਿੱਚ ਭਾਰਤੀ ਨੂੰ ਇੱਕ ਮਾਲ ਦੇ ਨੇੜਿਓਂ ਲੰਘਦੇ ਅਤੇ ਕਥਿਤ ਤੌਰ 'ਤੇ ਅਮਰੀਕੀ ਵਿਅਕਤੀ ਨੂੰ ਵੀਡੀਓ ਨਾ ਬਣਾਉਣ ਲਈ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ। ਇਸ ਦੇ ਬਾਅਦ ਵੀ ਅਮਰੀਕੀ ਸ਼ਖ਼ਸ਼ ਲਗਾਤਾਰ ਕਹਿ ਰਿਹਾ ਹੈ ਕਿ ਉਹ ਵੀਡੀਓ ਬਣਾ ਸਕਦਾ ਹੈ, ਕਿਉਂਕਿ ਇਹ ਉਸ ਦਾ ਦੇਸ਼ ਹੈ। ਅਮਰੀਕੀ ਸ਼ਖ਼ਸ ਭਾਰਤੀ ਮੂਲ ਦੇ ਨੌਜਵਾਨ ਨੂੰ



ਕਹਿੰਦਾ ਹੈ, 'ਤੁਸੀਂ ਪੋਲੈਂਡ ਕਿਉਂ ਆਏ ਹੋ ਅਤੇ ਮੈਂ ਵੀਡੀਓ ਬਣਾਵਾਂਗਾ, ਕਿਉਂਕਿ ਮੈਂ ਅਮਰੀਕਾ ਤੋਂ ਹਾਂ। ਉਥੇ ਤੁਹਾਡੇ ਭਾਰਤੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਅਤੇ ਹੁਣ ਤੁਸੀਂ ਲੋਕ ਪੋਲੈਂਡ ਵਿਚ ਕੀ ਕਰ ਰਹੇ ਹੋ? ਉਸ ਨੇ ਕਿਹਾ, 'ਤੁਸੀਂ ਲੋਕ ਸਾਡੇ ਦੇਸ਼ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਹਾਡੇ ਕੋਲ ਭਾਰਤ ਹੈ। ਤੁਸੀਂ ਗੋਰਿਆਂ ਦੀ ਜ਼ਮੀਨ 'ਤੇ ਆ ਕੇ ਕਬਜ਼ਾ ਕਿਉਂ ਕਰਦੇ ਹੋ? ਤੁਸੀਂ ਆਪਣਾ ਦੇਸ਼ ਕਿਉਂ ਨਹੀਂ ਬਣਾਉਂਦੇ? ਤੁਸੀਂ ਪਰਜੀਵੀ ਕਿਉਂ ਹੋ?

ਤੁਸੀਂ ਸਾਡੀ ਨਸਲ ਦੀ ਨਸਲਕੁਸ਼ੀ ਕਰ ਰਹੇ ਹੋ। ਤੁਸੀਂ ਇੱਕ ਹਮਲਾਵਰ ਹੋ। ਆਪਣੇ ਘਰ ਜਾਓ ਹਮਲਾਵਰ। ਅਸੀਂ ਤੁਹਾਨੂੰ ਯੂਰਪ ਵਿੱਚ ਨਹੀਂ ਦੇਖਣਾ ਚਾਹੁੰਦੇ। ਪੋਲੈਂਡ ਸਿਰਫ ਪੋਲਿਸ਼ ਲੋਕਾਂ ਲਈ ਹੈ। ਤੁਸੀਂ ਪੋਲਿਸ਼ ਨਹੀਂ ਹੋ।"

# ਬੀਪੀਈਓ ਦਫ਼ਤਰ ਨਰੋਟ ਜੈਮਲ ਸਿੰਘ ਵਿਖੇ ਮਨਾਇਆ ਗਿਆ ਅਧਿਆਪਕ ਦਿਵਸ



**ਪਠਾਨਕੋਟ–** ਅਧਿਆਪਕ ਦਿਵਸ ਨੂੰ ਸਮਰਪਿਤ ਬੀਪੀਈਓ ਰਿਸ਼ਮਾਂ ਦੇਵੀ ਦੀ ਅਗਵਾਈ ਹੇਠ ਬਲਾਕ ' ਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਬਲਾਕ ਪੱਧਰੀ ਸਮਾਗਮ ਬੀਪੀਈਓ ਦਫ਼ਤਰ ਨਰੋਟ ਜੈਮਲ ਸਿੰਘ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਵੰਤ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਰਵਾਇਆ ਗਿਆ।

ਸਮਾਗਮ ਦੌਰਾਨ ਬਲਾਕ ਦੇ ਪੰਜਾਂ ਕਲੱਸਟਰਾ ਵਿੱਚੋਂ ਵਧੀਆ ਕਾਰਗੁਜ਼ਾਰੀ ਵਾਲੇ 6 ਅਧਿਆਪਕਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਵਿੱਚ ਸਮਾਰਟ ਸਰਕਾਰੀ ਪ੍ਰਾਇਮਰੀ ਸਕੂਲ ਖੁਸ਼ੀਨਗਰ ਤੋਂ ਹੈਡ ਟੀਚਰ ਅਜੇ ਮਹਾਜਨ, ਮਦਾਰਪੁਰ ਤੋਂ ਬਲਕਾਰ ਅੰਤਰੀ ਅਤੇ ਰਾਜੇਸ਼ ਕੁਮਾਰ, ਬਕਨੌਰ ਸਕੂਲ ਤੋਂ ਮਮਤਾ ਸੈਣੀ, ਤਾਰਾਗੜ੍ਹ ਸਕੂਲ ਤੋਂ ਸਰਿਤਾ ਸੈਣੀ ਅਤੇ ਹੈਬਤ ਪਿੰਡੀ ਸਕੂਲ ਤੋਂ ਠਾਕੁਰ ਨਰਿੰਦਰ ਸਿੰਘ ਸ਼ਾਮਲ ਹਨ।

ਬੀਪੀਈਓ ਰਿਸ਼ਮਾਂ ਦੇਵੀ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਅਧਿਆਪਕ ਦੀ ਚੰਗਾ ਸਮਾਜ ਸਿਰਜਣ ਵਿੱਚ ਭੂਮਿਕਾ ਬਾਰੇ ਚਾਨਣਾ ਪਾਇਆ। ਉਹਨਾਂ ਅੱਗੇ ਕਿਹਾ ਕਿ ਅਧਿਆਪਕਾਂ ਨੇ ਸਕੂਲਾਂ ਵਿੱਚ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਬੜੀ ਮਿਹਨਤ ਕੀਤੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਲੋਕਾਂ ਦਾ ਝੁਕਾਅ ਵੀ ਵਧਿਆ ਹੈ।

ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀ ਕਾਬਲੀਅਤ ਤੇ ਮਿਹਨਤ ਸਦਕਾ ਹੀ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ ਜਿਸ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲ ਦੀ ਥਾਂ ਤੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਬੱਚਿਆਂ ਦਾ ਭਵਿੱਖ ਮਾਤਾ ਪਿਤਾ ਤੋਂ ਬਾਅਦ ਅਧਿਆਪਕਾਂ ਦੇ ਹੱਥ ਵਿਚ ਹੀ ਹੁੰਦਾ ਹੈ ਜਿਸ ਤੋਂ ਸਿਖਿਆ ਹਾਸਲ ਕਰਕੇ ਵਿਦਿਆਰਥੀ ਆਪਣਾ ਸੁਨਹਿਰੀ ਭਵਿੱਖ ਸਿਰਜਦੇ ਹਨ। ਉਨ੍ਹਾਂ ਕਿਹਾ ਕਿ ਹਰੇਕ ਦੀ ਜਿੰਦਗੀ ਵਿਚ ਅਧਿਆਪਕ ਉਸਦਾ ਰੋਲ ਮਾਡਲ ਹੁੰਦਾ ਹੈ ਜਿਸ ਤੋਂ ਸਿੱਖ ਕੇ ਵਿਅਕਤੀ ਜਿੰਦਗੀ ਜਿਉਣ ਦੇ ਢੰਗ ਅਤੇ ਸਮਾਜ ਵਿਚ ਵਿਚਰਨ ਦਾ ਤਜਰਬਾ ਹਾਸਲ ਕਰਦਾ ਹੈ। ਇਸ ਮੌਕੇ ਤੇ ਐਮਆਈਐਸ ਕੋਆਰਡੀਨੇਟਰ ਪੰਕਜ ਸ਼ਰਮਾ, ਲੇਖਾਕਾਰ ਸੁਮਨ ਗੁਪਤਾ ਅਤੇ ਡਾਟਾ ਐਂਟਰੀ ਰਜਨੀ ਬਾਲਾ ਵੀ ਵਿਸ਼ੇਸ਼ ਤੌਰ ਹਾਜਰ ਸਨ।

**– ਰਾਜਿੰਦਰ ਸਿੰਘ ਰਾਜਨ**

# ਭ੍ਰਿਸ਼ਟਾਚਾਰ ਖਿਲਾਫ ਜ਼ੀਰੋ ਟਾਲਰੈਂਸ ਪੋਲਸੀ ਦੇ ਤਹਿਤ ਪਠਾਨਕੋਟ ਪੁਲਸ ਨੇ ਆਪਣੇ ਦੋ ਮੁਲਾਜ਼ਮਾਂ ਨੂੰ ਕੀਤਾ ਗ੍ਰਿਫਤਾਰ

**ਪਠਾਨਕੋਟ–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ-ਜੀਪੀ ਪੰਜਾਬ ਸ੍ਰੀ ਗੌਰਵ ਯਾਦਵ ਦੀ ਭ੍ਰਿਸ਼ਟਾਚਾਰ ਦੇ ਖਿਲਾਫ਼ ਜ਼ੀਰੋ ਟੋਲਰੈਂਸ ਨੀਤੀ ਨੂੰ ਜਾਰੀ ਰੱਖਦਿਆਂ, ਪਠਾਨਕੋਟ ਪੁਲਿਸ ਨੇ ਗੈਰ-ਕਾਨੂੰਨੀ ਮਾਈਨਿੰਗ ਮਾਫੀਆ ਟਰਾਂਸਪੋਰਟਰ ਨਾਲ ਕਥਿਤ ਤੌਰ ਤੇ ਸਬੰਧ ਦੇ ਦੋਸ਼ ਵਿੱਚ ਇੱਕ ਏਐਸਆਈ ਅਤੇ ਇੱਕ ਸੀਨੀਅਰ ਕਾਂਸਟੇਬਲ ਖਿਲਾਫ ਭ੍ਰਿਸ਼ਟਾਚਾਰ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਫੜੇ ਗਏ ਵਿਅਕਤੀਆਂ ਦੀ ਪਛਾਣ ਏਐਸਆਈ ਸਲਵਿੰਦਰ ਸਿੰਘ ਅਤੇ ਸੀਨੀਅਰ ਕਾਂਸਟੇਬਲ ਲਸ਼ਮਣ ਦਾਸ ਵਜੋਂ ਹੋਈ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਰੁਪਿੰਦਰ ਸਿੰਘ ਜੇ।ਈ।ਕਮ ਮਾਈਨਿੰਗ ਇੰਸਪੈਕਟਰ ਗੁਰਦਾਸਪੁਰ ਨੇ ਦੋਵਾਂ ਪੁਲਿਸ ਮੁਲਾਜ਼ਮਾਂ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਮਾਈਨਿੰਗ ਨਾਕੇ 'ਤੇ ਨਸ਼ੇ ਦੀ ਹਾਲਤ 'ਚ ਆਪਣੀ ਡਿਊਟੀ ਨਿਭਾ ਰਹੇ ਸਨ ਅਤੇ ਰੇਤ ਅਤੇ ਬੱਜਰੀ ਨਾਲ ਭਰੇ ਟਰੱਕਾਂ ਦੀ ਸੁਰੱਖਿਅਤ ਢੰਗ ਨਾਲ ਨਿਕਾਸੀ ਕਰ ਰਹੇ ਸਨ। ਇਸ ਗੈਰ-ਕਾਨੂੰਨੀ ਕੰਮ ਬਾਰੇ ਪੁੱਛਣ 'ਤੇ ਦੋਵਾਂ ਨੇ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ।



ਐਸਐਸਪੀ ਨੇ ਦੱਸਿਆ ਕਿ ਮਾਮਲੇ ਦੀ ਅੰਦਰੂਨੀ ਪੱਧਰ 'ਤੇ ਜਾਂਚ ਕਰਨ ਤੋਂ ਬਾਅਦ ਸਲਵਿੰਦਰ ਅਤੇ ਲਸ਼ਮਣ ਦੋਵਾਂ ਦਾ ਨਾਜਾਇਜ਼ ਮਾਈਨਿੰਗ ਕਰਨ ਵਾਲੇ ਟਰਾਂਸਪੋਰਟਰਾਂ ਨਾਲ ਸੰਬੰਧ ਪਾਏ ਗਏ ਸਨ। ਮਾਈਨਿੰਗ ਇੰਸਪੈਕਟਰ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਸਹਾਇਕ ਸਬ-ਇੰਸਪੈਕਟਰ ਸਲਵਿੰਦਰ ਸਿੰਘ ਅਤੇ ਉਸ ਦੇ ਅਧੀਨ ਸੀਨੀਅਰ ਕਾਂਸਟੇਬਲ ਲਸ਼ਮਣ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ-1988 ਦੀ ਧਾਰਾ 7 ਅਤੇ 353, 186, 34 ਆਈਪੀਸੀ ਤਹਿਤ ਥਾਣਾ ਡਿਵੀਜ਼ਨ ਨੰਬਰ 2 ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਖੱਖ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਵਰਦੀ ਵਿੱਚ ਕਾਲੀਆਂ ਭੇਡਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਵੀ ਪੁਲੀਸ ਅਧਿਕਾਰੀ/ਕਰਮਚਾਰੀ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਜੰਗ ਉਦੋਂ ਹੀ ਖਤਮ ਹੋਵੇਗੀ ਜਦੋਂ ਇਸ ਖਤਰੇ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇਗਾ ਜਿਸ ਲਈ ਪੁਲਸ ਨੂੰ ਜਨਤਾ ਦੇ ਸਰਗਰਮ ਸਹਿਯੋਗ ਦੀ ਲੋੜ ਹੈ।

**– ਰਾਜਿੰਦਰ ਸਿੰਘ ਰਾਜਨ**

# ਡਿਪਟੀ ਡਾਇਰੈਕਟਰ ਡੇਅਰੀ, ਪਠਾਨਕੋਟ ਵੱਲੋਂ ਇਕ ਸਪੈਸ਼ਲ ਡੇਅਰੀ ਸਿਖਲਾਈ ਕੋਰਸ 12 ਸਤੰਬਰ ਤੋ 22 ਸਤੰਬਰ ਤੱਕ

**ਪਠਾਨਕੋਟ–** ਜਿਲਾ ਪਠਾਨਕੋਟ ਨਾਲ ਸਬੰਧਿਤ ਪੇਂਡੂ ਬੇਰੁ-ਜਗਾਰ ਨੋਜਵਾਨ ਲੜਕੇ/ਲੜਕੀਆਂ ਲਈ ਇਕ ਸਪੈਸ਼ਲ ਡੇਅਰੀ ਸਿਖਲਾਈ ਕੋਰਸ ਕ੍ਰਿਸ਼ੀ ਵਿਗਿਆਨ ਕੇਂਦਰ ਘੋਹ,ਪਠਾਨਕੋਟ ਦੇ ਸਹਿਯੋਗ ਨਾਲ ਮਿਤੀ 12 ਸਤੰਬਰ 2022 ਤੋ 22 ਸਤੰਬਰ 2022 ਤੱਕ ਕ੍ਰਿਸ਼ੀ ਵਿਗਿਆਨ ਕੇਂਦਰ ਘੋਹ ਪਠਾਨਕੋਟ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਸ: ਹਰਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਚਲਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਹਰਵਿੰਦਰ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਪਠਾਨਕੋਟ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲਾ ਪਠਾਨਕੋਟ ਨਾਲ ਸਬੰਧਤ ਬੇਰੁਜਗਾਰ ਨੋਜਵਾਨ ਲੜਕੇ/ਲੜਕੀਆਂ ਜੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਦੀ ਫੀਸ ਜਨਰਲ ਜਾਤੀ ਲਈ 1000/- ਰੁਪਏ ਅਤੇ ਅਨਸੂਚਿਤ ਜਾਤੀ ਲਈ 750/- ਰੁਪਏ ਹੈ, ਜੋ ਕਿ ਮਿਤੀ 12/09/2022 ਨੂੰ ਮੌਕੇ ਤੇ ਹੀ ਜਮਾ ਕਰਵਾਈ ਜਾਵੇਗੀ। ਸਿਖਲਾਈ ਲੈਣ ਉਪਰੰਤ ਵਿਭਾਗ ਵੱਲੋਂ ਸੰਬਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2,5,10 ਦੁਧਾਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ:ਜਾਤੀ ਲਈ ਸਬਸਿਡੀ ਪ੍ਰਾਪਤ ਕਰ ਸਕਣਗੇ।

# ਬੀਪੀਈਓ ਦਫ਼ਤਰ ਪਠਾਨਕੋਟ-3, ਪਠਾਨਕੋਟ-2 ਅਤੇ ਪਠਾਨਕੋਟ-1 ਵਿਖੇ ਅਧਿਆਪਕ ਦਿਵਸ ਨੂੰ ਸਮੱਰਪਿਤ ਸਨਮਾਨ ਸਮਾਰੋਹ ਕਰਵਾਇਆ





**ਪਠਾਨਕੋਟ–** ਅਧਿਆਪਕ ਦਿਵਸ ਦੇ ਸ਼ੁੱਭ ਅਵਸਰ ਤੇ ਬੀਪੀਈਓ ਦਫ਼ਤਰ ਪਠਾਨਕੋਟ-3, ਪਠਾਨਕੋਟ-2 ਅਤੇ ਪਠਾਨਕੋਟ-1 ਵਿਖੇ ਅਧਿਆਪਕ ਦਿਵਸ ਨੂੰ ਸਮੱਰਪਿਤ ਸਨਮਾਨ ਸਮਾਰੋਹ ਕਰਵਾਇਆ। ਇਨ੍ਹਾਂ ਸਨਮਾਨ ਸਮਾਰੋਹਾਂ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਾਕ ਪਠਾਨਕੋਟ-3 ਦੇ ਬੀਪੀਈਓ ਕੁਲਦੀਪ ਸਿੰਘ ਵੱਲੋਂ ਬਲਾਕ ਦੇ 10 ਅਧਿਆਪਕਾਂ, ਬੀਪੀਈਓ ਪਠਾਨਕੋਟ-2 ਨਰੇਸ਼ ਪਨਿਆੜ ਵੱਲੋਂ ਬਲਾਕ ਦੇ 7 ਅਧਿਆਪਕਾਂ ਅਤੇ ਬੀਪੀਈਓ ਪਠਾਨਕੋਟ-1 ਪੰਕਜ ਅਰੋੜਾ ਵੱਲੋਂ ਵੀ ਬਲਾਕ ਦੇ 7 ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁਲਦੀਪ ਸਿੰਘ ਬੀਪੀਈਓ ਪਠਾਨਕੋਟ -3 ਨੇ ਦੱਸਿਆ ਕਿ ਬਲਾਕ ਵਿੱਚੋਂ ਆਪਣੇ ਆਪਣੇ ਸਕੂਲਾਂ ਵਿੱਚ ਵਧੀਆ ਕਾਰਜ ਕਰਨ ਵਾਲੇ 10 ਅਧਿਆਪਕਾਂ ਦੀ ਚੋਣ ਕਰਕੇ ਉਨ੍ਹਾਂ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਪਠਾਨਕੋਟ ਜਸਵੰਤ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡੀਜੀ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਅਤੇ ਇਨ੍ਹਾਂ ਅਧਿਆਪਕਾਂ ਨੂੰ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਅਧਿਆਪਕ ਨੂੰ ਜਗਤ ਗੁਰੂ ਦਾ ਦਰਜਾ ਦਿੱਤਾ ਗਿਆ ਹੈ।

ਉਹ ਵਿਦਿਆਰਥੀਆਂ ਦਾ ਦੂਜਾ ਮਾਤਾ ਪਿਤਾ ਹੁੰਦਾ ਹੈ। ਜੋ ਉਹਨਾਂ ਦੀ ਉਂਗਲੀ ਫੜ ਕੇ ਤੁਰਨਾ ਸਿਖਾਉਂਦਾ ਹੈ। ਅਧਿਆਪਕ ਸੰਸਾਰ ਦਾ ਮਾਰਗ ਦਰਸ਼ਕ ਹੈ।

ਉਹਨਾਂ ਕਿਹਾ ਕਿ ਆਪਾਂ ਸੱਭ ਭਾਗੇਸ਼ਾਲੀ ਹਾਂ ਕਿ ਸਾਨੂੰ ਸਮਾਜ ਨੂੰ ਸਵਾਰਨ ਦੀ ਜੁੰਮੇਵਾਰੀ ਮਿਲੀ ਹੈ। ਸਨਮਾਨਿਤ ਹੋਣ ਵਾਲੇ ਅਧਿਆਪਕਾਂ ਵਿੱਚ ਹਰੀਸ਼ ਕੁਮਾਰ ਸਪ੍ਰਸ ਧੀਰਾ, ਗੁਰਨਾਮ ਕੌਰ ਸਪ੍ਰਸ ਸਿਉਂਟੀ, ਪ੍ਰੀਤੀ ਗੁਪਤਾ ਸਪ੍ਰਸ ਆਨੰਦਪੁਰ, ਸਮਰਿਤੀ ਸਪ੍ਰਸ ਭੂਰ, ਅਨਾਮਿਕਾ ਭਗਤ ਸਪ੍ਰਸ ਹਰਿਆਲ, ਭਾਰਤੀ ਸਪ੍ਰਸ ਗੋਸਾਂਈਪੁਰ, ਜੀਵਨ ਜੋਤੀ ਸਪ੍ਰਸ ਚੱਕ ਨਰੈਣੀ, ਨਵਨੀਤ ਕੌਰ ਸਪ੍ਰਸ ਚੱਕ ਮਨਹਾਸਾ, ਸ੍ਰੀਮਤੀ ਆਰਤੀ ਸਹਿਗਲ, ਸਪ੍ਰਸ ਦੌਲਤਪੁਰ ਖੁਰਦ, ਮੁਨੀਸ਼ ਕੁਮਾਰ, ਸਪ੍ਰਸ ਚੱਕ ਚਿਮਨਾ ਸ਼ਾਮਿਲ ਹਨ।



ਇਸੇ ਤਰ੍ਹਾਂ ਬੀਪੀਈਓ ਦਫ਼ਤਰ ਪਠਾਨਕੋਟ -2 ਵਿਖੇ ਅਧਿਆਪਕ ਦਿਵਸ ਤੇ ਆਯੋਜਿਤ ਸਮਾਰੋਹ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਰੇਸ਼ ਪਨਿਆੜ ਵੱਲੋਂ ਬਲਾਕ ਦੇ 7 ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਵਿੱਚ ਅਨੁਰਾਧਾ ਸਰਕਾਰੀ ਪ੍ਰਾਇਮਰੀ ਸਕੂਲ ਬਹਿਲੋਲਪੁਰ, ਮਨੂੰ ਬਾਲਾ ਸਰਕਾਰੀ ਪ੍ਰਾਇਮਰੀ ਸਕੂਲ ਐਮਾਂ ਗੁਜਰਾਂ, ਪਰਮਬੀਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ, ਰਾਜੀਵ ਕੁਮਾਰ ਸਰਕਾਰੀ ਪ੍ਰਾਇਮਰੀ ਸਕੂਲ ਕਲੇਸਰ, ਰਾਜੇਸ਼ ਬਕਸ਼ੀ ਸਰਕਾਰੀ ਪ੍ਰਾਇਮਰੀ ਸਕੂਲ ਬਨੀਲੋਧੀ, ਬੋਧ ਰਾਜ ਸਰਕਾਰੀ ਪ੍ਰਾਇਮਰੀ ਸਕੂਲ ਗੋਬਿੰਦਸਰ, ਮੀਨਾ ਰਾਣੀ ਸਰਕਾਰੀ ਪ੍ਰਾਇਮਰੀ ਸਕੂਲ ਸੁਕਾਲਗੜ੍ਹ ਸ਼ਾਮਿਲ ਹਨ। ਇਸ ਮੌਕੇ ਤੇ ਸੰਜੀਵ ਮਨੀ , ਵਨੀਤ ਮਹਾਜਨ , ਬਲਾਕ ਮੀਡਿਆ ਕੋਰਡੀਨੇਟਰ ਵਿਕਾਸ ਕੁਮਾਰ ਅਤੇ ਬਲਾਕ ਦਾ ਸਾਰਾ ਸਟਾਫ ਮੌਜੂਦ ਸੀ।

ਇਸੇ ਤਰ੍ਹਾਂ ਬੀਪੀਈਓ ਦਫ਼ਤਰ ਪਠਾਨਕੋਟ -1 ਐਟ ਘਰੋਟਾ ਵਿਖੇ ਅਧਿਆਪਕ ਦਿਵਸ ਤੇ ਆਯੋਜਿਤ ਸਮਾਰੋਹ ਦੌਰਾਨ ਬਲਾਕ ਦੇ ਵਧੀਆ ਕਾਰਗੁਜ਼ਾਰੀ ਵਾਲੇ 7 ਅਧਿਆਪਕਾਂ ਨੂੰ ਬੀਪੀਈਓ ਪੰਕਜ ਅਰੋੜਾ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਅਧਿਆਪਕਾਂ ਨੂੰ ਹੋਰ ਜ਼ਿਆਦਾ ਮਿਹਨਤ ਨਾਲ ਵਿਦਿਆਰਥੀਆਂ ਦਾ ਭਵਿੱਖ ਸਵਾਰਨ ਲਈ ਪ੍ਰੇਰਿਤ ਕੀਤਾ ਗਿਆ।

ਸਨਮਾਨ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਨੌਮਾਲਾ ਦੇ ਅਧਿਆਪਕ ਨੀਰਜ ਕੁਮਾਰ, ਸਰਕਾਰੀ ਪ੍ਰਾਇਮਰੀ ਸਕੂਲ ਧਲੋਰੀਆਂ ਦੇ ਅਧਿਆਪਕ ਸਤਪਾਲ, ਸਰਕਾਰੀ ਪ੍ਰਾਇਮਰੀ ਸਕੂਲ ਗੁੜ੍ਹਾਂ ਕਲਾਂ ਦੇ ਅਧਿਆਪਕ ਵਿਸ਼ਾਲ ਕਾਲੀਆ, ਸਰਕਾਰੀ ਪ੍ਰਾਇਮਰੀ ਸਕੂਲ ਜੰਗਲ ਦੇ ਅਧਿਆਪਕ ਨਵਜੀਵਨ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਪਰਮਾਨੰਦ ਦੇ ਅਧਿਆਪਕ ਸੰਜੀਵ ਕੁਮਾਰ, ਸਰਕਾਰੀ ਪ੍ਰਾਇਮਰੀ ਸਕੂਲ ਕੁੰਡੇ ਤੋਂ ਡ੍ਰਿਪਤਾ, ਸਰਕਾਰੀ ਪ੍ਰਾਇਮਰੀ ਸਕੂਲ ਨਾਲਾ ਦੇ ਅਧਿਆਪਕ ਮੇਘਾ ਸ਼ਾਮਿਲ ਹਨ। ਇਸ ਮੌਕੇ ਤੇ ਬੀਐਮਟੀ ਅਸ਼ਵਨੀ ਕੁਮਾਰ, ਸਤਿੰਦਰ ਕੁਮਾਰ, ਰਾਜ ਕੁਮਾਰ ਲੇਖਾਕਾਰ, ਰੇਖਾ, ਨੀਤੂ ਬਾਲਾ ਆਦਿ ਹਾਜ਼ਰ ਸਨ।

# ਨਿਊਯਾਰਕ ਦੇ ਟਾਇਮਸ ਸਕੁਏਅਰ ਵਿਚ ਬੰਦੀ ਸਿੰਘਾਂ ਦੇ ਹੱਕ ਵਿਚ ਵਰਲਡ ਸਿੱਖ ਪਾਰਲੀਮੈਂਟ ਦੀ ਹਿਊਮਨ ਰਾਈਟਸ ਕਾਊਂਸਿਲ ਵਲੋਂ ਜ਼ੋਰਦਾਰ ਪ੍ਰਚਾਰ

**ਸੈਕਰਾਮੈਂਟੋ: ਹੁਸਨ ਲੜੋਆ ਬੰਗਾ)–** ਵਰਲਡ ਸਿੱਖ ਪਾਰਲੀਮੈਂਟ ਦੀ ਹਿਊਮਨ ਰਾਈਟਸ ਕਾਉਂਸਿਲ ਵਲੋਂ ਅੱਜ ਟਾਇਮਜ ਸਕੁਏਅਰ ਵਿਖੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਸਮੇਤ ਸਮੂਹ ਬੰਦੀ ਸਿੰਘਾਂ ਦੇ ਹੱਕ ਵਿਚ ਵੱਡੇ ਪੋਸਟਰ, ਫੋਟੋਆਂ ਲਗਾ ਕੇ ਜਿਨ੍ਹਾਂ ਦੇ ਵਿਚ ਹਰ ਇਕ ਬੰਦੀ ਸਿੰਘ ਬਾਰੇ ਜਾਣਕਾਰੀ ਸੀ ਪ੍ਰਚਾਰ ਕੀਤਾ ਗਿਆ। ਨਾਲ ਹੀ ਵੈਲਫੇਅਰ ਕਾਉਂਸਿਲ ਦੇ ਮੈਂਬਰਾਂ ਵਲੋਂ ਇੰਗਲਿਸ਼ ਵਿਚ ਪੈਂਫਲੇਟ ਵੰਡੇ ਗਏ ਜਿਨ੍ਹਾਂ ਵਿਚ ਸਿੱਖ ਸਿਆਸੀ ਕੈਦੀਆਂ ਦੀ ਸਾਰੀ ਜਾਣਕਾਰੀ ਦੇ ਨਾਲ, ਭਾਰਤ ਸਰਕਾਰ ਵਲੋਂ ਗਿਰਫ਼ਤਾਰ ਕਰਨ ਦੀ ਤਰੀਕ, ਕਿਹੜੀਆਂ ਧਾਰਾਵਾਂ ਲਾਈਆਂ, ਕਿੰਨੇ ਸਾਲ ਦੀ ਜੇਲ ਹੁਣ ਤਕ ਕਟ ਚੁਕੇ ਹਨ, ਅਤੇ ਹਾਲੇ ਵੀ ਭਾਰਤੀ ਕ਼ਾਨੂਨ ਦੇ ਅਧੀਨ ਸਜਾ ਪੂਰੀ ਕਰਨ ਦੇ ਬਾਵਜੂਦ ਤੇ 26-27 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ।







ਬੁਲਾਰਿਆਂ ਨੇ ਕਿਹਾ ਕਿ ਇਹ ਦੋਹਰਾ ਮਾਪਦੰਡ ਭਾਰਤੀ ਸਰਕਾਰ ਵਲੋਂ ਸਿਖਾਂ ਦੇ ਨਾਲ ਨਾਲ ਹੋਰ ਘੱਟ ਗਿਣ-ਤੀਆਂ ਦੇ ਨਾਲ ਵੀ ਅਪਣਾਇਆ ਜਾਂਦਾ ਹੈ ਖਾਸ ਕਰਕੇ ਪੰਜਾਬ ਦੇ ਸਿੱਖ ਨੌਜਵਾਨ ਜਿਨ੍ਹਾਂ ਨੂੰ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਛੱਡਿਆ ਨਹੀਂ ਜਾ ਰਿਹਾ। ਇਥੇ ਅੰਗਰੇਜ਼ੀ ਦੇ ਵਿਚ ਇਹ ਸਾਰੀ ਜਾਣਕਾਰੀ ਦੇ ਨਾਲ ਲਿਟ੍ਰੇਚਰ ਵੰਡਿਆ ਗਿਆ। ਵਿਸ਼ੇਸ਼ ਗੱਲ ਰਹੀ ਕੇ ਅੱਜ ਓਥੇ ਬ੍ਰਾਜ਼ੀਲ ਦੇ ਲੋਕ ਵੀ ਆਪਣੀ ਅਜਾਦੀ ਲਾਇ ਪ੍ਰਦਰਸ਼ਨ ਕਰ ਰਹੇ ਸਨ ਓਹਨਾ ਨੇ ਵੀ ਬੰਦੀ ਸਿਖਾਂ ਦੇ ਮਸਲੇ ਸਮਝਣ ਤੋਂ ਬਾਦ ਸਿਖਾਂ ਨਾਲ ਸ਼ਾਮਿਲ ਹੋਏ ਤੇ ਸ਼ੋਸ਼ਲ ਮੀਡੀਆ ਤੇ ਇਸ ਮਸਲੇ ਨੂੰ ਉਭਾਰਨ ਲਈ ਸਹਿਯੋਗ ਦਾ ਭਰੋਸਾ ਦਿੱਤਾ।

ਅੱਜ ਟਾਇਮਜ ਸਕੁਏਅਰ ਵਿਚ ਵਰਲਡ ਸਿੱਖ ਪਾਰ-ਲੀਮੈਂਟ ਦੇ ਕੋਆਰਡੀਨੇਟਰ ਸ ਹਿੰਮਤ ਸਿੰਘ, ਮੈਸਾਚਿਊਸਟਸ ਤੋਂ ਵਰਲਡ ਸਿੱਖ ਪਾਰਲੀਮੈਂਟ ਵੇਲਫ਼ੇਅਰ ਕਾਊਂਸਲ ਦੇ ਸ ਗੁਰ-ਨਿੰਦਰ ਸਿੰਘ ਧਾਲੀਵਾਲ ਅਤੇ ਬੱਲਜੀਦੰਰ ਸਿੰਘ ਸਵੈਨਿਰਨਾ ਕਾਊਸਲ, ਵਰਲਡ ਸਿੱਖ ਪਾਰ-ਲੀਮੈਂਟ ਦੇ ਸ ਹਰਿਮੰਦਰ ਸਿੰਘ , ਸ ਕੁਲਦੀਪ ਸਿੰਘ ਨਿਊਯਾਰਕ ਤੇ ਹੋਰ ਵੀ ਨੁਮਾਇੰਦਿਆਂ ਤੇ ਪੰਥਕ ਸਖਸ਼ੀਅਤਾਂ ਨੇ ਸਿੱਖ ਸਿਆਸੀ ਕੈਦੀਆਂ ਦੇ ਮੁੱਦੇ ਤੇ ਭਰਪੂਰ ਸਹਿਯੋਗ ਕੀਤਾ ਤੇ ਪ੍ਰਣ ਕੀਤਾ ਕਿ ਇਹ ਲੜਾਈ ਓਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਾਡਾ ਇਕ ਇੱਕ ਬੰਦੀ ਸਿੰਘ ਰਿਹਾਅ ਨਹੀਂ ਹੋ ਜਾਂਦੇ।

# ਅਮਰੀਕਾ ਨਾਲ ਭਾਰਤ 'ਮੁਕਤ ਵਪਾਰ ਸਮਝੌਤੇ' ਬਾਰੇ ਗੱਲਬਾਤ ਲਈ ਤਿਆਰ-ਪਿਊਸ਼ ਗੋਇਲ

**ਸੈਕਰਾਮੈਂਟੋ 7 ਸਤੰਬਰ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ 6 ਦਿਨਾ ਦੌਰੇ 'ਤੇ ਪੁੱਜੇ ਭਾਰਤ ਦੇ ਵਣਜ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਬਹੁਤ ਮਜਬੂਤ ਹਨ ਪਰ ਅਮਰੀਕੀ ਪ੍ਰਸ਼ਾਸਨ ਨੀਤੀਗੱਤ ਰਣਨੀਤੀ ਤਹਿਤ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਦੀ ਇੱਛਾ ਨਹੀਂ ਰਖਦਾ । ਉਨਾਂ ਕਿਹਾ ਕਿ ਜੇਕਰ ਵਾਸ਼ਿੰਗਟਨ ਆਪਣਾ ਮੰਨ ਬਦਲੇ ਤਾਂ ਨਵੀਂ ਦਿੱਲੀ ਇਸ ਸਬੰਧੀ ਗੱਲਬਾਤ ਕਰਨ ਲਈ ਤਿਆਰ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੋਇਲ ਨੇ ਅਮਰੀਕੀ ਕਾਰੋਬਾਰੀਆਂ ਨਾਲ ਸਨਫਰਾਂਸਿਸਕੋ ਵਿਚ ਹੋਈ ਗੱਲਬਾਤ ਦਾ ਜ਼ਿਕਰ ਵੀ ਕੀਤਾ। ਉਨਾਂ ਕਿਹਾ ਹਾਲਾਂ ਕਿ ਅਮਰੀਕਾ ਕਿਸੇ ਵੀ ਦੇਸ਼ ਨਾਲ ਮੁਕਤ ਵਪਾਰ ਸਮਝੌਤਾ ਨਹੀਂ ਚਹੁੰਦਾ ਪਰੰਤੂ ਭਾਰਤ ਨੂੰ ਖੁਸ਼ੀ ਹੋਵੇਗੀ ਜੇਕਰ ਵਸ਼ਿੰਗਟਨ ਇਸ ਸਬੰਧੀ ਆਪਣੇ ਰੁਖ ਵਿਚ ਤਬਦੀਲੀ ਕਰਨ ਲਈ ਤਿਆਰ ਹੋ ਜਾਂਦਾ ਹੈ। ਗੋਇਲ ਨੇ ਐਲਾਨ ਕੀਤਾ ਕਿ ਭਾਰਤ ਮੁਕਤ ਵਪਾਰ ਸਮਝੌਤੇ ਬਾਰੇ ਅਮਰੀਕਾ ਨਾਲ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹੈ। ਉਨਾਂ ਕਿਹਾ ਕਿ ਭਾਰਤ ਤੇ ਅਮਰੀਕਾ ਆਪੋ ਆਪਣੀ ਵਪਾਰ ਨੀਤੀ ਤਹਿਤ ਦੋਨਾਂ ਦੇਸ਼ਾਂ ਵਿਚਾਲੇ ਵਪਾਰ ਵਧਾਉਣ ਲਈ ਨਿਰੰਤਰ ਯਤਨਸ਼ੀਲ ਹਨ। ਉਨਾਂ ਕਿਹਾ ਕਿ ਦੋਵੇਂ ਦੇਸ਼ 'ਇੰਡੋ ਪੈਸੀਫਿਕ ਇਕਨਾਮਿਕ ਫਰੇਮਵਰਕ' ਤਹਿਤ ਆਰਥਿਕ ਸਬੰਧ ਮਜਬੂਤ ਕਰਨ ਲਈ ਅੱਗੇ ਵਧਣ ਵਾਸਤੇ ਤਿਆਰ ਹਨ। ਇਹ ਭਾਵੇਂ ਆਪਣੇ ਆਪ ਵਿਚ ਮੁਕਤ ਵਪਾਰ ਸਮਝੌਤਾ ਨਹੀਂ ਹੈ ਪਰੰਤੂ ਇਸ ਨਾਲ ਦੋਨਾਂ ਦੇਸ਼ਾਂ ਦੇ ਕਾਰੋਬਾਰੀਆਂ ਵਿਚਾਲੇ ਭਾਈਵਾਲੀ ਵਿੱਚ ਸਹਾਇਤਾ ਮਿਲੇਗੀ ਤੇ ਵਪਾਰ ਦੀਆਂ ਹੋਰ ਸੰਭਾਵਨਾਵਾਂ ਪੈਦਾ ਹੋਣਗੀਆਂ। ਵਣਜ ਤੇ ਸਨਅਤ ਮੰਤਰੀ ਨੇ ਸਪੱਸ਼ਟ ਕੀਤਾ ਕਿ ਭਾਰਤ ਹੋਰ ਅਨੇਕਾਂ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ ਲਈ ਯਤਨਸ਼ੀਲ ਹੈ ਤੇ ਇਸ ਸਬੰਧੀ ਗੱਲਬਾਤ ਹੋ ਰਹੀ ਹੈ। ਸ੍ਰੀ ਗੋਇਲ ਨੇ ਕਿਹਾ ਅਡੋਬ ਵਰਗੀ ਅਮਰੀਕੀ ਕਾਰਪੋਰੇਸ਼ਨ ਦੇ ਸੀ ਈ ਓ ਸਮੇਤ ਹੋਰ ਕਈ ਵੱਡੇ ਕਾਰੋਬਾਰੀਆਂ ਨਾਲ ਉਨਾਂ ਦੀ ਗੱਲਬਾਤ ਹੋਈ ਹੈ ਜਿਨਾਂ ਨੇ ਆਪਣਾ ਤਜ਼ਰਬਾ ਸਾਂਝਾ ਕੀਤਾ ਹੈ ਤੇ ਦੋਨਾਂ ਦੇਸ਼ਾਂ ਵਿਚਾਲੇ ਵਪਾਰ ਵਧਾਉਣ ਲਈ ਅਹਿਮ ਸੁਝਾਅ ਦਿੱਤੇ ਹਨ। ਇਸ ਤੋਂ ਪਹਿਲਾਂ ਸ੍ਰੀ ਗੋਇਲ ਨੇ ਸਨਫਰਾਂਸਿਸਕੋ ਸਥਿੱਤ ਗਦਰ ਯਾਦਗਾਰ ਵਿਖੇ ਮਹਾਤਮਾ ਗਾਂਧੀ ਦੇ ਬੁੱਤ 'ਤੇ ਸ਼ਰਧਾ ਦੇ ਫੁਲ ਭੇਟ ਕੀਤੇ।




# ਡਾ. ਬ੍ਰਹਮਜਗਦੀਸ਼ ਸਿੰਘ ਨੂੰ ਸਦਮਾ, ਪਤਨੀ ਪ੍ਰੋ ਰਾਜਬੀਰ ਕੌਰ ਅਕਾਲ ਚਲਾਣਾ ਕਰ ਗਏ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਸੁਸਾਇਟੀ ਦੇ ਮੀਤ ਪ੍ਰਧਾਨ ਡਾ ਬ੍ਰਹਮਜਗਦੀਸ਼ ਸਿੰਘ ਦੀ ਪਤਨੀ ਪ੍ਰੋ. ਰਾਜਬੀਰ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, , ਮੈਨੇਜਿੰਗ ਡਾਇਰੈਕਟਰ ਡਾ। ਚਰਨਜੀਤ ਸਿੰਘ ਗੁਮਟਾਲਾ, ਸਕੱਤਰ ਸ੍ਰੀ ਗੁਰਮੀਤ ਪਲਾਹੀ , ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਸ੍ਰੀ ਹਰਜਿੰਦਰ ਸਿੰਘ ਸੁਰਜੇਵਾਲੀਆ , ਡਾ. ਸੁਰਿੰਦਰਪਾਲ ਸਿੰਘ ਮੰਡ ਤੇ ਡਾ। ਜੀਤ ਸਿੰਘ ਜੋਸ਼ੀ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ ਕਿ ਪ੍ਰੋ. ਰਾਜਬੀਰ ਕੌਰ 2010 ਵਿੱਚ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਤੋਂ ਬਤੌਰ ਪ੍ਰੋਫ਼ੈਸਰ ਸੇਵਾ ਮੁਕਤ ਹੋਏ ਹਨ। ਉਹ ਅਜ ਕੱਲ੍ਹ ਆਪਣੀ ਬੇਟੀ ਸ਼ੈਰੀ ਸਿੰਘ ਪਾਸ ਮੁਹਾਲੀ ਰਹਿੰਦੇ ਸਨ। ਉਹ ਕੁਝ ਸਮਾਂ ਬੀਮਾਰ ਰਹਿਣ ਪਿੱਛੋਂ 5 ਸਤੰਬਰ 2022 ਨੂੰ ਸਵਰਗਵਾਸ ਹੋ ਗਏ। ਉਹ ਬਹੁਤ ਹੀ ਮਿਹਨਤੀ ਤੇ ਹੁਸ਼ਿਆਰ ਸਨ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਨਾਲ ਐਮ ਏ ਪਾਸ ਕੀਤੀ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਖੁਦ ਲਿਖੀਆਂ ਤੇ ਕੁਝ ਕਿਤਾਬਾਂ ਉਨ੍ਹਾਂ ਨੇ ਆਪਣੇ ਪਤੀ ਡਾ ਬ੍ਰਹਮਜਗਦੀਸ਼ ਸਿੰਘ ਨਾਲ ਰਲ ਕੇ ਲਿਖੀਆਂ।

ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਹਿਤਕ ਖੇਤਰ ਵਿੱਚ ਸੋਗ ਦੀ ਲਹਿਰ ਫੈਲ ਗਈ। ਉਨ੍ਹਾਂ ਦੇ ਚਲੇ ਜਾਣ ਨਾਲ ਨਾ ਕੇਵਲ ਪਰਿਵਾਰ ਨੂੰ ਸਗੋਂ ਸਾਹਿਤਕ ਖੇਤਰ ਨੂੰ ਭਾਰੀ ਘਾਟਾ ਪਿਆ ਹੈ। ਉਹ ਭਾਵੇਂ ਸਾਥੋਂ ਵਿਛੜ ਗਏ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਉਨ੍ਹਾਂ ਦੇ ਨਾਂ ਸਦਾ ਕਾਇਮ ਰੱਖਣਗੀਆਂ।

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**– ਡਾ ਬਿਕਰਮ ਸਿੰਘ ਘੁੰਮਣ 919815126942**

# ਇਸ ਮਹੀਨੇ ਦੇ ਅਖੀਰਲੇ ਐਤਵਾਰ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇਕ ਘੰਟਾ ਅੱਗੇ ਹੋ ਜਾਣਗੀਆਂ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀ-ਲੈਂਡ ਦੇ ਵਿਚ ਡੇਅ ਲਾਈਟ ਸੇਵਿੰਗ (ਰੌਸ਼ਨੀ ਦੀ ਬੱਚਤ) ਦੀ ਸ਼ੁਰੂਆਤ ਤਹਿਤ ਘੜੀਆਂ ਦਾ ਸਮਾਂ ਐਤਵਾਰ 25 ਸਤੰਬਰ ਨੂੰ ਤੜਕੇ ਸਵੇਰੇ 2 ਵਜੇ ਇਕ ਘੰਟਾ ਅੱਗੇ ਕਰ ਦਿੱਤਾ ਜਾਵੇਗਾ। ਇਹ ਸਮਾਂ ਇਸੀ ਤਰ੍ਹਾਂ 02 ਅਪ੍ਰੈਲ 2023 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਪਿੱਛੇ ਕਰ ਦਿ-ੱਤੀਆਂ ਜਾਣਗੀਆਂ। ਆਮ ਤੌਰ 'ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦਿਨ ਪਹਿਲਾਂ ਯਾਨਿ ਕਿ 24 ਸਤੰਬਰ ਦਿਨ ਸ਼ਨੀਵਾਰ ਨੂੰ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਇਕ ਘੰਟਾ ਅੱਗੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। ਇਸ ਦਿਨ ਤੁਹਾਨੂੰ ਇਕ ਘੰਟਾ ਦੇ ਕਰੀਬ ਵੱਡਾ ਦਿਨ ਮਹਿ-ਸੂਸ ਹੋਵੇਗਾ। 24 ਸਤੰਬਰ ਨੂੰ ਸੂਰਜ ਸਵੇਰੇ 06,08 ਵਜੇ ਚੜ੍ਹੇਗਾ ਜਦ ਕਿ ਅਗਲੇ ਦਿਨ 25 ਸਤੰਬਰ ਨੂੰ ਸਵੇਰੇ 07।06 ਮਿੰਟ ਉਤੇ ਚੜ੍ਹੇਗਾ। ਇਸ ਦਿਨ ਸੂਰਜ ਛਿਪਣ ਦਾ ਸਮਾਂ ਰਹੇਗਾ ਸ਼ਾਮ 07,19 ਰੋਜ਼ਾਨਾ 2-3 ਮਿੰਟ ਦਿਨ ਵੱਡਾ ਹੁੰਦਾ ਜਾਵੇਗਾ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊਜ਼ੀਲੈਂਡ ਦੇ ਵਿਚ ਸ਼ਾਮ ਦੇ 7,30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਇੰਡੀਆ ਸਵੇਰ ਦੇ 4,30 ਹੋਇਆ ਕਰਨਗੇ। ਆਸਟਰੇਲੀਆ ਦੇ ਵਿਚ ਵੀ ਇਹ ਸਮਾਂ 02 ਅਕਤੂਬਰ 2021 ਨੂੰ ਤੜਕੇ 2 ਵਜੇ ਅੱਗੇ ਕੀਤਾ ਜਾਵੇਗਾ।



ਮੌਸਮ ਬਸੰਤ ਦਾ: ਇਸ ਵੇਲੇ ਨਿਊਜ਼ੀਲੈਂਡ ਦੇ ਵਿਚ ਬਸੰਤ (ਪਰਿਨਗ) ਦਾ ਮੌਸਮ ਚੱਲ ਰਿਹਾ ਹੈ ਜੋ ਕਿ ਨਵੰਬਰ ਤੱਕ ਜਾਰੀ ਰਹੇਗਾ। ਇਸ ਮੌਸਮ ਨੂੰ ਸਰਦੀ ਤੋਂ ਗਰਮੀ ਦਾ ਸਫਰ ਵੀ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਨਿੱਘਾ ਮੌਸਮ, ਨਵੇਂ ਲੇਲੇ ਅਤੇ ਚਮਕਦਾਰ ਫੁੱਲਾਂ ਦੀ ਪੈਦਾਵਾਰ ਹੋਵੇਗੀ।

# ਖੁਦਕੁਸ਼ੀ ਕਾਰਨ ਹੋਈਆਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੀਆਂ ਮੌਤਾਂ

## 2011 ਤੋਂ 2020 ਤੱਕ 25,7% ਦੀ ਖੁਦਕੁਸ਼ੀ ਕਾਰਨ ਹੋਈ ਮੌਤ

**ਗਲਾਸਗੋ (ਮਨਦੀਪ ਖੁਰਮੀ ਹਿੰ-ਮਤਪੁਰਾ)** ਕਿਸੇ ਵੀ ਸਮਾਜ ਦੀ ਖੁਸ਼ਹ-ਾਲੀ ਇਸ ਗੱਲ ਤੋਂ ਵੀ ਦੇਖੀ ਜਾ ਸਕਦੀ ਹੈ ਕਿ ਉਸ ਸਮਾਜ ਵਿੱਚ ਹੋਈਆਂ ਮੌਤਾਂ ਦੀ ਅਸਲ ਵਜ੍ਹਾ ਕੀ ਸੀ? ਇਸ ਸੰਬੰਧੀ ਨਸ਼ਰ ਹੋਣ ਵਾਲੇ ਅੰਕੜੇ ਨਿਰਸੰਦੇਹ ਬਹੁਤ ਹੀ ਹੈਰਾਨੀਜਨਕ ਸੱਚ ਸਾਹਮਣੇ ਪੇਸ਼ ਕਰ ਦੇਣਗੇ। ਹਾਲ ਹੀ ਵਿੱਚ ਨਸ਼ਰ ਹੋਈ ਜਾਣਕਾਰੀ ਨੇ ਸਕਾਟਲੈਂਡ ਵਿੱਚ ਹੋਈਆਂ ਮੌਤਾਂ ਦੇ ਕਾਰਨਾਂ ਦਾ ਖੁਲਾਸਾ ਕੀਤਾ ਹੈ। ਜਿਸ ਦੌਰਾਨ ਸਾਹਮਣੇ ਆਇਆ ਹੈ ਕਿ 2011 ਤੋਂ 2020 ਦੀ ਸਮੇਂ ਦੌਰਾਨ ਹੋਈਆਂ ਬਾਲਗ ਨੌਜਵਾਨਾਂ ਦੀਆਂ ਮੌਤਾਂ ਦਾ ਵਧੇਰੇ ਗਿਣਤੀ ਵਿੱਚ ਖੁਦਕੁਸ਼ੀ ਮੁੱਖ ਵਜ੍ਹਾ ਸੀ। ਪਬਲਿਕ ਹੈਲਥ ਸਕਾਟਲੈਂਡ ਵੱਲੋਂ ਮਿਲੀ ਜਾਣਕਾਰੀ ਅਨੁਸਾਰ 5 ਸਾਲ ਤੋਂ 24 ਸਾਲ ਉਮਰ ਵਰਗ ਦੀਆਂ ਹੋਈਆਂ ਮੌਤਾਂ ਵਿੱਚੋਂ 25,7% ਦਾ ਕਾਰਨ ਖੁਦਕੁਸ਼ੀ ਸੀ। ਇਹ ਅੰਕੜਾ ਸੜਕ ਹਾਦਸਿਆਂ ਵਿੱਚ ਮਰਨ ਵਾਲਿਆਂ ਨਾਲੋਂ ਵੱਧ ਹੈ।



# ਬੱਚਿਆਂ, ਜਵਾਨਾਂ ਤੇ ਬਜ਼ੁਰਗਾਂ ਵਾਸਤੇ ਇਕ ਸ਼ੋਅ

**ਵਾਰਿਸ ਭਰਾਵਾਂ ਵੱਲੋਂ 24 ਸਤੰਬਰ ਨੂੰ ਵੋਡਾਫੋਨ ਈਵੈਂਟ ਸੈਂਟਰ ਮੈਨੁਕਾ ਵਿਖੇ 'ਪੰਜਾਬੀ ਵਿਰਸਾ-2022'**

ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਦੁਨੀਆ ਦਾਰੀ ਦੇ ਵਿਚ ਵਿਚਰਦਿਆਂ ਪੰਜਾਬੀ ਲੋਕ ਪ੍ਰਵਾਸੀ ਬਣ ਆਪਣੇ ਵਤਨਾਂ ਤੋਂ ਭਾਵੇਂ ਕੋਹਾਂ ਦੂਰ ਬੈਠੇ ਹਨ, ਪਰ ਆਪਣੇ ਪਿੰਡਾਂ ਦੀਆਂ ਜੜ੍ਹਾਂ ਅਤੇ ਤਿੜ੍ਹਾਂ ਸੰਗ ਰੇਸ਼ਮੀ ਡੋਰ ਨਾਲ ਹਮੇਸ਼ਾਂ ਜੁੜੇ ਰਹਿੰਦੇ ਹਨ। ਵਿਰਸੇ, ਵਿਰਾਸਤ, ਸਭਿਆਚਾਰ ਅਤੇ ਪੇਂਡੂ ਤੇ ਸ਼ਹਿਰੀ ਜੀਵਨ ਦੀ ਗੱਲਬਾਤ ਵਿਚ ਜੋ ਸੁਆਦ ਆਉਂਦਾ ਹੈ, ਉਹ ਉਦੋਂ ਦੁੱਗਣਾ ਹੋ ਜਾਂਦਾ ਹੈ, ਜਦੋਂ ਅਜਿਹੇ ਵਿਰਸੇ ਤੇ ਸਭਿਆਚਾਰ ਨੂੰ ਕੋਈ ਸੰਗੀਤਬੱਧ ਕਰਕੇ ਸਾਹਮਣੇ ਖੜ੍ਹਕੇ ਇੰਝ ਗਾ ਕੇ ਸੁਣਾ ਜਾਵੇ ਜਿਵੇਂ ਪਿੰਡ ਵਿਚ ਰੇੜ੍ਹੀਆਂ ਦੀ ਸਟੇਜ ਬਣਾ ਕੇ ਲੱਗਿਆ ਹੋਇਆ ਕੋਈ ਅਖਾੜਾ ਹੋਵੇ। ਇਹ ਮਾਹੌਲ ਬਹੁਤੇ ਪੰਜਾਬੀਆਂ ਨੇ ਵੇਖਿਆ ਹੋਇਆ ਹੈ ਅਤੇ ਅੱਜਕਲ੍ਹ ਫਿਲਮਾਂ ਵਿਚ ਵੇਖਣ ਨੂੰ ਮਿਲਦਾ ਹੈ। ਅਜਿਹੇ ਪੰਜਾਬੀ ਵਿਰਸੇ ਨੂੰ ਸਾਲਾਂ ਤੋਂ ਰੂਪਾਂਤਰ ਕਰਦੀ ਪ੍ਰਸਿੱਧ ਗਾਇਕ ਤਿੱਕੜੀ ਮਨਮੋਹਨ ਵਾਰਿਸ, ਸੰਗਤਾਰ ਅਤੇ ਕਮਲਹੀਰ ਕਿਸੀ ਜਾਣ ਪਹਿਚਾਣ ਦੇ ਮੁਹਤਾਜ਼ ਨਹੀਂ। ਵਾਰਿਸ ਭਰਾਵਾਂ ਦੀ ਇਹ ਤਿੱਕੜੀ ਸਾਜਿੰਦਿਆਂ ਦੇ ਸੰਗ ਨਿਊਜ਼ੀਲੈਂਡ ਦੇ ਵਿਚ ਚਾਰ ਸ਼ੋਅ ਕਰਨ ਆ ਰਹੀ ਹਨ। ਜਿਸ ਵਿਚ 22 ਨੂੰ ਕ੍ਰਾਈਸਟਚਰਚ, 23 ਨੂੰ ਟੌਰੰਗਾ, 24 ਨੂੰ ਔਕਲੈਂਡ ਅਤੇ 25 ਨੂੰ ਵਲਿੰਗਟਨ ਹੈ।



24 ਸਤੰਬਰ ਦਿਨ ਸ਼ਨੀਵਾਰ (ਇਹ ਦਿਨ ਇਕ ਮੁਲਕ ਦਾ ਵਿਰਾਸਤੀ ਦਿਨ ਵੀ ਹੈ) ਨੂੰ ਵੋਡਾਫੋਨ ਈਵੈਂਟ ਸੈਂਟਰ ਮੈਨੁਕਾਓ ਵਿਖੇ ਸ਼ਾਮ 7 ਵਜੇ ਸ਼ੁਰੂ ਹੋਣ ਵਾਲੇ 'ਪੰਜਾਬੀ ਵਿਰਸਾ 2022' ਸ਼ੋਅ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਹਨ। ਜਿੰਨੀ ਵਾਰ ਵੀ ਮਨਮੋਹਨ ਵਾਰਿਸ ਹੋਰਾਂ ਦਾ ਸੰਗੀਤਕ ਗਰੁੱਪ ਇਥੇ ਆਇਆ ਹੈ, ਉਦੋਂ-ਉਦੋਂ ਉਨ੍ਹਾਂ ਕਈ ਨਵੇਂ ਗੀਤ ਵੀ ਨਿਊਜ਼ੀਲੈਂਡ ਸਰੋਤਿਆਂ ਦੀ ਝੋਲੀ ਪਾਏ ਹਨ। ਇਸ ਵਾਰ ਵੀ ਉਹ ਨਵੇਂ-ਪੁਰਾਣੇ ਗੀਤਾਂ ਦੇ ਗੁਲਦਸਤੇ, ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਵਾਸਤੇ ਲੈ ਕੇ ਆ ਰਹੇ ਹਨ।

# ਪੰਜਾਬ ਬਜਟ 2022-23 : ਆਰਥਿਕਤਾ, ਚੁਣੌਤੀਆਂ ਅਤੇ ਵਿਕਲਪ



**ਡਾ. ਰਣਜੀਤ ਸਿੰਘ ਘੁੰਮਣ**
ਪ੍ਰੋਫੈਸਰ ਆਫ਼ ਐਮੀਨੈਂਸ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

### ਪੰਜਾਬ - ਆਰਥਿਕਤਾ ਦੀ ਮੌਜੂਦਾ ਸਥਿਤੀ

ਸਲਾਨਾ ਔਸਤ ਵਿਕਾਸ ਦਰ ਅਤੇ ਪ੍ਰਤੀ-ਵਿਅਕਤੀ ਆਮਦਨ ਦੇ ਹਿਸਾਬ ਨਾਲ ਬਹੁਤ ਸਾਰੇ ਰਾਜਾਂ ਦੀ ਔਸਤ ਵਿਕਾਸ ਦਰ ਅਤੇ ਪ੍ਰਤੀ-ਵਿਅਕਤੀ ਆਮਦਨ ਦੇ ਮੁਕਾਬਲੇ ਪੰਜਾਬ ਬਹੁਤ ਹੇਠਾਂ ਹੈ। ਪੰਜਾਬ ਦੀ ਵਿਕਾਸ ਦਰ ਦੇਸ਼ ਦੀ ਔਸਤ ਵਿਕਾਸ ਦਰ ਤੋਂ ਵੀ ਹੇਠਾਂ ਹੈ। ਹੁਣ ਵਿਕਾਸ ਦਰ (ਸਗਲ ਰਾਜ ਘਰੇਲੂ ਉਤਪਾਦਨ ਦੇ ਵਾਧੇ ਦੀ ਦਰ) ਦੇ ਹਿਸਾਬ ਨਾਲ ਪੰਜਾਬ ਦੂਸਰੇ ਰਾਜਾਂ ਦੇ ਮੁਕਾਬਲੇ 17ਵੇਂ ਸਥਾਨ ਤੇ ਹੈ। ਵਰਨਣਯੋਗ ਹੈ ਕਿ 1970 ਤੋਂ 1992 ਦੌਰਾਨ ਪੰਜਾਬ ਦੀ ਸਲਾਨਾ ਵਿਕਾਸ ਦਰ ਬਾਕੀ ਰਾਜਾਂ ਦੀ ਵਿਕਾਸ ਦਰ ਅਤੇ ਦੇਸ਼ ਦੀ ਔਸਤ ਵਿਕਾਸ ਦਰ ਤੋਂ ਵੀ ਉਪਰ ਸੀ। ਜਨਰਲ ਕੈਟੇਗਰੀ ਵਿੱਚ ਸ਼ਾਮਿਲ 17 ਰਾਜਾਂ ਵਿੱਚੋਂ 1992-97 ਦੌਰਾਨ ਪੰਜਾਬ ਦਾ 13ਵਾਂ ਰੈਂਕ ਸੀ ਪਰ 2002-07 ਦੌਰਾਨ ਪੰਜਾਬ 17ਵੇਂ ਰੈਂਕ ਤੇ ਖਿਸਕ ਗਿਆ। 2013-14 ਅਤੇ 2017-18 ਦੌਰਾਨ 28 ਰਾਜਾਂ ਵਿੱਚੋਂ ਪੰਜਾਬ 18ਵੇਂ ਅਤੇ 24ਵੇਂ ਰੈਂਕ ਤੇ ਰਿਹਾ। ਇਸ ਤੋਂ ਅਗਲੇ ਸਾਲ ਪੰਜਾਬ 11ਵੇਂ ਰੈਂਕ ਤੇ ਆ ਗਿਆ। ਪ੍ਰਤੀ ਵਿਕਅਤੀ ਆਮਦਨ ਦੇ ਹਿਸਾਬ ਨਾਲ ਪੰਜਾਬ (ਜੋ 1970 ਤੋਂ 1994-95 ਤੱਕ ਪਹਿਲੇ ਸਥਾਨ ਤੇ ਸੀ) 1995-96 ਤੋਂ ਦੂਜੇ ਸਥਾਨ ਤੇ ਚਲਾ ਗਿਆ ਅਤੇ ਪਹਿਲੇ ਸਥਾਨ ਤੇ ਮਹਾਰਾਸ਼ਟਰ ਆ ਗਿਆ। ਇਸ ਤੋਂ ਬਾਅਦ 1996-97 ਅਤੇ 2002-03 ਵਿਚਕਾਰ ਪੰਜਾਬ ਚੌਥੇ ਅਤੇ 7ਵੇਂ ਸਥਾਨ ਵਿਚਾਲੇ ਰਿਹਾ। ਸਾਲ 2011-12 ਅਤੇ 2018-19 ਦੌਰਾਨ ਪੰਜਾਬ ਦਾ ਰੈਂਕ 11ਵੇਂ ਅਤੇ 12ਵੇਂ ਸਥਾਨ ਉਪਰ ਰਿਹਾ। ਹੁਣ ਪੰਜਾਬ 19ਵੇਂ ਰੈਂਕ ਤੇ ਪਹੁੰਚ ਗਿਆ ਹੈ।

ਖੇਤੀ, ਉਦਯੋਗ ਅਤੇ ਸੇਵਾਵਾਂ ਦੇ ਖੇਤਰ ਵਿੱਚ ਵੀ ਦੂਜੇ ਰਾਜਾਂ ਦੇ ਮੁਕਾਬਲੇ ਪੰਜਾਬ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਪੰਜਾਬ ਵਿੱਚ ਖੇਤੀ ਖੇਤਰ ਦੀ ਵਿਕਾਸ ਦਰ 1992 ਤੋਂ ਬਾਅਦ ਦੇਸ਼ ਦੀ ਖੇਤੀ ਖੇਤਰ ਦੀ ਔਸਤ ਵਿਕਾਸ ਦਰ ਤੋਂ ਹੇਠ ਹੀ ਰਹੀ ਹੈ। ਸੈਕੰਡਰੀ ਸੈਕਟਰ (ਜਿਸ ਵਿੱਚ ਉਦਯੋਗ ਵੀ ਸ਼ਾਮਿਲ ਹਨ) ਦੀ ਵਿਕਾਸ ਦਰ 1980 ਤੋਂ 2019 ਦੇ 39 ਸਾਲਾਂ ਦੇ ਸਮੇਂ ਦੌਰਾਨ 28 ਸਾਲਾਂ ਲਈ ਦੇਸ਼ ਦੇ ਸੈਕੰਡਰੀ ਸੈਕਟਰ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹੀ ਹੈ। ਸੇਵਾਵਾਂ ਦੇ ਖੇਤਰ ਦੀ ਕਹਾਣੀ ਵੀ ਕੋਈ ਬਹੁਤੀ ਵੱਖਰੀ ਨਹੀਂ। ਪਿਛਲੇ 40 ਸਾਲਾਂ ਦੇ ਸਮੇਂ ਦੌਰਾਨ ਪੰਜਾਬ ਦੇ ਸੇਵਾਵਾਂ ਖੇਤਰ ਦੀ ਵਿਕਾਸ ਦਰ ਦੇਸ਼ ਦੇ ਸੇਵਾਵਾਂ ਖੇਤਰ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹੀ ਹੈ। ਅਜਿਹਾ ਮੁੱਖ ਤੌਰ ਤੇ ਵੱਖ-ਵੱਖ ਸਰਕਾਰਾਂ ਵਲੋਂ ਸਿਆਸੀ ਇੱਛਾ ਦੀ ਘਾਟ, ਅਲਪ ਦ੍ਰਿਸ਼ਟੀ ਵਾਲੀਆਂ ਆਰਥਿਕ ਨੀਤੀਆਂ (ਓਹੜ-ਪੋਹੜ ਵਾਲੀਆਂ), ਵਿਕਾਸ ਦੀਆਂ ਗਲਤ ਪ੍ਰਥਮਿਕਤਾਵਾਂ ਅਤੇ ਵਿੱਤੀ ਬਦ-ਇੰਤਜ਼ਾਮੀ ਕਰਕੇ ਹੋਇਆ।

ਇਹ ਵੀ ਇੱਕ ਤਲਖ ਹਕੀਕਤ ਹੈ ਕਿ ਖਾੜਕੂਵਾਦ ਦੀ ਲਹਿਰ ਤੋਂ ਬਾਅਦ ਪੰਜਾਬ ਦਾ ਜ਼ਿਆਦਾ ਝੁਕਾਓ ਵਿਕਾਸ ਤੋਂ ਗੈਰ-ਵਿਕਾਸ (ਭਾਵ ਕਾਨੂੰਨ ਵਿਵਸਥਾ) ਵੱਲ ਹੋ ਗਿਆ। ਉਸ ਤੋਂ ਬਾਅਦ ਮਾਲੀ ਅਤੇ ਪੂੰਜੀ ਖਾਤਿਆਂ ਵਿੱਚੋਂ ਵਿਕਾਸ ਕਾਰਜਾਂ ਉਪਰ ਬਜਟ ਦਾ ਪ੍ਰਤੀਸ਼ਤ ਹਿੱਸਾ ਘਟਣਾ ਸ਼ੁਰੂ ਹੋ ਗਿਆ। ਸਾਲ 1980-81 ਵਿੱਚ ਬਜਟ ਵਿੱਚੋਂ 72 ਪ੍ਰਤੀਸ਼ਤ ਵਿਕਾਸ ਕਾਰਜਾਂ ਉਪਰ ਖਰਚਾ ਕੀਤਾ ਗਿਆ ਸੀ। ਪਰ 1990-91 ਵਿੱਚ ਇਹ 66 ਪ੍ਰਤੀਸ਼ਤ ਰਹਿ ਗਿਆ। ਇਕਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਇਹ ਹਿੱਸਾ 42 ਤੋਂ 46 ਪ੍ਰਤੀਸ਼ਤ ਵਿਚਕਾਰ ਰਿਹਾ। ਉਸ ਤੋਂ ਬਾਅਦ ਵਾਲੇ ਸਾਲਾਂ ਵਿੱਚ ਵਿਕਾਸ ਕਾਰਜਾਂ ਦਾ ਹਿੱਸਾ 48 ਤੋਂ 51 ਪ੍ਰਤੀਸ਼ਤ ਵਿਚਕਾਰ ਰਿਹਾ। ਪ੍ਰਤੀ-ਵਿਅਕਤੀ ਪੂੰਜੀ ਖਰਚੇ ਦੇ ਹਿਸਾਬ (ਪੂੰਜੀ ਖਰਚਾ ਮੁੱਖ ਤੌਰ ਤੇ ਵਿਕਾਸ ਕਾਰਜਾਂ ਉਪਰ ਕੀਤੇ ਖਰਚੇ ਨੂੰ ਕਹਿੰਦੇ ਹਨ) ਨਾਲ ਪੰਜਾਬ ਜਨਰਲ ਕੈਟੇਗਰੀ ਦੇ 17 ਰਾਜਾਂ ਵਿੱਚੋਂ 11ਵੇਂ ਸਥਾਨ ਤੇ ਹੈ। ਸਾਲ 2011-12 ਅਤੇ 2020-21 ਦੇ ਸਮੇਂ ਦੌਰਾਨ ਪੰਜਾਬ ਵਿੱਚ ਪੂੰਜੀ ਖਰਚਾ ਰਾਜ ਦੇ ਸਮੁੱਚੇ ਘਰੇਲੂ ਉਤਪਾਦਨ ਦਾ ਕੇਵਲ 0.7 ਪ੍ਰਤੀਸ਼ਤ ਸੀ। ਇਸ ਤੋਂ ਇਲਾਵਾ ਪੰਜਾਬ ਸਿਰ ਵੱਧ ਰਹੇ ਕਰਜ਼ੇ ਅਤੇ ਵਿੱਤੀ ਸਾਧਨਾਂ ਦਾ ਸੰਭਾਵੀ ਰਾਸ਼ੀ ਤੋਂ ਘੱਟ ਇਕੱਤਰ ਹੋਣ ਕਰਕੇ ਪੰਜਾਬ ਵਿੱਤੀ ਘਾਟੇ ਅਨੁਸਾਰ 17 ਜਨਰਲ ਕੈਟੇਗਰੀ ਦੇ ਰਾਜਾਂ ਵਿੱਚੋਂ ਉਪਰੋ ਤੀਜੇ ਨੰਬਰ ਤੇ ਹੈ। ਦੂਜੇ ਸ਼ਬਦਾਂ ਵਿੱਚ ਕੇਵਲ ਇੱਕ ਰਾਜ ਅਜਿਹਾ ਹੈ ਜਿਸਦੇ ਵਿੱਤੀ ਘਾਟੇ (ਸਮੁੱਚੇ ਰਾਜ ਘਰੇਲੂ ਉਤਪਾਦਨ ਦੇ ਅਨੁਪਾਤ) ਦੀ ਪ੍ਰਤੀਸ਼ਤਤਾ ਪੰਜਾਬ ਤੋਂ ਜ਼ਿਆਦਾ ਸੀ।

ਸਪਸ਼ਟ ਹੈ ਕਿ ਪੰਜਾਬ ਨੂੰ ਆਪਣੀ ਮਾੜੀ ਆਰਥਿਕ ਕਾਰਗੁਜਾਰੀ ਦੀ ਸੰਜ਼ੀਦਾ ਸਮੀਖਿਆ ਕਰਨ ਦੀ ਲੋੜ ਹੈ। ਇਹ ਵੀ ਲੋੜ ਹੈ ਕਿ ਵਿਕਾਸ ਸਬੰਧੀ ਨੀਤੀਆਂ ਅਤੇ ਪ੍ਰਥਮਿਕਤਾਵਾਂ ਉਪਰ ਖੁੱਲ ਕੇ ਵਿਚਾਰ-ਵਟਾਦਰਾਂ ਕੀਤਾ ਜਾਵੇ ਤਾਂ ਕਿ ਪੰਜਾਬ ਦੀ ਮੌਜੂਦਾ ਆਰਥਿਕ ਮੰਦਹਾਲੀ ਦੇ ਕਾਰਨਾਂ ਦੀ ਤਹਿ ਤੱਕ ਜਾਇਆ ਜਾਵੇ। ਇਹ ਘੋਖਣ ਦੀ ਲੋੜ ਹੈ ਕਿ ਅਜਿਹੇ ਕਿਹੜੇ ਕਾਰਨ ਅਤੇ ਪ੍ਰਸਥਿਤੀਆਂ ਸਨ ਜਿਨ੍ਹਾਂ ਕਰਕੇ ਪੰਜਾਬ ਪਿਛਲੇ ਤਿੰਨ ਦਹਾਕਿਆਂ ਤੋਂ ਬਹੁਤ ਸਾਰੇ ਰਾਜਾਂ ਦੇ ਮੁਕਾਬਲੇ ਆਰਥਿਕ ਵਿਕਾਸ ਦਰ ਵਿੱਚ ਪੱਛੜ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਦੀਆਂ ਕੁਝ ਅੰਤਰਜਾਤ (inherent) ਸੀਮਾਵਾਂ ਹਨ ਪਰ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਦੂਜੇ ਰਾਜਾਂ ਦੇ ਮੁਕਾਬਲੇ ਹੇਠਾਂ ਰਹਿਣ ਪਿੱਛੇ ਇਹੀ ਇਕੱਲਾ ਕਾਰਨ ਨਹੀਂ। ਹੋਰ ਵੀ ਬਹੁਤ ਸਾਰੇ ਕਾਰਨ ਹੋਣਗੇ ਜਿਨ੍ਹਾਂ ਬਾਰੇ ਆਪਾ-ਪੜਚੋਲ ਕਰਨ ਦੀ ਲੋੜ ਹੈ ਅਤੇ ਹਕੀਕਤ ਤੋਂ ਮੂੰਹ ਮੋੜਨ ਵਾਲੇ ਰੌਅ ਵਿੱਚ ਬਾਹਰ ਆ ਕੇ ਤਲਖ-ਹਕੀਕਤਾਂ ਦਾ ਸਾਹਮਣਾ ਕਰਨ ਦੀ ਲੋੜ ਹੈ। "ਮੈਂ ਨਾ ਮਾਨੂੰ" ਵਾਲੀ ਮਾਨਸਿਕ ਅਵਸਥਾ ਤੋਂ ਬਾਹਰ ਆਉਣ ਦੀ ਲੋੜ ਹੈ।

ਪੰਜਾਬ ਗਹਿਰੇ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਜੋ ਵੱਧ ਰਹੇ ਕਰਜ਼ੇ ਅਤੇ ਇਸ ਰਾਸ਼ੀ ਉਪਰ ਵੱਧ ਰਹੇ ਵਿਆਜ ਭੁਗਤਾਨ ਅਤੇ ਵੱਧ ਰਹੇ ਵਿੱਤੀ ਘਾਟੇ ਤੋਂ ਸਪਸ਼ਟ ਹੈ। ਅਜਿਹਾ ਕੇਵਲ ਸੰਭਾਵੀ ਵਿੱਤੀ ਸਾਧਨਾਂ ਤੋਂ ਘੱਟ ਵਿੱਤੀ ਸਾਧਨ ਖਜ਼ਾਨੇ ਵਿੱਚ ਲਿਆਉਣ ਕਾਰਨ ਹੀ ਨਹੀਂ ਸਗੋਂ ਸੀਮਿਤ ਵਿੱਤੀ ਸਾਧਨਾਂ ਦੀ ਵਿਵੇਕਹੀਣ ਵਰਤੋਂ ਵੀ ਮੌਜੂਦਾ ਸੰਕਟ ਲਈ ਜ਼ਿੰਮੇਵਾਰ ਹੈ। ਇਸ ਲਈ ਤਰਕਹੀਣ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ, ਵਿੱਤੀ ਬਦ-ਇੰਤਜ਼ਾਮੀ ਆਦਿ ਵੀ ਜ਼ਿੰਮੇਵਾਰ ਹਨ। ਕਾਂਗਰਸ ਦੀ ਸਰਕਾਰ ਵੇਲੇ ਸਾਰੀਆਂ ਔਰਤਾਂ ਨੂੰ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਨੇ ਵੀ ਖਜ਼ਾਨੇ ਉਪਰ ਚੋਖਾ ਭਾਰ ਪਾਇਆ ਜਿਸ ਕਾਰਨ ਪੈਪਸੂ ਰੋਡਵੇਜ਼ ਅਤੇ ਪੰਜਾਬ ਰੋਡਵੇਜ਼ ਦਾ ਵਿੱਤੀ ਸੰਕਟ ਵੱਧ ਗਿਆ। ਆਮ ਆਦਮੀ ਪਾਰਟੀ (ਜਿਸ ਦੀ ਇਸ ਵੇਲੇ ਪੰਜਾਬ ਵਿੱਚ ਸਰਕਾਰ ਹੈ) ਨੇ ਵੀ 2022 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਕਈ ਅਜਿਹੀਆਂ 'ਗਰੰਟੀਆਂ' (ਜਿਵੇਂ ਹਰ ਇੱਕ ਪਰਿਵਾਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣਾ ਅਤੇ 18 ਸਾਲ ਤੋਂ ਉਪਰ ਵਾਲੀਆਂ ਸਾਰੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਦੇਣਾ ਆਦਿ) ਦਿੱਤੀਆਂ ਗਈਆਂ ਜੋ ਆਰਥਿਕ ਤਰਕ ਦੀ ਘਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ। ਮੁਹੱਲਾ ਕਲੀਨਿਕਾਂ ਵਾਲੇ ਮਾਡਲ ਦੀ ਥਾਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਥਿਤ ਡਿਸਪੈਂਸਰੀਆਂ, ਸਬ-ਸੈਂਟਰਾਂ ਅਤੇ ਹੋਰ ਸਾਰੇ ਕਿਸਮ ਦੇ ਸਿਹਤ ਕੇਂਦਰਾਂ ਨੂੰ ਹੀ ਮਜ਼ਬੂਤ ਕਰਨਾ ਬਣਦਾ ਹੈ। ਮੌਜੂਦਾ ਸਿਹਤ ਕੇਂਦਰਾਂ ਦੀਆਂ ਬਿਲਡਿੰਗਾਂ ਨੂੰ ਹੀ ਠੀਕ ਕਰਕੇ ਉਨ੍ਹਾਂ ਵਿੱਚ ਲੋੜੀਂਦੀ ਗਿਣਤੀ ਵਿੱਚ ਡਾਕਟਰ ਅਤੇ ਪੈਰਾ-ਮੈਡੀਕਲ ਅਮਲੇ ਦੇ ਨਾਲ-ਨਾਲ ਦਵਾਈਆਂ ਅਤੇ ਲੋੜੀਂਦੇ ਕਲੀਨਿਕਲ ਟੈਸਟ ਮੁਹੱਈਆ ਕਰਕੇ ਬਿਹਤਰ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਦੀਆਂ ਹਨ। ਪੰਜਾਬ ਵਿੱਚ 12500 ਦੇ ਕਰੀਬ ਪਿੰਡਾਂ ਵਿੱਚ ਪਹਿਲਾਂ ਹੀ 3000 ਦੇ ਲੱਗਭੱਗ ਡਿਸਪੈਂਸਰੀਆਂ ਅਤੇ ਹੋਰ ਸਬ-ਸੈਂਟਰ ਹਨ ਜਿਨ੍ਹਾਂ ਰਾਹੀਂ ਤਕਰੀਬਨ 4 ਤੋਂ 5 ਪਿੰਡਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ। ਇਸ ਵੇਲੇ ਲੋੜ ਹੈ ਸਿਹਤ ਸੇਵਾਵਾਂ ਦੀ ਪੂਰੀ ਦੀ ਪੂਰੀ ਲੜੀ (ਮੁੱਢਲੀਆਂ ਸਿਹਤ ਸਹੂਲਤਾਂ, ਸੈਕੰਡਰੀ ਸਿਹਤ ਸਹੂਲਤਾਂ ਅਤੇ ਟਰਸ਼ਰੀ ਸਿਹਤ ਸਹੂਲਤਾਂ) ਵਿੱਚ ਵਧੀਆ ਤਾਲਮੇਲ ਅਤੇ ਸੁਮੇਲ ਬਣਾਇਆ ਜਾਵੇ ਜਿਸ ਨਾਲ ਲੋਕਾਂ ਨੂੰ ਵਧੀਆ ਅਤੇ ਸਸਤੀਆਂ ਸਿਹਤ ਸਹੂਲਤਾਂ ਮਿਲ ਸਕਣ ਜੋ ਆਮ ਪਰਿਵਾਰਾਂ ਦੀ ਪਹੁੰਚ ਵਿੱਚ ਹੋਣ। ਲੋੜਵੰਦਾਂ ਨੂੰ ਅਜਿਹੇ ਸਰਕਾਰੀ ਸਿਹਤ ਪ੍ਰਬੰਧ ਵਿੱਚ ਮੁਫ਼ਤ ਸਹੂਲਤਾਂ ਦਿੱਤੀਆਂ ਜਾਣ ਤਾਂ ਕਿ ਲੋਕ (ਖਾਸ ਕਰਕੇ ਗਰੀਬ ਅਤੇ ਮੱਧ ਵਰਗ) ਪ੍ਰਾਈਵੇਟ ਹਸਪਤਾਲਾਂ ਦੇ ਧੌਣ-ਭੰਨਵੇਂ ਖਰਚਿਆਂ ਤੋਂ ਬੱਚ ਸਕਣ। ਹਾਂ, ਜੇਕਰ 'ਮੁਹੱਲਾ ਕਲੀਨਿਕ' ਨਾਮ ਇਨ੍ਹਾਂ ਹੀ ਚੰਗਾ ਲਗਦਾ ਹੈ ਤਾਂ ਉਪਰੋਕਤ ਦੱਸੇ ਮੁੱਢਲੇ ਕੇਂਦਰਾਂ ਨੂੰ ਮੁਹੱਲਾ ਕਲੀਨਿਕ ਦਾ ਨਾਮ ਦੇ ਦਿੱਤਾ ਜਾਵੇ।



ਲੋੜਵੰਦਾਂ ਨੂੰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦੇ ਨਾਲ-ਨਾਲ ਆਰਥਿਕ ਵਿਕਾਸ, ਮਨੁੱਖੀ ਪੂੰਜੀ ਦੇ ਵਿਕਾਸ (ਜੋ ਸਿੱਖਿਆ, ਸਿਹਤ ਅਤੇ ਹੁਨਰ ਨਾਲ ਹੋਣਾ ਹੈ) ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਸਖ਼ਤ ਜ਼ਰੂਰਤ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਨਿਵੇਸ਼ (ਸਰਕਾਰੀ ਅਤੇ ਪ੍ਰਾਈਵੇਟ) ਵਧਾਇਆ ਜਾਵੇ। ਨਿਵੇਸ਼ ਤੋਂ ਬਿਨਾ ਵਿਕਾਸ ਅਤੇ ਰੁਜ਼ਗਾਰ ਵਧਾਉਂਣਾ ਸੰਭਵ ਹੀ ਨਹੀਂ। ਪਰ ਪੰਜਾਬ ਵਿੱਚ ਸਾਲ 1996-97 ਤੋਂ ਲੈ ਕੇ ਨਿਵੇਸ਼-ਆਮਦਨ ਅਨੁਪਾਤ (investment GSDP ratio) ਦੇਸ਼ ਦੇ ਔਸਤ ਨਿਵੇਸ਼-ਆਮਦਨ ਅਨੁਪਾਤ ਤੋਂ ਬਹੁਤ ਹੇਠਾਂ ਰਹਿ ਰਿਹਾ ਹੈ। 1995-96 ਦੌਰਾਨ ਪੰਜਾਬ ਦਾ ਨਿਵੇਸ਼-ਆਮਦਨ ਅਨੁਪਾਤ 30 ਪ੍ਰਤੀਸ਼ਤ ਅਤੇ ਦੇਸ਼ ਦਾ ਔਸਤ ਅਨੁਪਾਤ 27 ਪ੍ਰਤੀਸ਼ਤ ਸੀ। ਪਰ ਉਸ ਤੋਂ ਬਾਅਦ ਦੇਸ਼ ਦਾ ਔਸਤ ਨਿਵੇਸ਼-ਆਮਦਨ ਅਨੁਪਾਤ (6 ਕੁ ਸਾਲਾਂ ਨੂੰ ਛੱਡ ਕੇ) 29 ਪ੍ਰਤੀਸ਼ਤ ਤੋਂ 39 ਪ੍ਰਤੀਸ਼ਤ ਵਿਚਕਾਰ ਰਿਹਾ, ਜਦ ਕਿ ਪੰਜਾਬ ਦਾ ਔਸਤ ਅਨੁਪਾਤ ਦਰ 13 ਪ੍ਰਤੀਸ਼ਤ ਅਤੇ 21 ਪ੍ਰਤੀਸ਼ਤ ਵਿਚਕਾਰ ਹੀ ਰਿਹਾ। ਜੇਕਰ ਪੰਜਾਬ ਵਿੱਚ ਨਿਵੇਸ਼-ਆਮਦਨ ਅਨੁਪਾਤ ਰਾਸ਼ਟਰੀ ਔਸਤ ਦੇ ਬਰਾਬਰ ਹੁੰਦਾ ਤਾਂ ਰਾਜ ਵਿੱਚ 1996-97 ਅਤੇ 1999-2000 ਦੌਰਾਨ ਸਲਾਨਾ 4257 ਕਰੋੜ ਰੁਪਏ ਦਾ ਨਿਵੇਸ਼ ਹੋਰ ਹੋਣਾ ਚਾਹੀਦਾ ਸੀ। ਇਸੀ ਪੈਮਾਨੇ ਨਾਲ 2001-02 ਅਤੇ 2018-19 ਦੌਰਾਨ ਪੰਜਾਬ ਵਿੱਚ ਸਲਾਨਾ ਔਸਤ ਨਿਵੇਸ਼ 45781 ਕਰੋੜ ਰੁਪਏ ਹੋਰ ਹੋਣਾ ਚਾਹੀਦਾ ਸੀ। ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਹੋਇਆ ਕਿਉਂ ਨਹੀਂ? ਇਹ ਮੁੱਖ ਤੌਰ ਤੇ ਪੰਜਾਬ ਅੰਦਰ ਨਿਵੇਸ਼ ਦਾ ਸਾਕਾਰਤਕ ਮਾਹੌਲ ਨਾ ਹੋਣ ਕਰਕੇ ਹੋਇਆ ਹੈ, ਜਿਸ ਦੀ ਮੁੱਖ ਜ਼ਿੰਮੇਵਾਰੀ ਪੰਜਾਬ ਵਿੱਚ ਰਾਜ ਕਰ ਰਹੀਆਂ ਵੱਖ-ਵੱਖ ਸਿਆਸੀ ਪਾਰਟੀਆਂ ਸਿਰ ਹੈ। ਪਰ ਉਹ ਮੰਨਣ ਤੋਂ ਇਨਕਾਰੀ ਹਨ। ਉਹ ਕਹਿ ਰਹੀਆਂ ਹਨ ਕਿ ਇਹ ਸਾਰਾ ਕੇਂਦਰ ਦੀਆਂ ਵਿਤਕਰੇ ਭਰੀਆਂ ਨੀਤੀਆਂ ਕਾਰਨ ਹੋਇਆ ਹੈ। ਕੁੱਝ ਹੱਦ ਤੱਕ ਇਹ ਠੀਕ ਵੀ ਹੈ ਪਰ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜਣਾ ਨਹੀਂ ਚਾਹੀਦਾ। ਉਮੀਦ ਹੈ 'ਆਪ' ਪਾਰਟੀ ਦੀ ਸਰਕਾਰ ਅਜਿਹਾ ਨਹੀਂ ਕਰੇਗੀ। ਨਿਵੇਸ਼ ਦੀ ਇੰਨੀ ਜ਼ਿਆਦਾ ਘਾਟ ਕਾਰਨ ਹੀ ਪੰਜਾਬ (ਪਿਛਲੇ 30 ਕੁ ਸਾਲਾਂ ਤੋਂ) ਵਿਕਾਸ ਦਰ ਅਤੇ ਪ੍ਰਤੀ-ਵਿਅਕਤੀ ਆਮਦਨ ਵਿੱਚ ਦੇਸ਼ ਦੇ ਬਹੁਤ ਸਾਰੇ ਸੂਬਿਆਂ ਤੋਂ ਹੇਠਾਂ ਚਲਿਆ ਆ ਰਿਹਾ ਹੈ। ਕੁਝ ਲੋਕ (ਜਿਨ੍ਹਾਂ ਵਿੱਚ ਕੁਝ ਮਾਹਿਰ ਅਤੇ ਰਾਜਨੀਤਕ ਨੇਤਾ ਵੀ ਸ਼ਾਮਿਲ ਹਨ) ਇਹ ਦਲੀਲ ਦਿੰਦੇ ਹਨ ਕਿ ਪੰਜਾਬ ਦਾ ਆਰਥਿਕ ਆਧਾਰ ਵੱਡਾ ਹੋਣ ਕਰਕੇ ਥੋੜੀ ਵਿਕਾਸ ਦਰ ਨਾਲ ਵੀ ਆਮਦਨ ਵਿੱਚ ਚੋਖਾ ਵਾਧਾ ਹੋ ਜਾਂਦਾ ਹੈ। ਜੇਕਰ ਅਜਿਹਾ ਵਰਤਾਰਾ ਇੱਕ ਅੱਧੇ ਦਹਾਕੇ ਤੱਕ ਸੀਮਿਤ ਰਹਿੰਦਾ ਤਾਂ ਇਸ ਦਲੀਲ ਨਾਲ ਸਹਿਮਤ ਹੋਇਆ ਜਾ ਸਕਦਾ ਸੀ।

ਸਚਾਈ ਇਹ ਹੈ ਕਿ ਵਿਕਾਸ ਅਤੇ ਰੁਜ਼ਗਾਰ ਦੇ ਬੁਨਿਆਦੀ ਮੁੱਦਿਆਂ ਵੱਲ ਤਵੱਜੋ ਨਹੀਂ ਦਿੱਤੀ ਗਈ। ਇਸ ਦੀ ਥਾਂ ਸਿਆਸੀ ਪਾਰਟੀਆਂ ਸਸਤੀ-ਸੌਹਰਤ ਭਰੀ ਮੁਕਾਬਲੇਬਾਜੀ ਵਾਲੀ ਸਿਆਸਤ ਵਿੱਚ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਵਿੱਚ ਰੁਝੀਆਂ ਰਹੀਆਂ। ਬਹੁਤ ਸਾਰੇ ਸੰਭਾਵੀ ਵਿੱਤੀ ਸਾਧਨ ਖਜ਼ਾਨੇ ਵਿੱਚ ਆਉਣ ਦੀ ਬਜਾਏ ਨਿੰਜੀ ਜੇਬਾਂ ਵਿੱਚ ਚਲੇ ਗਏ। ਜੇ ਯਕੀਨ ਨਹੀਂ ਆਉਂਦਾ ਤਾਂ ਨੇਤਾਵਾਂ ਅਤੇ ਅਫ਼ਸਰਸ਼ਾਹੀ ਦੀ ਧੰਨ-ਸੰਪਤੀ ਵਿੱਚ ਹੋਇਆ ਕਈ ਗੁਣਾ ਵਾਧਾ ਵੇਖ ਲਵੋ। ਅਸਲ ਵਿੱਚ ਕਰ ਦੇਣ ਵਾਲਿਆਂ ਦੀ ਅਫ਼ਸਰਸ਼ਾਹੀ ਅਤੇ ਰਾਜਨੀਤਿਕ ਨੇਤਾਵਾਂ ਨਾਲ ਮਿਲੀ ਭੁਗਤ ਕਾਰਨ ਹੀ ਪੰਜਾਬ ਦੇ ਖਜ਼ਾਨੇ ਵਿੱਚ ਬਹੁਤ ਵੱਡੀ ਰਾਸ਼ੀ ਨਹੀਂ ਆ ਸਕੀ। ਜੋ ਸੀਮਿਤ ਸਾਧਨ ਖਜ਼ਾਨੇ ਵਿੱਚ ਲਿਆਂਦੇ ਵੀ ਗਏ ਉਨ੍ਹਾਂ ਦਾ ਵੀ ਪੂਰੀ ਤਰ੍ਹਾਂ ਸਦਉਪਯੋਗ ਨਹੀਂ ਕੀਤਾ ਗਿਆ। ਹਰ ਇੱਕ ਚੋਣ ਤੋਂ ਬਾਅਦ ਸਸਤੀ ਸ਼ੋਹਰਤ ਵਾਲੀ ਮੁਕਾਬਲੇਸ਼ਾਜੀ ਭਰੀ ਸਿਆਸਤ ਦੀ ਡਿਗਰੀ ਵੱਧਦੀ ਹੀ ਗਈ ਜਿਸਦੀ ਚਰਮ ਸੀਮਾ 2022 ਦੀਆਂ ਚੋਣਾਂ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਦੇ ਚੋਣ-ਮੈਨੀਫੈਸਟਾਂ ਵਿੱਚ ਸਪਸ਼ਟ ਨਜ਼ਰ ਆਉਂਦੀ ਹੈ। ਅਜਿਹੇ ਵਰਤਾਰੇ ਕਾਰਨ ਪੰਜਾਬ ਨੇ ਆਰਥਿਕ ਵਿਕਾਸ ਦੇ ਬਹੁਮੁੱਲੇ ਮੌਕੇ ਗਵਾ ਲਏ।

ਚਾਹੀਦਾ ਤਾਂ ਇਹ ਸੀ ਕਿ ਚੋਣ ਮੈਨੀਫੈਸਟੋ ਪੰਜਾਬ ਨੂੰ ਦਰਪੇਸ਼ ਆਰਥਿਕ ਅਤੇ ਸਮਾਜਿਕ ਮੁੱਦਿਆਂ ਉਪਰ ਕੇਂਦਰਤ ਹੁੰਦੇ ਅਤੇ ਉਨ੍ਹਾਂ ਦੇ ਸਮਾਧਾਨ ਦਾ ਕੋਈ ਰੋਡ ਮੈਪ ਦਿੰਦੇ, ਪਰ ਅਜਿਹਾ ਹੋਇਆ ਨਹੀਂ। ਪਿਛਲੇ ਤਕਰੀਬਨ ਤੀਹ ਕੁ ਸਾਲਾਂ ਦੇ ਅਜਿਹੇ ਵਰਤਾਰੇ ਨੇ ਨਾ ਕੇਵਲ ਪੰਜਾਬ ਨੂੰ ਫਾਡੀ ਰਾਜ ਬਣਾਇਆ ਬਲਕਿ ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ ਵੀ ਬਹੁਤ ਵਧਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸਾਲ 1980-81 ਵਿੱਚ ਪੰਜਾਬ ਸਰਕਾਰ ਸਿਰ ਕਰਜ਼ਾ ਕੇਵਲ 1009 ਕਰੋੜ ਰੁਪਏ ਸੀ ਅਤੇ 1990-91 ਵਿੱਚ 7102 ਕਰੋੜ ਰੁਪਏ ਸੀ, ਜੋ ਵੱਧਦਾ ਹੀ ਜਾ ਰਿਹਾ ਹੈ। ਸਾਲ 2001-02 ਵਿੱਚ 34063 ਕਰੋੜ ਰੁਪਏ ਹੋ ਗਿਆ। ਸਾਲ 2011-12 ਵਿੱਚ ਪੰਜਾਬ ਸਿਰ ਕਰਜਾ 83099 ਕਰੋੜ ਰੁਪਏ (ਰਾਜ ਦੀ ਸਮੁੱਚੀ ਆਮਦਨ ਦਾ 31.17 ਪ੍ਰਤੀਸ਼ਤ) ਸੀ ਜੋ 2020-21 ਵਿੱਚ 2.58 ਲੱਖ ਕਰੋੜ (ਆਮਦ ਦਾ 42.54 ਪ੍ਰਤੀਸ਼ਤ) ਹੋ ਗਿਆ। ਸਾਲ 2021-22 ਵਿੱਚ ਕਰਜ਼ੇ ਦਾ ਬੋਝ 3 ਲੱਖ ਕਰੋੜ ਤੱਕ ਪਹੁੰਚ ਗਿਆ ਸੀ। ਇਸ ਹਿਸਾਬ ਨਾਲ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਸਿਰ ਇੱਕ ਲੱਖ ਰੁਪਏ ਦਾ ਸਰਕਾਰੀ ਕਰਜ਼ਾ ਹੈ। ਕਾਂਗਰਸ ਦੇ 2002-07 ਦੇ ਰਾਜ ਕਾਲ ਸਮੇਂ ਕਰਜ਼ੇ ਵਿੱਚ ਔਸਤ ਸਲਾਨਾ ਵਾਧਾ 3418.4 ਕਰੋੜ ਰੁਪਏ ਸੀ। ਇਸ ਤੋਂ ਬਾਅਦ ਅਕਾਲੀ-ਭਾਜਪਾ ਦੀ ਸਰਕਾਰ ਦੇ 2007-12 ਦੌਰਾਨ ਸਲਾਨਾ 6388.8 ਕਰੋੜ ਰੁਪਏ ਵਧਿਆ। ਇਸੇ ਸਰਕਾਰ ਦੇ ਅਗਲੇ ਪੰਜ ਸਾਲਾਂ (2012-17) ਦੇ ਸਮੇਂ ਦੌਰਾਨ ਕਰਜਾ 19885.4 ਕਰੋੜ ਰੁਪਏ ਸਲਾਨਾ ਦੇ ਹਿਸਾਬ ਨਾਲ ਵਧਿਆ। ਕਾਂਗਰਸ ਦੇ 2017-22 ਦੇ ਸ਼ਾਸ਼ਨ ਦੌਰਾਨ ਕਰਜ਼ਾ ਵੱਧਣ ਦੀ ਸਲਾਨਾ ਔਸਤ 23498.8 ਕਰੋੜ ਰੁਪਏ ਰਹੀ। ਵੇਖੋ ਇੱਕ ਤੋਂ ਬਾਅਦ ਇੱਕ ਸਰਕਾਰ ਪੰਜਾਬ ਦੀ ਕਿੰਨੀ ਤਰੱਕੀ ਕਰ ਰਹੀ ਹੈ? ਜਨਰਲ ਕੈਟੇਗਰੀ ਦੇ 17 ਰਾਜਾਂ ਵਿੱਚੋਂ ਪੰਜਾਬ ਦਾ ਪ੍ਰਤੀ-ਵਿਅਕਤੀ ਕਰਜਾ ਸਭ ਤੋਂ ਜ਼ਿਆਦਾ ਹੈ। ਪੰਜਾਬ ਸਰਕਾਰ ਦੁਆਰਾ ਆਪਣੇ ਕਰਾਂ ਰਾਹੀਂ ਜੋ ਸਲਾਨਾ ਮਾਲੀਆ ਇਕੱਤਰ ਕੀਤਾ ਜਾ ਰਿਹਾ ਹੈ ਉਸ ਵਿੱਚੋਂ ਦੋ-ਤਿਹਾਈ ਤਾਂ ਕਰਜ਼ੇ ਉਪਰ ਵਿਆਜ ਦੇਣ ਤੇ ਖਰਚ ਹੋ ਜਾਂਦਾ ਹੈ। **ਇਹ ਵੀ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ ਕਿ ਪੰਜਾਬ ਵਿੱਚ ਸਵੈ-ਕਰ ਆਮਦਨ (ੌਨ-ਟਅਣ ਰੲਵੲਨੁੲ) ਅਨੁਪਾਤ ਜੋ 2012-13 ਵਿੱਚ 7.49 ਪ੍ਰਤੀਸ਼ਤ ਸੀ ਉਹ 2020-21 ਵਿੱਚ ਘੱਟ ਕੇ 4.95 ਪ੍ਰਤੀਸ਼ਤ ਕਿਉਂ ਹੋ ਗਿਆ (ਜਦ ਕਿ ਸੂਬੇ ਦੀ ਆਮਦਨ ਵੱਧ ਰਹੀ ਹੈ)? ਜੇਕਰ 2020-21 ਵਿੱਚ ਸਵੈ-ਕਰਾਂ ਦੀ ਉਗਰਾਹੀ ਦੀ ਦਰ 2012-13 ਵਾਲੀ ਹੁੰਦੀ ਤਾਂ ਵਿੱਤੀ ਸਾਲ 2020-21 ਵਿੱਚ 16012 ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿੱਚ ਹੋਰ ਆ ਸਕਦੇ ਸਨ। ਵਰਣਨਯੋਗ ਹੈ ਕਿ 2012-13 ਤੋਂ ਬਾਅਦ ਸਵੈ-ਕਰਾਂ ਦੀ ਉ-ਗਰਾਹੀ ਦੀ ਦਰ ਹਰ ਸਾਲ ਘੱਟਦੀ ਹੀ ਗਈ ਹੈ। ਜੇਕਰ ਇਨ੍ਹਾਂ ਸਾਲਾਂ ਦੌਰਾਨ ਸਵੈ-ਕਰ ਉਗਰਾਹੀ ਦੀ ਦਰ 2012-13 ਵਾਲੀ ਵੀ ਰਹਿੰਦੀ ਤਾਂ ਹਰ ਸਾਲ ਸਰਕਾਰੀ ਖਜ਼ਾਨੇ ਵਿੱਚ ਕਾਫੀ ਮਾਤਰਾ ਵਿੱਚ ਵਾਧੂ ਮਾਲੀਆ ਆ ਸਕਦਾ ਸੀ। ਇਸੇ ਤਰ੍ਹਾਂ ਸਵੈ-ਗੈਰ ਟੈਕਸ ਮਾਲੀਏ (non-own tax revenue) ਦੀ ਦਰ ਵੀ ਕਾਫੀ ਹੇਠ-ਉਤੇ ਹੁੰਦੀ ਰਹਿੰਦੀ ਰਹੀ ਹੈ ਜਿਸ ਕਰਕੇ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਇਆ ਹੈ।** ਇਹ ਜਾਨਣਾ ਮਹੱਤਵਪੂਰਨ ਹੈ ਕਿ ਪ੍ਰਤੀ-ਵਿਅਕਤੀ ਸਵੈ-ਕਰ ਆਮਦਨ ਦੇ ਹਿਸਾਬ ਨਾਲ 17 ਜਨਰਲ ਕੈਟੇਗਰੀ ਰਾਜਾਂ ਵਿੱਚੋਂ ਪੰਜਾਬ ਦਾ 8ਵਾਂ ਨੰਬਰ ਹੈ। ਇਸੇ ਤਰ੍ਹਾਂ ਪੰਜਾਬ ਪ੍ਰਤੀ-ਵਿਅਕਤੀ ਵਿੱਤੀ ਘਾਟੇ ਮੁਤਾਬਿਕ ਉਪਰੋ ਦੂਜੇ ਨੰਬਰ ਤੇ ਹੈ ਜਦ ਪ੍ਰਤੀ ਜੀਅ ਮਾਲੀ ਘਾਟੇ ਅਨੁਸਾਰ ਪੰਜਾਬ ਸਭ ਤੋਂ ਪਹਿਲੇ ਨੰਬਰ ਤੇ ਹੈ। ਜੇ ਇਹੀ ਹਾਲ ਰਿਹਾ ਤਾਂ 2027 ਤੱਕ ਪੰਜਾਬ ਸਿਰ ਕਰਜ਼ੇ ਦਾ ਬੋਝ 4.25 ਲੱਖ ਕਰੋੜ ਅਤੇ 4.50 ਲੱਖ ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ। ਪਰ ਹਾਂ ਜੇ ਮੌਜੂਦਾ ਸਰਕਾਰ ਸੰਭਾਵੀ ਵਿੱਤੀ ਸਾਧਨ ਖਜ਼ਾਨੇ ਵਿੱਚ ਲਿਆਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਅਤੇ ਉਨ੍ਹਾਂ ਸਾਧਨਾਂ ਦਾ ਉਚਿਤ ਉਪਯੋਗ ਕਰਕੇ ਵਿਕਾਸ ਕਰੇ ਅਤੇ ਰੁਜ਼ਗਾਰ ਦੇ ਮੌਕੇ ਵਧਾ ਲੈਂਦੀ ਹੈ ਤਾਂ ਕਰਜ਼ੇ ਦਾ ਬੋਝ ਘੱਟ ਵੀ ਸਕਦਾ ਹੈ।

ਕਰਜ਼ੇ ਦੀ ਸਾਲ 2020-21 ਦੀ ਰਾਸ਼ੀ ਮਾਲੀਏ ਤੋਂ 4.4 ਗੁਣਾ ਜ਼ਿਆਦਾ ਹੈ। ਕਰਜ਼ੇ ਦੀ ਅਦਾਇਗੀ ਦੀ ਰਾਸ਼ੀ (ਵਿਆਜ ਅਤੇ ਮੂਲ ਦੀ ਕਿਸ਼ਤ) ਸਾਲ 2011-12 ਵਿੱਚ 8955 ਕਰੋੜ ਤੋਂ ਵੱਧਕੇ 2020-21 ਵਿੱਚ ਲਏ 32258 ਕਰੋੜ ਦੇ ਕਰਜ਼ੇ ਦਾ 99.94 ਪ੍ਰਤੀਸ਼ਤ ਸੀ। ਸਪਸ਼ਟ ਹੈ ਕਿ ਕਰਜ਼ੇ ਦੀ ਅਦਾਇਗੀ ਕਰਜ਼ਾ ਲੈ ਕੇ ਕੀਤੀ ਜਾ ਰਹੀ ਹੈ। ਦਰਅਸਲ ਪੰਜਾਬ ਸਰਕਾਰ ਸਿਰ ਕਰਜ਼ਾ ਇੰਨਾ ਜ਼ਿਆਦਾ ਹੋ ਗਿਆ ਕਿ ਸਰਕਾਰ ਕਰਜਾ-ਕੜਿਕੀ (Debt-trap) ਵਿੱਚ ਫਸ ਗਈ ਹੈ। ਸਰਕਾਰ ਕਰਜ਼ਾ ਲੈ ਕੇ ਕੰਮ-ਕਾਜ ਚਲਾ ਰਹੀ ਹੈ। ਵਿੱਤੀ ਸਾਧਨਾਂ ਦੀ ਘਾਟ (ਜੋ ਸਸਤੀ-ਸ਼ੋਸ਼ੇਬਾਜੀ ਵਾਲੀ ਸਿਆਸਤ ਅਤੇ ਵਿੱਤੀ ਬਦ-ਇੰਤਜ਼ਾਮੀ ਅਤੇ ਗੈਰ-ਵਿਕਾਸੀ ਪ੍ਰਕ੍ਰਿਆ ਕਾਰਨ ਉਤਪੰਨ ਹੋਈ ਹੈ) ਕਾਰਨ ਹੀ ਪੰਜਾਬ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਸਰਕਾਰੀ ਭਰਤੀ ਜਾਂ ਤਾਂ ਹੋ ਨਹੀਂ ਰਹੀ ਤੇ ਜੋ ਥੋੜੀ ਬਹੁਤੀ ਹੋ ਰਹੀ ਹੈ, ਉਹ ਵੀ ਮੁੱਢਲੇ ਵੇਤਨ ਉਪਰ ਹੋ ਰਹੀ ਹੈ, ਜੋ ਰੁਜ਼ਗਾਰ ਦਾ ਬਹੁਤ ਹੀ ਮਾੜਾ ਮਾਡਲ ਹੈ। ਵਿੱਤੀ ਸਾਧਨਾਂ ਦੀ ਘਾਟ ਕਾਰਨ ਹੀ ਸਰਕਾਰੀ ਕਰਮਚਾਰੀਆਂ ਦੇ ਬਹੁਤ ਵੱਡੇ ਬਕਾਏ ਸਰਕਾਰ ਵੱਲ ਖੜੇ ਹਨ। ਇਸ ਕਰਕੇ ਹੀ ਅਜੇ ਕਾਲਜ ਅਤੇ ਯੂਨੀਵਰਸਿਟੀਆਂ ਅਧਿਆਪਕਾਂ ਨੂੰ ਤਨਖਾਹ ਸਕੇਲ (ਜੋ ਜਨਵਰੀ 2016 ਤੋਂ ਮਿਲਣੇ ਸਨ) ਨਹੀਂ ਮਿਲੇ। ਸਰਕਾਰੀ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ (ਜੋ ਮਾਲਵੇ ਖਿੱਤੇ ਦੀ ਸਿਰਮੌਰ ਸੰਸਥਾ ਹੈ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉਨਤੀ ਨੂੰ ਸਮਰਪਿਤ ਹੈ) ਦਾ ਵਿੱਤੀ ਸੰਕਟ ਕੁਝ ਜ਼ਿਆਦਾ ਹੀ ਗੰਭੀਰ ਹੈ। ਯੂਨੀਵਰਸਿਟੀ ਕੋਈ 150 ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਥੱਲੇ ਹੈ ਅਤੇ ਅਕਸਰ ਹੀ ਤਨਖਾਹਾਂ ਅਤੇ ਪੈਨਸ਼ਨਾਂ ਦੇਣ ਵਿੱਚ ਮਹੀਨਿਆਂ-ਬੱਧੀ ਦੇਰੀ ਹੋ ਜਾਂਦੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਚੋਣਾਂ ਤੋਂ ਪਹਿਲਾਂ ਉਸ ਵੇਲੇ ਦੇ ਮੁੱਖ ਮੰਤਰੀ ਸ੍ਰੀ ਚੰਨੀ ਜੀ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਆ ਕੇ ਕਰਜਾ ਪੰਜਾਬ ਸਰਕਾਰ ਸਿਰ ਲੈਣ ਦਾ ਅਤੇ ਸਲਾਨਾ ਸਹਾਇਤਾ 9 ਕਰੋੜ ਰੁਪਏ ਤੋਂ ਵਧਾ ਕੇ 20 ਕਰੋੜ ਰੁਪਏ ਕਰਨ ਦਾ ਜਨਤਕ ਤੌਰ ਤੇ ਵਾਅਦਾ ਕੀਤਾ ਸੀ। ਮੌਜੂਦਾ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੇ ਵੀ ਯੂਨੀਵਰਸਿਟੀ ਨੂੰ ਵਿੱਤੀ ਸੰਕਟ ਵਿੱਚੋਂ ਬਾਹਰ ਕੱਢਣ ਲਈ ਜਨਤਕ ਤੌਰ ਤੇ ਆਸਵਾਸਨ ਦਿੱਤਾ ਸੀ ਪਰ ਹੁਣ ਤੱਕ ਹੋਇਆ ਕੁਝ ਨਹੀਂ। ਨਵੀਂ ਪੰਜਾਬ ਸਰਕਾਰ, ਜੋ ਸਿਹਤ ਅਤੇ ਸਿੱਖਿਆ ਸੇਵਾਵਾਂ ਮੁਫ਼ਤ ਦੇਣ ਲਈ ਵਚਨਬੱਧ ਹੈ, ਤੋਂ ਕੁਝ ਉਮੀਦ ਕੀਤੀ ਜਾ ਸਕਦੀ ਹੈ।

### ਕੀਤਾ ਕੀ ਜਾਵੇ?

ਇਹ ਇੱਕ ਤਲਖ ਸਚਾਈ ਹੈ ਕਿ ਪੰਜਾਬ ਬਹੁਤ ਪੱਖਾਂ ਤੋਂ ਪੱਛੜ ਗਿਆ ਹੈ। ਪਰ ਸਾਰੀਆਂ ਸੀਮਾਵਾਂ ਦੇ ਬਾਵਜੂਦ ਭਵਿੱਖੀ ਵਿਕਾਸ ਲਈ ਆਪਣੀਆਂ ਨੀਤੀਆਂ ਬਣਾਉਂਣ ਵੇਲੇ ਸਾਡੇ ਲਈ ਆਪਣੀਆਂ ਸ਼ਕਤੀਆਂ, ਕਮਜ਼ੋਰੀਆ/ਸੀਮਾਵਾਂ, ਮੌਕਿਆ ਅਤੇ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਸਾਨੂੰ ਪਤਾ ਹੈ ਕਿ ਸਾਡੇ ਮਾਨਵੀ ਸਰੋਤ (ਮਾਨਵੀ ਪੂੰਜੀ), ਉਪਜਾਊ ਮਿੱਟੀ (ਜੋ ਬਹੁਤ ਘੱਟ ਖਿੱਤਿਆ ਦੇ ਹਿੱਸੇ ਵਿੱਚ

**(ਬਾਕੀ ਅਗਲੇ ਸਫੇ 'ਤੇ)**

# ਪੰਜਾਬ ਬਜਟ 2022-23 : ਆਰਥਿਕਤਾ, ਚੁਣੌਤੀਆਂ ਅਤੇ ਵਿਕਲਪ

(ਸਫਾ 16 ਦੀ ਬਾਕੀ)

ਆਈ ਹੈ) ਅਤੇ ਪਾਣੀ (ਇਹ ਵੀ ਬਹੁਤ ਘੱਟ ਖਿੱਤਿਆ ਵਿੱਚ ਹੈ) ਸਾਡੀਆਂ ਮੁੱਖ ਤਾਕਤਾਂ ਹਨ। ਪਰ ਪਿਛਲੇ ਕੁਝ ਦਹਾਕਿਆਂ ਤੋਂ ਅਸੀਂ ਆਪਣੀਆਂ ਨੀਤੀਆਂ ਅਤੇ ਅਣਗਹਿਲੀਆਂ ਕਾਰਨ ਇਨ੍ਹਾਂ ਸਰੋਤਾਂ/ਸ਼ਕਤੀਆਂ ਨੂੰ ਖੋਰਾ ਲਾਇਆ ਹੈ। ਚੁਣੌਤੀ ਇਹ ਹੈ ਕਿ ਅਸੀਂ ਆਪਣੀਆਂ ਸ਼ਕਤੀਆਂ ਨੂੰ ਹੋਰ ਕਿਵੇਂ ਵਧਾ ਸਕਦੇ ਹਾਂ ਅਤੇ ਆਪਣੀਆਂ ਕਮਜ਼ੋਰੀਆ/ਸੀਮਤਾਵਾਂ ਨੂੰ ਕਿਵੇਂ ਘਟਾ ਸਕਦੇ ਹਾਂ ਅਤੇ ਸੰਭਾਵਨਾਵਾਂ ਤੋਂ ਕਿਵੇਂ ਵੱਧ ਤੋਂ ਵੱਧ ਫਾਇਦਾ ਲੈ ਸਕਦੇ ਹਾਂ? ਪਰ ਆਲਮ ਇਹ ਹੈ ਕਿ ਪਿਛਲੇ ਤਕਰੀਬਨ ਤਿੰਨ ਕੁ ਦਹਾਕਿਆਂ ਤੋਂ ਵੱਖ-ਵੱਖ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਅਜਿਹੀਆਂ ਨੀਤੀਆਂ ਬਨਾਉਣ ਦੀ ਬਜਾਏ ਐਡਹਾਕ ਨੀਤੀਆਂ (ਓਹੜ-ਪੋਹੜ) ਰਾਹੀਂ ਹੀ ਕੰਮ ਚਲਾ ਰਹੀਆਂ ਹਨ। ਇਥੋਂ ਤੱਕ ਕਿ ਪੰਜਾਬ ਵਿੱਚ ਕੋਈ ਖੇਤੀ ਨੀਤੀ ਵੀ ਨਹੀਂ ਹੈ ਜਦ ਕਿ ਪੰਜਾਬ ਕਿਸਾਨ ਕਮਿਸ਼ਨ ਵਲੋਂ 2013 ਅਤੇ 2018 ਵਿੱਚ ਖੇਤੀ-ਨੀਤੀ ਦੇ ਡਰਾਫਟ ਤਿਆਰ ਕਰਕੇ ਸਰਕਾਰ ਨੂੰ ਸੌਂਪੇ ਗਏ ਪਰ ਖੇਤੀ ਨੀਤੀ ਅੱਜ ਤੱਕ ਨਹੀਂ ਬਣੀ। ਉਦਯੋਗਿਕ ਨੀਤੀ ਵੀ ਟੁੱਟੀ ਭੱਜੀ ਜਿਹੀ ਹੈ। ਪਾਣੀ ਨੀਤੀ ਵੀ ਨਾ ਦੇ ਬਰਾਬਰ ਹੀ ਹੈ। ਇਸ ਲਈ ਲੋੜ ਹੈ ਕਿ ਹਰ ਖੇਤਰ (ਖੇਤੀ, ਉਦਯੋਗ ਅਤੇ ਸੇਵਾਵਾਂ) ਲਈ ਢੁਕਵੀਆਂ ਨੀਤੀਆਂ ਬਣਾਈਆਂ ਜਾਣ ਅਤੇ ਪ੍ਰਭਾਵੀ ਢੰਗ ਨਾਲ ਲਾਗੂ ਕੀਤੀਆਂ ਜਾਣ। ਸਾਰੀਆਂ ਨੀਤੀਆਂ ਵਿਚਕਾਰ ਆਪਸੀ ਤਾਲਮੇਲ ਜ਼ਰੂਰੀ ਹੈ। ਮਨੁੱਖੀ ਪੂੰਜੀ ਦੇ ਵਿਕਾਸ ਲਈ ਸਿੱਖਿਆ, ਸਿਹਤ ਅਤੇ ਹੁਨਰ-ਸਿਖਲਾਈ ਨੂੰ ਪਹਿਲ ਦਿੱਤੀ ਜਾਵੇ ਤਾਂ ਕਿ ਪੰਜਾਬ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕੇ।

## ਸੈਕਟਰ ਆਧਾਰਤ ਸੰਖੇਪ ਸੁਝਾਓ

### ਖੇਤੀ ਸੈਕਟਰ

ਪੰਜਾਬ ਵਿੱਚ ਖੇਤੀ, ਕਿਸਾਨੀ ਅਤੇ ਖੇਤ-ਮਜ਼ਦੂਰ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਖੇਤੀ ਲਾਗਤਾਂ ਵੱਧ ਰਹੀਆਂ ਹਨ, ਖੇਤੀ ਤੋਂ ਸ਼ੁੱਧ ਆਮਦਨ ਘੱਟ ਰਹੀ ਹੈ, ਖੇਤੀ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਰਹੇ ਹਨ, ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਰਿਹਾ ਹੈ, ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਉਪਰ ਕਰਜ਼ਾ ਵੱਧ ਰਿਹਾ ਹੈ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਕਿਸਾਨ ਅਤੇ ਮਜ਼ਦੂਰ ਵੱਡੀ ਗਿਣਤੀ (ਸਾਲ 2001 ਤੋਂ ਲੈ ਕੇ ਹੁਣ ਤੱਕ ਤਕਰੀਬਨ 20,000 ਕਿਸਾਨ ਅਤੇ ਖੇਤ ਮਜ਼ਦੂਰ) ਵਿੱਚ ਆਤਮ-ਹੱਤਿਆਵਾਂ ਕਰ ਚੁੱਕੇ ਹਨ। ਇਸ ਲਈ ਲੋੜ ਹੈ ਕਿ ਖੇਤੀ ਦੇ ਟਿਕਾਊ ਮਾਡਲ ਦੇ ਨਾਲ-ਨਾਲ ਉਪਰੋਕਤ ਸਾਰੀਆਂ ਸਮੱਸਿਆਵਾਂ ਦੇ ਪੁੱਖਤਾ ਹੱਲ ਲੱਭੇ ਜਾਣ। ਰੁਜ਼ਗਾਰ ਪੈਦਾ ਕਰਨ ਲਈ ਖੇਤੀ ਆਧਾਰਤ ਸਨਅਤਾਂ ਅਤੇ ਹੋਰ ਖੇਤਰਾਂ ਵਿੱਚ ਸਨਅਤਾਂ ਲਾਈਆਂ ਜਾਣ। ਪਾਣੀ ਦੇ ਨਿੱਤ ਗਿਰ ਰਹੇ ਪੱਧਰ ਲਈ ਜ਼ਰੂਰੀ ਹੈ ਕਿ ਫਸਲੀ ਵਿਭਿੰਨਤਾ ਲਾਗੂ ਕੀਤੀ ਜਾਵੇ ਅਤੇ ਨਾਲ ਹੀ ਮਿੱਟੀ ਦੀ ਗੁਣਵੱਤਾ ਵਧਾਉਣ ਦੇ ਯਤਨ ਕੀਤੇ ਜਾਣ। ਇਸ ਲਈ ਵਿਕਲਪੀ ਫਸਲਾਂ ਦੇ ਵੱਧ ਝਾੜ ਦੇਣ ਵਾਲੇ ਬੀਜ ਤਿਆਰ ਕਰਨ ਲਈ ਖੋਜ ਉਤਸ਼ਾਹਿਤ ਕੀਤੀ ਜਾਵੇ ਅਤੇ ਨਾਲ ਹੀ ਕੁਦਰਤੀ ਅਤੇ ਜੈਵਿਕ ਖੇਤੀ ਨੂੰ ਵੀ ਉਤਸ਼ਾਹਿਤ ਕੀਤਾ ਜਾਵੇ। ਵਿਕਲਪੀ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਹਾਲ ਹੀ ਵਿੱਚ ਮੂੰਗੀ ਨੂੰ ਘੱਟੋ-ਘੱਟ ਸਮਰਥਨ ਮੁੱਖ ਤੇ ਖਰੀਦਣ ਦੇ ਆਸਵਾਸਨ ਨਾਲ ਕੁਝ ਆਸ ਬੱਝੀ ਹੈ। ਇਥੇ ਇਹ ਵੀ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਖੇਤੀ ਨੂੰ ਵੱਧ ਤੋਂ ਵੱਧ ਲਾਹੇਵੰਦ ਬਨਾਉਣਾ ਹੋਵੇਗਾ ਨਹੀਂ ਤਾਂ ਬਹੁਤ ਸਾਰੇ ਕਿਸਾਨ (ਜੇ ਕੋਈ ਢੁਕਵਾਂ ਵਿਲਕਪ ਮਿਲੇ ਤਾਂ) ਖੇਤੀ ਛੱਡਣਾ ਚਾਹੁੰਦੇ ਹਨ। ਲੇਖਕ ਜਦ ਪਾਣੀ ਸਬੰਧੀ ਅਧਿਐਨ (2013-15 ਦੇ ਸਾਲਾ ਦੌਰਾਨ) ਕਰ ਰਿਹਾ ਸੀ ਤਾਂ ਇੱਕ ਸੁਆਲ ਦੇ ਜੁਆਬ ਵਿੱਚ ਪੰਜਾਬ ਦੇ ਤਕਰੀਬਨ 80 ਪ੍ਰਤੀਸ਼ਤ ਕਿਸਾਨਾਂ ਨੇ ਕਿਹਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਖੇਤੀ ਵਿੱਚ ਨਹੀਂ ਰੱਖਣਾ ਚਾਹੁੰਦੇ। ਇਸ ਲਈ ਖੇਤੀ ਨੂੰ ਲਾਹੇਵੰਦ ਅਤੇ ਟਿਕਾਊ ਬਨਾਉਣ ਲਈ ਢੁਕਵੀਂ ਖੇਤੀ ਨੀਤੀ ਦੀ ਸਖਤ ਜ਼ਰੂਰਤ ਹੈ। ਖੇਤੀ ਖੇਤਰ ਅਤੇ ਖੇਤੀ-ਆਧਾਰਤ ਸਨਅਤਾਂ ਜਿਥੇ ਬਹੁਤ ਜ਼ਿਆਦਾ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰ ਸਕਦੇ ਹਨ, ਉਥੇ ਗਰੀਬੀ ਦੂਰ ਕਰਨ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਖੇਤੀ ਆਧਾਰਤ ਸਨਅਤਾਂ ਕਿਸਾਨ ਸਮੂਹਾਂ ਦੁਆਰਾ ਲਾਈਆਂ ਜਾਣ। ਖੇਤੀ ਵਿੱਚ ਸਹਿਕਾਰਤਾ ਵਧਾਈ ਜਾਵੇ ਅਤੇ ਵਾਤਾਵਰਨ ਹਿਤੈਸ਼ੀ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ। ਪਰ ਅਜਿਹਾ ਕਰਨ ਲਈ ਢੁਕਵੀਂ ਖੇਤੀ ਅਤੇ ਪਾਣੀ ਨੀਤੀ ਦਾ ਹੋਣਾ ਜ਼ਰੂਰੀ ਹੈ। ਖੇਤੀ ਖੇਤਰ ਵਿੱਚ ਜਨਤਕ ਨਿਵੇਸ਼ ਵਧਾਉਂਣ ਦੀ ਵੀ ਲੋੜ ਹੈ।

### ਉਦਯੋਗ

ਪੰਜਾਬ ਦੇ ਉਦਯੋਗਿਕ ਖੇਤਰ ਵਿੱਚ ਇੱਕ ਤਰ੍ਹਾਂ ਨਾਲ ਖੜੋਤ ਜਿਹੀ ਵਾਲੀ ਸਥਿਤੀ ਹੈ। ਇਸ ਨੂੰ ਤੋੜਨ ਲਈ ਜ਼ਰੂਰੀ ਹੈ ਕਿ ਢੁਕਵੀਂ ਉਦਯੋਗਿਕ ਨੀਤੀ ਤਿਆਰ ਕਰਕੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਉਦਯੋਗਿਕ ਖੇਤਰ ਵਿੱਚ ਹੁਨਰ-ਅਜੋੜ (ਠਜਤਠ ਦੀ ਸਮੱਸਿਆ ਕਰਕੇ ਅਤੇ ਘੱਟ ਉਜਰਤਾ ਕਰਕੇ ਬਹੁਤ ਸਾਰੇ ਪੰਜਾਬੀ ਨੌਜਵਾਨ ਇਨ੍ਹਾਂ ਉਦਯੋਗਾਂ ਵਿੱਚ ਰੁਜ਼ਗਾਰ ਪ੍ਰਾਪਤ ਨਹੀਂ ਕਰ ਪਾ ਰਹੇ। ਸੋ ਜ਼ਰੂਰੀ ਹੈ ਕਿ ਉਦਯੋਗਿਕ ਸਿਖਲਾਈ ਸੰਸਥਾਵਾਂ (mismatch) ਅਤੇ ਬਹੁ-ਮੰਤਵੀ ਹੁਨਰ ਕਾਲਜਾਂ/ਸੰਸਥਾਵਾਂ ਨੂੰ ਉਦਯੋਗਿਕ ਲੋੜਾਂ ਦੇ ਹਾਣ ਦਾ ਬਣਾ ਕੇ ਨੌਜੁਆਵਾਂ ਨੂੰ ਲੋੜੀਂਦੇ ਹੁਨਰ ਦੀ ਸਿਖਲਾਈ ਦਿੱਤੀ ਜਾਵੇ ਅਤੇ ਰੁਜ਼ਗਾਰ ਦੇ ਯੋਗ ਬਣਾਇਆ ਜਾਵੇ। ਇਸ ਮਾਮਲੇ ਵਿੱਚ ਸਬੰਧਤ ਉਦਯੋਗਾਂ ਅਤੇ ਸਿਖਲਾਈ ਸੰਸਥਾਵਾਂ (ITIs) ਵਿੱਚ ਢੁਕਵਾਂ ਤਾਲਮੇਲ ਬਿਠਾਇਆ ਜਾਵੇ। ਪੰਜਾਬ ਵਿੱਚ ਵੱਡੇ ਉਦਯੋਗ ਬਹੁਤੇ ਨਹੀਂ ਹਨ ਪਰ ਲਘੂ, ਛੋਟੇ ਅਤੇ ਮੱਧਿਅਮ (micro, small and medium) ਉਦਯੋਗ ਜ਼ਿਆਦਾ ਹਨ। ਇਸ ਵਕਤ 14.65 ਲੱਖ ਲਘੂ ਅਤੇ ਛੋਟੀਆਂ ਉਦਯੋਗਿਕ ਇਕਾਈਆਂ ਵਿੱਚੋਂ 14.56 ਲੱਖ ਲਘੂ (micro) ਉਦਯੋਗਿਕ ਇਕਾਈਆਂ ਹਨ। ਇਹ ਇਕਾਈਆਂ ਤਕਰੀਬਨ 25 ਲੱਖ ਰੁਪਏ ਦੇ ਕਰੀਬ ਰੁਜ਼ਗਾਰ ਦੇ ਰਹੀਆਂ ਹਨ। ਵਿੱਤ ਦੀ ਘਾਟ, ਤਕਨੀਕੀ-ਨਵਿਆਉਣ ਦੀ ਘਾਟ ਅਤੇ ਹੁਨਰ-ਖੱਪਾ (skill mismatch) ਇਨ੍ਹਾਂ ਇਕਾਈਆਂ ਦੀਆਂ ਮੁੱਖ ਚੁਣੌਤੀਆਂ ਹਨ। ਲੋੜ ਹੈ ਇਨ੍ਹਾਂ ਦੀਆਂ ਅਜਿਹੀਆਂ ਅਤੇ ਹੋਰ ਸੀਮਾਵਾਂ ਨੂੰ ਦੂਰ ਕਰਕੇ ਇਨ੍ਹਾਂ ਨੂੰ ਹੋਰ ਸਮਰੱਥ ਬਣਾਇਆ ਜਾਵੇ ਤਾਂ ਕਿ ਇਹ ਉਤਪਾਦਨ ਅਤੇ ਰੁਜ਼ਗਾਰ ਵਿੱਚ ਆਪਣਾ ਬਣਦਾ ਯੋਗਦਾਨ ਵਧਾ ਸਕਣ। ਇਸ ਦੇ ਨਾਲ ਹੀ ਮੱਧਿਅਮ ਅਤੇ ਵੱਡੇ ਉਦਯੋਗ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਣ। ਇਸ ਲਈ ਜ਼ਰੂਰੀ ਹੈ ਕਿ ਸਰਕਾਰ ਉਦਯੋਗਾਂ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਵਾਏ ਅਤੇ ਢੁਕਵੀਂ ਉਦਯੋਗਿਕ ਨੀਤੀ ਤਿਆਰ ਕਰਕੇ ਲਾਗੂ ਕੀਤੀ ਜਾਵੇ। ਨਿਵੇਸ਼ ਵਧਾਉਣ ਲਈ ਸੂਬੇ ਅੰਦਰ ਢੁਕਵਾਂ ਨਿਵੇਸ਼ ਮਾਹੌਲ ਬਣਾਇਆ ਜਾਵੇ।

### ਬੇ-ਰੁਜ਼ਗਾਰੀ

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਬੇ-ਰੁਜ਼ਗਾਰੀ ਦੀ ਦਰ 8 ਪ੍ਰਤੀਸ਼ਤ ਹੈ, ਜੋ ਦੇਸ਼ ਦੀ ਔਸਤ ਬੇ-ਰੁਜ਼ਗਾਰੀ ਤੋਂ ਵੱਧ ਹੈ। ਨੌਜੁਆਨਾਂ ਵਿੱਚ ਬੇ-ਰੁਜ਼ਗਾਰੀ ਦੀ ਦਰ 22 ਪ੍ਰਤੀਸ਼ਤ ਹੈ। ਅਸਲੀਅਤ ਇਹ ਹੈ ਕਿ ਪੰਜਾਬ ਵਿੱਚ ਰੁਜ਼ਗਾਰ ਵਧਣ ਦੀ ਥਾਂ ਘੱਟ ਰਿਹਾ ਹੈ। ਖੇਤੀ ਖੇਤਰ ਵਿੱਚ ਰੁਜ਼ਗਾਰ ਘੱਟ ਰਿਹਾ ਹੈ ਅਤੇ ਗੈਰ ਖੇਤੀ-ਖੇਤਰ ਵਿੱਚ ਵੀ ਬਹੁਤਾ ਵੱਧ ਨਹੀਂ ਰਿਹਾ। ਉਦਯੋਗਿਕ ਖੇਤਰ ਵਿੱਚ 1980-81 ਅਤੇ 1990-91 ਦੌਰਾਨ ਰੁਜ਼ਗਾਰ ਵਿੱਚ ਵਾਧੇ ਦੀ ਸਲਾਨਾ ਦਰ 7.80 ਪ੍ਰਤੀਸ਼ਤ ਸੀ ਜੋ 1990-91 ਅਤੇ 2000-01 ਵਿੱਚ 2.53 ਪ੍ਰਤੀਸ਼ਤ ਰਹਿ ਗਈ। 2000-01 ਅਤੇ 2010-11 ਦੌਰਾਨ ਇਹ 0.67 ਪ੍ਰਤੀਸ਼ਤ ਸੀ ਪਰ 2010-11 ਤੋਂ 2014-15 ਦੌਰਾਨ 2.11 ਪ੍ਰਤੀਸ਼ਤ ਸੀ। ਇਸ ਤੋਂ ਸਪਸ਼ਟ ਹੈ ਕਿ ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਵਿੱਚ ਵਾਧੇ ਦੀ ਦਰ ਘੱਟ ਹੀ ਰਹੀ ਹੈ। ਇਸ ਵਿੱਚ ਪੰਜਾਬ ਸਰਕਾਰ ਦਾ ਨਿਵੇਸ਼ ਪ੍ਰਤੀ ਰਵੱਈਆ ਅਤੇ ਕੇਂਦਰ ਸਰਕਾਰ ਵਲੋਂ ਗਵਾਂਢੀ ਰਾਜਾਂ ਨੂੰ ਦਿੱਤੀਆਂ ਕਰ ਛੋਟਾਂ ਅਤੇ ਹੋਰ ਸਹੂਲਤਾਂ ਵੀ ਜ਼ਿੰਮੇਵਾਰ ਹਨ। ਪੰਜਾਬ ਸਰਕਾਰ ਵਲੋਂ 1998 ਵਿੱਚ ਕਰਵਾਏ ਅਧਿਐਨ ਅਨੁਸਾਰ 18 ਤੋਂ 35 ਸਾਲਾਂ ਦੇ ਨੌਜਵਾਨਾਂ ਵਿੱਚ 14.72 ਲੱਖ (8.98 ਲੱਖ ਪੜੇ ਲਿਖੇ ਅਤੇ 5.74 ਲੱਖ ਅਨਪੜ੍ਹ) ਬੇ-ਰੁਜ਼ਗਾਰ ਸਨ। ਉਸ ਤੋਂ ਤਕਰੀਬਨ 20 ਕੁ ਸਾਲ ਬਾਅਦ ਕੀਤੇ ਸਰਵੇ (ਅਸੈਬਲੀ ਵਿੱਚ ਪੇਸ਼ ਕੀਤੇ ਨੋਟ ਫਾਰ ਪੈਡ ਅਨੁਸਾਰ) ਵਿੱਚ ਦੱਸਿਆ ਗਿਆ ਕਿ ਪੰਜਾਬ ਵਿੱਚ 14.19 ਲੱਖ ਵਿਅਕਤੀ ਰੁਜ਼ਗਾਰ ਦੀ ਭਾਲ ਵਿੱਚ ਹਨ, ਭਾਵ ਬੇ-ਰੁਜ਼ਗਾਰ ਹਨ। ਇਹ ਵੀ ਦੱਸਿਆ ਗਿਆ ਕਿ 12.25 ਲੱਖ ਵਿਅਕਤੀ ਅਜਿਹੇ ਸਨ ਜਿਨ੍ਹਾਂ ਨੂੰ ਲੰਘੇ ਸਾਲ ਦੌਰਾਨ ਤਿੰਨ ਮਹੀਨੇ ਤੋਂ ਘੱਟ ਸਮੇਂ ਲਈ ਰੁਜ਼ਗਾਰ ਮਿਲਿਆ ਸੀ। ਹਰ ਸਾਲ 2 ਲੱਖ ਹੋਰ ਨਵੇਂ ਵਿਅਕਤੀ ਕਿਰਤ ਮੰਡੀ ਵਿੱਚ ਦਾਖਲ ਹੋ ਰਹੇ ਹਨ। ਮੇਰੇ ਆਪਣੇ ਅੰਦਾਜ਼ੇ ਮੁਤਾਬਿਕ ਪੰਜਾਬ ਵਿੱਚ ਇਸ ਵੇਲੇ 22 ਲੱਖ ਤੋਂ 25 ਲੱਖ ਦੇ ਕਰੀਬ ਕਿਰਤੀ ਬੇ-ਰੁਜ਼ਗਾਰ ਹਨ, ਜੋ ਪੰਜਾਬ ਦੀ ਕੁੱਲ ਕਿਰਤ ਸ਼ਕਤੀ ਦਾ ਤਕਰੀਬਨ 25 ਪ੍ਰਤੀਸ਼ਤ ਬਣਦਾ ਹੈ। ਯਾਦ ਰਹੇ ਕਿ 1930ਵਿਆਂ ਦੇ ਮਹਾਂ-ਮੰਦਵਾੜੇ ਵੇਲੇ ਅਮਰੀਕਾ ਵਿੱਚ 25 ਪ੍ਰਤੀਸ਼ਤ ਕਿਰਤੀ ਬੇ-ਰੁਜ਼ਗਾਰ ਸਨ। ਸੋ, ਪੰਜਾਬ ਦੇ ਬੇਰੁਜ਼ਗਾਰੀ ਦੇ ਅੰਕੜੇ ਮਹਾਂ-ਮੰਦਵਾੜੇ ਵਰਗੇ ਹੀ ਹਨ। ਪਿਛਲੀ ਸਰਕਾਰ ਵਲੋਂ ਬੜੇ ਰੁਜ਼ਗਾਰ ਮੇਲੇ ਲਗਾਉਣ ਦੇ ਬਾਵਜੂਦ ਅਤੇ ਘਰ-ਘਰ ਰੁਜ਼ਗਾਰ ਦੇ ਵਾਅਦੇ ਵੀ ਮਹਿਜ ਲਫਾਫੇਬਾਜੀ ਹੀ ਨਿਕਲੀ। ਸਰਕਾਰ ਨੇ ਉਹ ਰੁਜ਼ਗਾਰ ਵੀ ਆਪਣੇ ਖਾਤੇ ਵਿੱਚ ਪਾ ਲਿਆ ਜੋ ਨਿੱਜੀ ਕੰਪਨੀਆਂ ਨੇ ਆਪਣੇ ਤੌਰ ਤੇ ਕਰਨਾ ਹੀ ਸੀ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਕਈ ਬਾ-ਰੁਜ਼ਗਾਰ ਵਿਅਕਤੀਆਂ ਨੂੰ ਤਾਂ ਇੱਕ ਤੋਂ ਵੱਧ ਵਾਰ ਨਿਯੁਕਤੀ ਪੱਤਰ ਦੇ ਕੇ ਅੰਕੜੇ ਸਰਕਾਰੀ ਖਾਤੇ ਵਿੱਚ ਪਾ ਲਏ ਗਏ। ਦਰਅਸਲ ਜੋ ਰੁਜ਼ਗਾਰ ਪੈਦਾ ਵੀ ਹੋ ਰਿਹਾ ਹੈ, ਉਸਦੀ ਗੁਣਵੱਤਾ ਬਹੁਤ ਮਾੜੀ ਹੈ। ਮੁੱਢਲੀ ਤਨਖਾਹ ਤੇ ਰੁਜ਼ਗਾਰ ਦੇਣਾ ਬਹੁਤ ਹੀ ਮਾੜੀ ਪ੍ਰਥਾ ਹੈ। ਕਮਾਲ ਇਹ ਹੈ ਕਿ ਅਜਿਹੇ ਨਿਯੁਕਤੀ ਪੱਤਰ ਵੀ ਮੁੱਖ ਮੰਤਰੀ ਅਤੇ ਮੰਤਰੀ ਵੱਡੇ-ਵੱਡੇ ਫੰਕਸ਼ਨ ਆਯੋਜਿਤ ਕਰਕੇ ਦੇ ਰਹੇ ਹਨ। ਇੱਕ ਸਮਾਂ ਸੀ ਜਦ ਕਲਾਸ ਏ ਪੋਸਟਾਂ ਦੇ ਨਿਯੁਕਤੀ ਪੱਤਰ ਵੀ ਡਾਕ ਰਾਹੀਂ ਘਰ ਪਹੁੰਚ ਜਾਂਦੇ ਸਨ ਅਤੇ ਉਹ ਵੀ ਪੂਰੇ ਵੇਤਨ ਉਪਰ। ਨਿਯੁਕਤੀ ਪੱਤਰ ਵੱਡੇ-ਵੱਡੇ ਫੰਕਸ਼ਨ ਕਰਕੇ ਦੇਣ ਦੀ ਬਜਾਏ ਤੇਜ਼ ਡਾਕ ਮਾਧਿਅਮ ਰਾਹੀਂ ਭੇਜੇ ਜਾ ਸਕਦੇ ਹਨ। ਅਜਿਹਾ ਕਰਨ ਨਾਲ ਮੁੱਖ ਮੰਤਰੀ ਅਤੇ ਮੰਤਰੀ ਸਾਹਿਬਾਨ ਆਪਣਾ ਕੀਮਤੀ ਵਕਤ ਦਾ ਇਸ ਤੋਂ ਵਧੀਆ ਉਪਯੋਗ ਕਰ ਸਕਦੇ ਹਨ।

### ਬੇ-ਰੁਜ਼ਗਾਰੀ, ਨਸ਼ੇ ਅਤੇ ਵਿਦੇਸ਼ੀ ਪਰਵਾਸ

ਬੇ-ਰੁਜ਼ਗਾਰੀ ਦੇ ਨਾਲ ਨਸ਼ਿਆਂ ਦਾ ਪ੍ਰਕੋਪ ਅਤੇ ਨੌਜਵਾਨਾਂ ਵਲੋਂ ਵਿਦੇਸ਼ਾਂ ਨੂੰ ਪਰਵਾਸ ਵੀ ਵੱਧ ਰਿਹਾ ਹੈ। ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਪੰਜਾਬੀ ਨੌਜੁਆਨ ਵਿਦੇਸ਼ਾਂ ਨੂੰ ਜਾ ਰਹੇ ਹਨ। ਬਹੁਤ ਸਾਰੇ ਮਾਪੇ ਇਹ ਸਮਝ ਰਹੇ ਹਨ ਕਿ ਪੰਜਾਬ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ। ਅਜਿਹਾ ਮੁੱਖ ਤੌਰ ਤੇ ਰੁਜ਼ਗਾਰ ਦੇ ਮੌਕਿਆ ਦੀ ਘਾਟ ਅਤੇ ਨਸ਼ਿਆਂ ਦੀ ਵੱਧ ਰਹੀ ਸਮੱਸਿਆ ਕਰਕੇ ਹੈ। ਵਿਦੇਸ਼ਾਂ ਵਿੱਚ ਸਾਡੇ ਨੌਜੁਆਨ ਕਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਬਹੁਤ ਸਾਰੇ ਨੌਜੁਆਨ ਜਾਅਲੀ ਏਜੰਟਾਂ ਹੱਥੋਂ ਖੱਜਲ-ਖੁਆਰ ਹੋ ਰਹੇ ਹਨ। ਸੋ ਸਰਕਾਰ ਨੂੰ ਇਸ ਪਾਸੇ ਸੁਹਿਰਦ ਅਤੇ ਸੰਜੀਦਾ ਯਤਨ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਦੇ ਨੌਜੁਆਨ ਕਿਸੇ ਮਜ਼ਬੂਰੀ ਵੱਸ ਬਾਹਰ ਨਾ ਜਾਣ। ਮਾਪਿਆਂ ਨੂੰ 25-30 ਲੱਖ ਰੁਪਏ ਇਸ ਕੰਮ ਉਪਰ ਖਰਚ ਕਰਨੇ ਪੈ ਰਹੇ ਹਨ। ਇਹ ਤਾਂ ਹੀ ਹੋਵੇਗਾ ਜੇਕਰ ਉਨ੍ਹਾਂ ਲਈ ਇਥੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਉਨ੍ਹਾਂ ਨੂੰ ਲੱਗੇਗਾ ਕਿ ਪੰਜਾਬ ਵਿੱਚ ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਹੋ ਸਕਦੀ ਹੈ। ਸੋ ਸਖਤ ਲੋੜ ਹੈ ਕਿ ਪੰਜਾਬ ਨੂੰ ਮੁੜ ਸੁਰਜੀਤ ਕਰਕੇ ਇੱਕ ਰਹਿਣਯੋਗ ਪੰਜਾਬ ਬਣਾਇਆ ਜਾਵੇ। ਉਮੀਦ ਹੈ ਕਿ ਨਵੀਂ ਸਰਕਾਰ ਆਪਣਾ 'ਰੰਗਲਾ ਪੰਜਾਬ' ਬਨਾਉਣ ਦਾ ਮਿਸ਼ਨ ਪੂਰੀ ਸੰਜੀਦਗੀ ਨਾਲ ਪੂਰਾ ਕਰੇਗੀ।

### ਸਿੱਖਿਆ ਅਤੇ ਸਿਹਤ

ਸਿੱਖਿਆ ਅਤੇ ਸਿਹਤ ਦਾ ਮਨੁੱਖੀ ਪੂੰਜੀ ਦੇ ਵਿਕਾਸ ਵਿੱਚ ਬੁਨਿਆਦੀ ਯੋਗਦਾਨ ਹੈ। ਇਤਿਹਾਸ ਗਵਾਹ ਹੈ ਕਿ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਬਿਨਾ ਦੁਨੀਆਂ ਦੇ ਕਿਸੇ ਖਿੱਤੇ ਜਾਂ ਦੇਸ਼ ਨੇ ਤਰੱਕੀ ਨਹੀਂ ਕੀਤੀ (ਉਦਾਹਰਣ ਦੇ ਤੌਰ ਤੇ ਅੱਜ ਦੇ ਵਿਕਸਤ ਦੇਸ਼, ਏਸ਼ੀਅਨ ਟਾਈਗਰਜ਼ - ਹਾਂਗਕਾਂਗ, ਤਾਇਵਾਨ, ਸਿੰਘਾਪੁਰ ਅਤੇ ਦੱਖਣੀ ਕੋਰੀਆ ਅਤੇ ਏਸ਼ੀਅਨ ਡਰੈਗਨਜ਼ - ਮਲੇਸ਼ੀਆ, ਇੰਡੋਨੇਸ਼ੀਆ ਅਤੇ ਥਾਈਲੈਂਡ; ਅਤੇ ਹੁਣ ਚੀਨ)। ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਵਿਕਾਸ ਵਿੱਚ ਮਨੁੱਖੀ ਪੂੰਜੀ ਦਾ ਵਡਮੁੱਲਾ ਯੋਗਦਾਨ ਹੁੰਦਾ ਹੈ। ਜਨਸੰਖਿਆ ਤੋਂ ਲਾਭ ਅੰਸ਼ (demo-graphic dividend) ਲੈਣ ਲਈ ਵੀ ਮਿਆਰੀ ਸਿੱਖਿਆ ਅਤੇ ਸਿਹਤ ਸੁਨਿਆਦੀ ਸ਼ਰਤ ਹੈ। ਭਾਵੇਂ ਪਹਿਲੀਆਂ ਸਰਕਾਰਾਂ ਨੇ ਵੀ ਸਿੱਖਿਆ ਅਤੇ ਸਿਹਤ ਦੇ ਮਹੱਤਵ ਨੂੰ ਸਮਝਿਆ ਪਰ ਪਿਛਲੇ ਕੁਝ ਸਮੇਂ ਤੋਂ ਬਜਟ ਵਿੱਚ ਸਿੱਖਿਆ ਅਤੇ ਸਿਹਤ ਉਪਰ ਅਨੁਪਾਤਿਕ ਖਰਚਾ ਘਟਿਆ ਹੈ ਅਤੇ ਲਗਾਤਾਰ ਘਟਦਾ ਜਾ ਰਿਹਾ ਹੈ। ਵਰਨਣਯੋਗ ਹੈ ਕਿ ਬਜਟ-ਖਰਚਿਆਂ ਵਿੱਚ ਸਾਲ 1980-81 ਅਤੇ 2001-02 ਦੌਰਾਨ 16 ਪ੍ਰਤੀਸ਼ਤ ਤੋਂ ਲੈ ਕੇ 19 ਪ੍ਰਤੀਸ਼ਤ ਤੱਕ ਖਰਚਾ ਕੀਤਾ ਜਾਂਦਾ ਰਿਹਾ ਹੈ। ਪਰ ਉਸ ਤੋਂ ਬਾਅਦ ਵਾਲੇ ਸਾਲਾਂ ਵਿੱਚ ਇਹ ਪ੍ਰਤੀਸ਼ਤਤਾ ਘੱਟਦੀ ਗਈ ਅਤੇ 2018-19 ਵਿੱਚ 12.37 ਪ੍ਰਤੀਸ਼ਤ ਰਹਿ ਗਈ। ਸਿੱਖਿਆ ਦੇ ਅਧਿਕਾਰ ਐਕਟ ਅਤੇ ਵਿਦਿਆਰਥੀਆਂ ਦੀ ਗਿਣਤੀ ਵੱਧਣ ਦੇ ਬਾਵਜੂਦ ਬਜਟ ਵਿੱਚ ਸਿੱਖਿਆ ਦਾ ਹਿੱਸਾ ਘਟਣਾ ਠੀਕ ਸੰਕੇਤ ਨਹੀਂ। ਨਵੀਂ ਸਰਕਾਰ ਦੀ ਮੁਫ਼ਤ ਸਿੱਖਿਆ ਸਹੂਲਤ ਦੀ 'ਗਰੰਟੀ' ਦੇ ਮੱਦੇ ਨਜ਼ਰ ਸਿੱਖਿਆ ਉਪਰ ਬਜਟ ਦਾ ਘੱਟੋ ਘੱਟ 20 ਪ੍ਰਤੀਸ਼ਤ ਹਿੱਸਾ ਖਰਚਣਾ ਚਾਹੀਦਾ ਹੈ। ਆਲਮ ਇਹ ਹੈ ਕਿ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਬਹੁਤ ਸਾਰੀਆਂ ਅਸਾਮੀਆਂ ਠੇਕੇ ਰਾਹੀਂ ਭਰਤੀ ਕਰਕੇ ਕੰਮ ਚਲਾਇਆ ਜਾ ਰਿਹਾ ਹੈ। ਸਾਲ 2021 ਤੱਕ ਤਕਰੀਬਨ 25 ਸਾਲ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀ ਰੈਗੂਲਰ ਭਰਤੀ ਨਹੀਂ ਹੋਈ। ਪਿਛਲੇ ਸਾਲ ਜੋ 1158 ਅਸਾਮੀਆਂ ਉਪਰ ਭਰਤੀ ਕੀਤੀ ਗਈ ਉਹ ਵੀ ਮੁਕੱਦਮੇਬਾਜ਼ੀ ਦਾ ਸ਼ਿਕਾਰ ਹੋਈ ਪਈ ਹੈ। ਮਿਆਰੀ ਸਿੱਖਿਆ ਦੇਣ ਲਈ ਅਧਿਆਪਕ ਦਾ ਹੋਣਾ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਇਸਦੇ ਨਾਲ ਹੀ ਉਚੇਰੀ ਸਿੱਖਿਆ, ਖਾਸ ਕਰਕੇ ਯੂਨੀਵਰਸਿਟੀਆਂ ਨੂੰ ਢੁਕਵੀਂ ਵਿੱਤੀ ਗ੍ਰਾਂਟ ਇਨ ਏਡ ਰੈਗੂਲਰ ਤੌਰ ਤੇ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਵਿੱਚ ਅਧਿਆਪਨ ਅਤੇ ਖੋਜ ਦਾ ਕਾਰਜ ਨਿਪੁੰਨਤਾ ਨਾਲ ਚਲਦਾ ਰਹੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਪਹਿਲਤਾ ਦੇ ਆਧਾਰ ਤੇ ਭਰਿਆ ਜਾਵੇ।

ਸਿਹਤ ਸੇਵਾਵਾਂ ਉਪਰ ਸਾਲ 2018-19 ਵਿੱਚ ਬਜਟ ਦਾ ਕੇਵਲ 3.11 ਪ੍ਰਤੀਸ਼ਤ ਹਿੱਸਾ ਖਰਚ ਕੀਤਾ ਗਿਆ ਜਦ ਕਿ 1980-81 ਵਿੱਚ 5.49 ਪ੍ਰਤੀਸ਼ਤ ਅਤੇ 2001-02 ਵਿੱਚ 5.13 ਪ੍ਰਤੀਸ਼ਤ ਸੀ। ਇਸ ਨੂੰ ਘੱਟੋ-ਘੱਟ 8 ਪ੍ਰਤੀਸ਼ਤ ਕਰਨ ਦੀ ਲੋੜ ਹੈ ਜੇਕਰ ਵਾਕਿਆ ਹੀ ਅਸੀਂ ਸਿਹਤ ਸੇਵਾਵਾਂ ਵਿੱਚ ਸੁਧਾਰ ਲਿਆਉਣਾ ਚਾਹੁੰਦੇ ਹਾਂ। ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਵਿੱਚ ਬਹੁਤ ਸੁਧਾਰ ਲਿਆਉਣ ਦੀ ਲੋੜ ਹੈ। ਸਿਹਤ ਦੇ ਖੇਤਰ ਵਿੱਚ ਹੇਠਲੇ ਪੱਧਰ (ਮੁੱਢਲੀਆਂ ਸਿਹਤ ਸੇਵਾਵਾਂ) ਤੋਂ ਲੈ ਕੇ ਮੱਧਲੇ (ਸੈਕੰਡਰੀ) ਅਤੇ ਸਿਖਰਲੇ (ਟਰਸ਼ਰੀ) ਪੜਾਅ ਤੱਕ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ। ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੇ ਨਾਲ ਨਾਲ ਬੁਨਿਆਦੀ ਢਾਂਚੇ, ਹੋਰ ਸਾਜ਼ੋ-ਸਮਾਨ ਦੀ ਉਪਲਬਧਤਾ ਦੀ ਲੋੜ ਹੈ। ਨਾਲ ਹੀ ਦਵਾਈਆਂ ਦੀ ਉਪਲਬਧੀ ਦੀ ਵੀ ਲੋੜ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਲੋਕਾਂ ਨੂੰ ਮਜਬੂਰਨ ਪ੍ਰਾਈਵੇਟ ਹਸਪਤਾਲਾਂ ਤੋਂ ਸਿਹਤ ਸੇਵਾਵਾਂ ਮਹਿੰਗੇ ਮੁੱਲ ਤੇ ਖਰੀਦਣੀਆਂ ਪੈਂਦੀਆਂ ਹਨ। ਜਿਨ੍ਹਾਂ ਕਰਕੇ ਪਰਿਵਾਰ ਕਰਜ਼ੇ ਦੇ ਬੋਝ ਥੱਲੇ ਦੱਬ ਜਾਂਦੇ ਹਨ। ਸੋ, ਲੋੜ ਹੈ ਕਿ ਮਿਆਰੀ ਸਰਕਾਰੀ ਸਿਹਤ ਸੇਵਾਵਾਂ ਲੋਕਾਂ ਨੂੰ ਮੁਹੱਈਆਂ ਕੀਤੀਆਂ ਜਾਣ। ਮੁਹੱਲਾ ਕਲੀਨਿਕਾਂ ਖੋਲ੍ਹਣਾ ਕੋਈ ਮਾੜੀ ਗੱਲ ਨਹੀਂ ਪਰ ਚੰਗਾ ਹੋਵੇਗਾ ਜੇਕਰ 3000 ਤੋਂ ਵੱਧ ਸਬ-ਸੈਂਟਰ ਅਤੇ ਹੋਰ ਸਿਹਤ ਕੇਂਦਰਾਂ ਵਿੱਚ ਲੋੜੀਂਦਾ ਸੁਧਾਰ ਕਰਕੇ ਮਿਆਰੀ ਸਿਹਤ ਸੇਵਾਵਾਂ ਲੋਕਾਂ ਨੂੰ ਦਿੱਤੀਆਂ ਜਾਣ।

### ਵਸਤਾਂ ਅਤੇ ਸੇਵਾਵਾਂ ਉਪਰ ਕਰ - ਜੀ.ਐਸ.ਟੀ.

ਪਿਛਲੇ ਤਕਰੀਬਨ ਪੰਜ ਸਾਲਾਂ ਦੌਰਾਨ (ਜੁਲਾਈ 2017 ਤੋਂ ਦਸੰਬਰ 2022 ਤੱਕ) ਪੰਜਾਬ ਨੂੰ ਕੁੱਲ 52758 ਕਰੋੜ ਰੁਪਏ ਜੀ.ਐਸ.ਟੀ. ਦੇ ਮੁਆਵਜੇ ਵਜੋਂ ਮਿਲਿਆ ਜੋ ਸਲਾਨਾ ਔਸਤ 11724 ਕਰੋੜ ਰੁਪਏ ਬਣਦੀ ਹੈ। ਜੇਕਰ ਜੀ.ਐਸ.ਟੀ. ਅਧੀਨ ਮੁਆਵਜੇ ਵਾਲੀ ਸਕੀਮ (ਜੋ 1 ਜੁਲਾਈ 2017 ਤੋਂ 30 ਜੂਨ 2022 ਤੱਕ ਹੈ) ਵਿੱਚ ਕੇਂਦਰ ਸਰਕਾਰ ਵਲੋਂ ਵਾਧਾ ਨਾ ਕੀਤਾ ਗਿਆ ਤਾਂ ਪੰਜਾਬ ਸਰਕਾਰ ਨੂੰ 1 ਜੁਲਾਈ 2022 ਤੋਂ ਇਹ ਮੁਆਵਜਾ ਮਿਲਣਾ ਬੰਦ ਹੋ ਜਾਵੇਗਾ (ਇਸਦਾ ਅਸਰ ਸਾਰੇ ਸੂਬਿਆਂ ਉਪਰ ਪਵੇਗਾ)। ਇਸਦਾ ਮਤਲਬ ਪੰਜਾਬ ਸਰਕਾਰ ਨੂੰ ਸਲਾਨਾ ਔਸਤ ਮੁਆਵਜੇ ਦੀ ਰਕਮ ਦੇ ਬਰਾਬਰ ਆਪਣੇ ਵਿੱਤੀ ਸਾਧਨ ਹੋਰ ਵਧਾਉਣੇ ਪੈਣਗੇ। ਮੁਆਵਜੇ ਦੀ ਰਕਮ ਇਹ ਦਰਸਾਉਂਦੀ ਹੈ ਕਿ ਜੇ ਜੀ.ਐਸ.ਟੀ. ਨਾ ਲਾਗੂ ਕੀਤੀ ਹੁੰਦੀ ਤਾਂ ਉਸ ਤੋਂ ਪਹਿਲਾਂ ਵੈਟ (ੜ 'ਦਦਕਦ ਓ ਅਧੀਨ ਇੰਨੀ ਰਾਸ਼ੀ ਸਲਾਨਾ ਪੰਜਾਬ ਸਰਕਾਰ ਹੋਰ ਇਕੱਠੀ ਕਰ ਲੈਂਦੀ। ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਜੀ.ਐਸ.ਟੀ. ਅਧੀਨ ਕਿਉਂ ਨਹੀਂ ਹੋ ਸਕਿਆ? ਯਾਦ ਰਹੇ ਜਦੋਂ ਜੀ.ਐਸ.ਟੀ. ਕਾਨੂੰਨ ਲਾਗੂ ਕੀਤਾ ਗਿਆ ਸੀ ਤਾਂ ਇੰਝ ਲਗਦਾ ਸੀ ਕਿ ਪੰਜਾਬ ਨੂੰ ਜੀ.ਐਸ.ਟੀ. ਪ੍ਰਣਾਲੀ ਅਧੀਨ ਵੈਟ ਨਾਲੋਂ ਵੱਧ ਵਿੱਤੀ ਰਾਸ਼ੀ ਮਿਲੇਗੀ ਕਿਉਂਕਿ ਪੰਜਾਬ ਬਹੁਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਅੰਤਲਾ ਖੱਪਤਕਾਰ (end cosnumer) ਹੈ। ਪਰ ਅਜਿਹਾ ਹੋਇਆ ਕਿਉਂ ਨਹੀਂ? ਇਸ ਤੋਂ ਇੱਕ ਸਿੱਟਾ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਜੀ.ਐਸ.ਟੀ. ਰਾਸ਼ੀ ਇਕੱਠਾ ਹੋਣ ਦੀ ਜੋ ਸੰਭਾਵਨਾ ਸੀ ਉਸ ਤੋਂ ਕੁਝ ਘੱਟ ਰਾਸ਼ੀ ਇਕੱਠੀ ਹੋਈ ਹੈ, ਭਾਵ ਜੀ.ਐਸ.ਟੀ. ਅਧੀਨ ਹੋਰ ਵਿੱਤੀ ਰਾਸ਼ੀ ਇਕੱਠੀ ਹੋਣ ਦੀ ਸੰਭਾਵਨਾ ਹੈ।

### ਕੇਂਦਰੀ ਸਕੀਮਾਂ

ਕੇਂਦਰੀ ਸਕੀਮਾਂ ਦਾ ਪੂਰਾ ਫਾਇਦਾ ਚੁੱਕਣ ਲਈ ਰਾਜ ਸਰਕਾਰਾਂ ਨੂੰ ਕੁਝ ਰਾਸ਼ੀ (ਜੋ ਬਹੁਤੀ ਵਾਰੀ ਬਹੁਤ ਥੋੜੀ ਹੁੰਦੀ ਹੈ) ਆਪਣੇ ਹਿੱਸੇ ਵਜੋਂ ਪਾਉਣੀ ਪੈਂਦੀ ਹੈ। ਪਰ ਵੇਖਣ ਵਿੱਚ ਆਇਆ ਹੈ ਕਿ ਕਈ ਰਾਜ ਸਰਕਾਰਾਂ ਉਹ ਰਾਸ਼ੀ ਨਾ ਜਟਾਉਣ ਕਾਰਨ ਕੇਂਦਰੀ ਸਕੀਮਾਂ ਦਾ ਪੂਰਾ ਫਾਇਦਾ ਨਹੀਂ ਲੈ ਸਕਦੀਆਂ। ਪੰਜਾਬ ਵੀ (ਆਪਣੇ ਗੰਭੀਰ ਵਿੱਤੀ ਸੰਕਟ ਦੇ ਚਲਦਿਆਂ) ਅਜਿਹੀਆਂ ਪਰਸਥਿਤੀਆਂ ਵਿੱਚੋਂ ਗੁਜ਼ਰ ਰਿਹਾ ਹੈ। ਉਦਾਹਰਨ ਦੇ ਤੌਰ ਤੇ ਮਨਰੇਗਾ (MGNREGA) ਇੱਕ ਅਜਿਹੀ ਸਕੀਮ ਹੈ ਜਿਸਦਾ ਰਾਜ ਸਰਕਾਰ ਨੂੰ ਕੇਵਲ 10 ਪ੍ਰਤੀਸ਼ਤ ਹਿੱਸਾ ਪਾਉਣਾ ਪੈਂਦਾ ਹੈ। ਇਸ ਸਕੀਮ ਤਹਿਤ ਕਿਸੇ ਵੀ ਪੇਂਡੂ ਪਰਿਵਾਰ ਦਾ (ਜੋ ਮਨਰੇਗਾ ਅਧੀਨ ਕੰਮ ਕਰਨ ਦਾ ਇਛੁੱਕ ਹੋਵੇ) ਸਾਲ ਵਿੱਚ 100 ਦਿਨ ਦਾ ਕੰਮ ਲੈਣ ਤੇ ਕਰਨ ਦਾ ਕਾਨੂੰਨੀ ਅਧਿਕਾਰ ਹੈ। ਪੰਜਾਬ ਵਿੱਚ ਮਨਰੇਗਾ ਸਕੀਮ ਅਧੀਨ ਇਸ ਵੇਲੇ 21 ਲੱਖ ਦੇ ਆਸਪਾਸ ਜਾਬ-ਕਾਰਡ ਹੋਲਡਰ ਪਰਿਵਾਰ ਹਨ (ਇੱਕ ਪਰਿਵਾਰ ਨੂੰ ਇੱਕ ਕਾਰਡ ਹੀ ਜਾਰੀ ਕੀਤਾ ਜਾਂਦਾ ਹੈ)। ਇਸ ਅਨੁਸਾਰ ਜੇ ਪੰਜਾਬ ਵਿੱਚ ਇਸ ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਤਾਂ 21 ਕਰੋੜ ਦਿਹਾੜੀਆਂ ਦਾ ਰੁਜ਼ਗਾਰ ਪੈਦਾ ਕੀਤੇ ਜਾਣ ਦੀ ਸੰਭਾਵਨਾ ਹੈ। 21 ਲੱਖ ਪਰਿਵਾਰਾਂ ਨੂੰ ਸਾਲ ਵਿੱਚ (21 ਲੱਖ × 283 ਰੁਪਏ ਦਿਹਾੜੀ) 5943 ਕਰੋੜ ਰੁਪਏ (ਹਰ ਇੱਕ ਪਰਿਵਾਰ ਨੂੰ ਸਲਾਨਾ 28300 ਰੁਪਏ) ਦਿੱਤੇ ਜਾ ਸਕਦੇ ਹਨ। ਪਰ 100 ਦਿਨ ਦੀ ਬਜਾਏ ਸਾਲ 2020-21 ਵਿੱਚ ਔਸਤਨ ਕੇਵਲ 39 ਦਿਨ ਪ੍ਰਤੀ ਪਰਿਵਾਰ ਰੁਜ਼ਗਾਰ ਦਿੱਤਾ ਗਿਆ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਮਨਰੇਗਾ ਅਧੀਨ ਦੋ ਹੈਡਾ ਅਧੀਨ ਖਰਚਾ ਹੁੰਦਾ ਹੈ - 60 ਪ੍ਰਤੀਸ਼ਤ ਖਰਚਾ ਮਜ਼ਦੂਰੀ (wage) ਦਾ ਹੈ ਅਤੇ 40 ਪ੍ਰਤੀਸ਼ਤ ਸਮੱਗਰੀ (material) ਰਾਜ ਸਰਕਾਰ ਨੇ 40 ਪ੍ਰਤੀਸ਼ਤ ਖਰਚੇ ਦਾ ਕੇਵਲ 25 ਪ੍ਰਤੀਸ਼ਤ ਹਿੱਸਾ ਪਾਉਣਾ ਹੁੰਦਾ ਹੈ ਜੋ 100 ਰੁਪਏ ਵਿੱਚੋਂ 10 ਰੁਪਏ ਹੀ ਬਣਦਾ ਹੈ। ਸੋ, ਜੇਕਰ 21 ਲੱਖ ਪਰਿਵਾਰਾਂ ਨੂੰ 100 ਦਿਨਾ ਦਾ ਰੁਜ਼ਗਾਰ ਦੇਣਾ ਹੋਵੇ ਤਾਂ ਮੌਜੂਦਾ ਦਿਹਾੜੀ ਦਰ ਤੇ ਸਲਾਨਾ 9905 ਕਰੋੜ (ਉਜਰਤਾਂ ਅਤੇ ਸਮੱਗਰੀ) ਖਰਚ ਆਵੇਗਾ। ਇਸ ਵਿੱਚ ਪੰਜਾਬ ਸਰਕਾਰ ਨੂੰ ਕੇਵਲ 990.5 ਕਰੋੜ ਰੁਪਏ ਖਰਚਣੇ ਪੈਣਗੇ। ਇਹ ਵੀ ਜ਼ਿਕਰਯੋਗ ਹੈ ਕਿ ਜਦ 9905 ਕਰੋੜ ਰੁਪਏ ਸਲਾਨਾ ਪੰਜਾਬ ਵਿੱਚ ਖਰਚੇ ਜਾਣਗੇ ਤਾਂ ਸਰਕਾਰ ਨੂੰ ਇਸ ਤੋਂ ਜੀ.ਐਸ.ਟੀ. ਵੀ ਮਿਲੇਗੀ ਜੋ ਪੰਜਾਬ ਦੇ ਆਪਣੇ ਵਲੋਂ ਕੀਤੇ ਖਰਚੇ (990.5 ਕਰੋੜ ਰੁਪਏ) ਤੋਂ ਜ਼ਿਆਦਾ ਹੀ ਹੋਵੇਗੀ। ਸੋ ਸਪਸ਼ਟ ਹੈ ਕਿ ਇਹ ਇੱਕ ਫਾਇਦੇ ਵਾਲਾ ਸੌਦਾ ਹੈ। ਮਨਰੇਗਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕੇਂਦਰੀ ਸਕੀਮਾਂ ਹਨ ਜਿਨ੍ਹਾਂ ਦਾ ਫਾਇਦਾ ਲੈਣਾ ਬਣਦਾ ਹੈ। ਵਰਨਣਯੋਗ ਹੈ ਕਿ ਮਨਰੇਗਾ ਅਧੀਨ ਕੰਮਾਂ ਦੀ ਸੂਚੀ ਅਨੁਸਾਰ 260 ਦੇ ਕਰੀਬ ਕੰਮ ਮਨਰੇਗਾ ਰਾਹੀਂ ਕੀਤੇ ਜਾ ਸਕਦੇ ਹਨ। ਸੋ, ਅੱਛਾ ਹੋਵੇਗਾ ਕਿ ਪੰਜਾਬ ਸਰਕਾਰ ਜੂਨ 2022 ਵਿੱਚ ਪੇਸ਼ ਕੀਤੇ ਜਾਣ ਵਾਲੇ ਬਜਟ ਵਿੱਚ ਮਨਰੇਗਾ ਅਤੇ ਹੋਰ ਸਾਰੀਆਂ ਕੇਂਦਰੀ ਸਕੀਮਾਂ ਲਈ ਜ਼ਰੂਰੀ ਪ੍ਰਵਦਾਨ ਕਰੇ। ਨਾਲ ਹੀ ਸਾਰੀਆਂ ਕੇਂਦਰੀ ਸਕੀਮਾਂ ਲਈ ਆਪਣਾ ਯੋਗਦਾਨ ਪਾਉਣ ਲਈ ਬਜਟ ਵਿੱਚ ਵਿਵਸਥਾ ਕਰੇ।

### ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ

ਨਾਜ਼ੁਕ ਵਿੱਤੀ ਸਥਿਤੀ ਅਤੇ ਕਰਜ-ਕੁੜਿਕੀ ਵਿੱਚ ਫਸੇ ਹੋਣ ਕਾਰਨ ਪੰਜਾਬ ਸਰਕਾਰ ਨੂੰ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਦੇਣ ਸਬੰਧੀ ਪਹੁੰਚ ਨੂੰ ਤਰਕਸੰਗਤ ਬਨਾਉਣਾ ਚਾਹੀਦਾ ਹੈ। ਇਸ ਤੋਂ ਮੇਰਾ ਭਾਵ ਕਤਈ ਇਹ ਨਹੀਂ ਕਿ ਲੋੜਵੰਦਾਂ, ਗਰੀਬ ਅਤੇ ਹਾਸ਼ੀਏ ਉਪਰ ਧੱਕੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਜਾਂ ਸਬਸਿਡੀਆਂ ਨਾ ਦਿੱਤੀਆਂ ਜਾਣ। ਸਗੋਂ ਮੇਰਾ ਕਹਿਣ ਤੋਂ ਭਾਵ ਹੈ ਸਰਦੇ-ਪੁੱਜਦੇ ਅਤੇ ਅਮੀਰ ਪਰਿਵਾਰਾਂ ਨੂੰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨਾ ਦਿੱਤੀਆਂ ਜਾਣ। ਅਜਿਹਾ ਵਰਤਾਰਾ ਨਾ ਤਾਂ ਵਿਕਾਸ-ਮੁੱਖੀ ਹੋਵੇਗਾ ਅਤੇ ਨਾ ਹੀ ਰੁਜ਼ਗਾਰ ਪੈਦਾ ਕਰੇਗਾ ਅਤੇ ਨਾ ਹੀ ਲੰਮੇ ਸਮੇਂ ਵਾਸਤੇ ਟਿਕਾਊ ਹੋਵੇਗਾ। ਸਗੋਂ ਅਜਿਹੇ ਵਰਤਾਰੇ ਦਾ ਵਿਕਾਸ ਉਪਰ ਮਾੜਾ ਪ੍ਰਭਾਵ ਪਵੇਗਾ। ਨਾਲ ਹੀ ਸਰਕਾਰ ਨੂੰ ਕੰਮ-ਕਾਜ ਚਲਾਉਣ ਲਈ ਹੋਰ ਕਰਜ਼ਾ ਨਹੀਂ ਚੁੱਕਣਾ ਪਵੇਗਾ। ਇਥੇ ਕੁਝ ਲੋਕਾਂ ਦਾ ਇਤਰਾਜ

(ਬਾਕੀ ਅਗਲੇ ਸਫੇ 'ਤੇ)

## 15 ਸਤੰਬਰ 'ਤੇ ਵਿਸ਼ੇਸ਼

# ਇੰਜੀਨੀਅਰਾਂ ਲਈ ਖੁਸ਼ੀਆਂ ਅਤੇ ਉਤਸ਼ਾਹ ਵਾਲਾ ਦਿਨ "ਇੰਜੀਨੀਅਰ ਦਿਵਸ"



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣ ਲਈ ਵੱਖੋ ਵੱਖ ਖੇਤਰਾਂ ਵਿੱਚ ਵਿਸ਼ੇਸ਼ ਮਾਅਰਕਾ ਮਾਰਨ ਵਾਲੀਆਂ ਸ਼ਖਸੀਅਤਾਂ ਨੂੰ ਜਿਉਂਦੇ ਰੱਖਣ ਲਈ ਮੁਕੱਰਰ ਕੀਤੇ ਦਿਨ ਨੂੰ ਵਿਸ਼ੇਸ਼ ਯਾਦ ਦਿਨ ਵਜੋਂ ਮਨਾਇਆ ਜਾਂਦਾ ਹੈ।ਅਧਿਆਪਕ ਦਿਵਸ, ਜਲ ਦਿਵਸ, ਪਿਤਾ ਦਿਵਸ,ਸਿਹਤ ਦਿਵਸ ਆਦਿ ਸਰਕਾਰੀ ਤੌਰ ਤੇ ਮਨਾਏ ਜਾਂਦੇ ਦਿਨਾਂ ਵਾਂਗ ਹੀ ਭਾਰਤ ਵਿੱਚ 15 ਸਤੰਬਰ ਨੂੰ "ਇੰਜੀਨੀਅਰ ਦਿਵਸ" ਵਜੋਂ ਮਨਾਇਆ ਜਾਂਦਾ ਹੈ, ਭਾਵੇਂ ਕਿ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਚ ਇਹ ਦਿਨ ਲਈ ਵੱਖ ਵੱਖ ਤਰੀਕਾਂ ਮੁਕੱਰਰ ਹਨ।

ਭਾਰਤ ਵਿੱਚ ਹਰ ਸਾਲ 15 ਸਤੰਬਰ ਖਾਸ਼ ਦਿਨ ਨੂੰ "ਭਾਰਤ ਰਤਨ" ਇੰਜਨੀਅਰ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਦੇ ਜਨਮ ਦਿਨ ਨੂੰ "ਇੰਜੀਨੀਅਰ ਦਿਵਸ" ਵਜੋਂ ਮਨਾਇਆ ਜਾਂਦਾ ਹੈ। ਵਿਸ਼ਵੇਸ਼ਵਰਿਆ ਭਾਰਤ ਦੇ ਇੱਕ ਮਹਾਨ ਇੰਜੀਨੀਅਰ, ਉੱਘੇ ਵਿਦਵਾਨ ਅਤੇ ਹੁਨਰਮੰਦ ਸਿਆਸਤਦਾਨ ਸਨ। ਉਹਨਾਂ ਦਾ ਜਨਮ 15 ਸਤੰਬਰ 1861 ਨੂੰ ਮੈਸੂਰ (ਕਰਨਾਟਕ) ਦੇ ਕੋਲਾਰ ਜਿਲੇ ਵਿੱਚ ਪਿੰਡ ਮੁਡੇਨਾਹਾਲੀ ਵਿਖੇ ਵੇਨਕਾਟਾਲਾਕਸਮਾਮਾ ਅਤੇ ਮੋਕਸ਼ਗੁੰਡਮ ਸ੍ਰੀਨਿਵਾਸਾ ਸ਼ਾਸ਼ਤਰੀ ਦੇ ਘਰ ਗਰੀਬ ਬ੍ਰਾਹਮਣ ਪਰਿਵਾਰ ਚ ਹੋਇਆ ਸੀ।ਉਹਨਾਂ ਨੇ ਬੀਏ ਆਰਟਸ ਕਰਨ ਤੋਂ ਬਾਅਦ ਕਾਲਜ ਆਫ ਸਾਇੰਸ ਪੂਨੇ ਤੋਂ ਸਿਵਲ ਇੰਜੀਨੀਅਰਿੰਗ ਦੀ ਪੜਾਈ ਕੀਤੀ ਸੀ।

ਉਹਨਾਂ ਨੂੰ ਕਿੰਗ ਜੋਰਜ ਪੰਜ ਦੁਆਰਾ ਬ੍ਰਿਟਿਸ਼ ਇੰਡੀਅਨ ਐਂਪਾਇਰ (ਕੇਸੀਆਈਈ) ਦੇ ਨਾਈਟ ਕਮਾਂਡਰ ਦੇ ਤੌਰ 'ਤੇ ਆਮ ਲੋਕਾਂ ਦੇ ਭਲੇ ਲਈ ਯੋਗਦਾਨ ਪਾਉਣ ਲਈ ਚੁਣਿਆ ਗਿਆ ਸੀ। ਉਹ ਮੈਸੂਰ ਮਹਾਂਨਗਰ ਦੇ ਉੱਤਰ-ਪੱਛਮੀ ਉਪਨਗਰ ਦੇ ਅੰਦਰ ਕ੍ਰਿਸ਼ਨ ਰਾਜਾ ਸਾਗਾਰਾ ਡੈਮ ਦਾ ਮੁੱਖ ਇੰਜੀਨੀਅਰ ਸਨ ਅਤੇ ਉਹਨਾਂ ਇਸੇ ਤਰ੍ਹਾਂ ਹੈਦਰਾਬਾਦ ਦੇ ਕਸਬੇ ਲਈ ਹੜ੍ਹ ਸੁਰੱਖਿਆ ਪ੍ਰਣਾਲੀ ਦੇ ਕਈ ਮੁੱਖ ਇੰਜੀਨੀਅਰਾਂ ਵਿਚੋਂ ਇਕ ਵਜੋਂ ਕੰਮ ਕੀਤਾ ਹੈ। ਵਿਸ਼ਵੇਸ਼ਵਰਿਆ ਨੇ ਬੰਬੇ ਦੇ ਪਬਲਿਕ ਵਰਕਸ ਡਵੀਜ਼ਨ ਵਿਚ ਸਹਾਇਕ ਇੰਜੀਨੀਅਰ ਵਜੋਂ ਨੌਕਰੀ ਦੀ ਸ਼ੁਰੂਆਤ ਕੀਤੀ ਅਤੇ ਬਾਅਦ ਵਿਚ ਉਹਨਾਂ ਨੂੰ ਇੰਡੀਅਨ ਸਿੰਚਾਈ ਫੀਸ ਨਾਲ ਜੁੜਨ ਲਈ ਬੁਲਾਇਆ ਗਿਆ। ਉਹਨਾਂ ਨੇ ਡੈੱਕਨ ਪਠਾਰ ਵਿਚ



ਸਿੰਜਾਈ ਦੀ ਇਕ ਗੁੰਝਲਦਾਰ ਪ੍ਰਣਾਲੀ ਨੂੰ ਲਾਗੂ ਕੀਤਾ ਅਤੇ ਉਹਨਾਂ ਨੂੰ ਪੂਨੇ ਨਜ਼ਦੀਕ ਖੜਕਵਾਸਲਾ ਰਿਜ਼ਰਵਾਇਰ ਤੇ 1903 ਚ ਲਗਾਏ ਗਏ ਪਹਿਲੇ ਆਟੋਮੈਟਿਕ ਵੇਅਰ ਵਾਟਰ ਫਲੋਗੇਟਸ ਪ੍ਰਣਾਲੀ ਨੂੰ ਡਿਜ਼ਾਈਨ ਕਰਨ ਦਾ ਸਰਕਾਰੀ ਅਧਿਕਾਰ ਦਿੱਤਾ ਗਿਆ ਸੀ। ਇਨ੍ਹਾਂ ਦਰਵਾਜ਼ਿਆਂ (ਫਲੋਗੇਟਸ) ਨੇ ਭੰਡਾਰਨ ਦੇ ਅੰਦਰ ਭੰਡਾਰਨ ਦੀ ਡਿਗਰੀ ਵਧਾ ਦਿੱਤੀ ਹੈ ਅਤੇ ਡੈਮ ਨੂੰ ਨੁਕਸਾਨ ਪਹੁੰਚਾਉਣ ਦੇ ਕਾਰਣ ਘਟਣ ਦੇ ਨਾਲ-ਨਾਲ ਸਭ ਤੋਂ ਉੱਤਮ ਡਿਗਰੀ ਤਕ ਸੁਰੱਖਿਅਤਾ ਜਾ ਸਕਦੀ ਹੈ। ਉਨ੍ਹਾਂ ਗੇਟਾਂ ਦੇ ਡਿਜ਼ਾਈਨ ਦੀ ਸਫਲਤਾ ਦੇ ਅਧਾਰ ਤੇ ਬਹੁਤ ਸਾਰੇ ਡੈਮ ਬਣਾਏ ਗਏ ਜਿੰਨਾਂ ਵਿੱਚ ਮੈਸੂਰ ਦਾ ਕ੍ਰਿਸ਼ਨਾ ਰਾਜਾ ਸਾਗਰ ਡੈਮ,ਗਵਾਲੀਅਰ ਦਾ ਟਾਈਗਰਾ ਡੈਮ। ਹੈਦਰਾਬਾਦ ਸ਼ਹਿਰ ਦੇ ਡਿਜ-ਾਇਨ ਦਾ ਸਿਹਰਾ ਵੀ ਇੰਜੀਨੀਅਰ ਵਿਸ਼ਵੇਸ਼ਵਰਿਆ ਨੂੰ ਜਾਂਦਾ ਹੈ। ਉਹਨਾਂ ਵਿਸ਼ਾਖਾਪਟਨਮ ਬੰਦਰਗਾਹ ਨੂੰ ਸਮੁੰਦਰੀ ਖੁਰਨ ਤੋਂ ਬਚਾਉਣ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਸੀ। ਐਮ ਵਿਸ਼ਵੇਸ਼ਵਰਿਆ ਨੂੰ ਆਧੁਨਿਕ ਮੈਸੂਰ ਰਾਜ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਮੈਸੂਰ ਸਰਕਾਰ ਦੇ ਸਹਿਯੋਗ ਨਾਲ ਕਈ ਫੈਕਟਰੀਆਂ ਅਤੇ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ, ਖਾਸ ਕਰਕੇ ਮੈਸੂਰ ਸਾਬਣ ਫੈਕਟਰੀ, ਮੈਸੂਰ ਆਇਰਨ ਐਂਡ ਸਟੀਲ ਫੈਕਟਰੀ, ਸਟੇਟ ਬੈਂਕ ਆਫ ਮੈਸੂਰ, ਮੈਸੂਰ ਚੈਂਬਰਸ ਆਫ਼ ਕਾਮਰਸ ਅਤੇ 1917 ਚ ਵਿਸ਼ਵੇਸ਼ਵਰਿਆ ਕਾਲਜ ਆਫ਼ ਇੰਜੀਨੀਅਰਿੰਗ ਬੰਗਲੌਰ। ਉਹਨਾਂ ਨੂੰ ਭਾਰਤ ਦੇ "ਪਹਿਲੇ ਇੰਜੀਨੀਅਰ" ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਹਨਾਂ ਦਾ ਕਹਿਣਾ ਸੀ ਕਿ ਇੱਕ ਇੰਜੀਨੀਅਰ ਲੋਕ ਭਲਾਈ ਦੀਆਂ ਉਹਨਾਂ ਚੀਜ਼ਾਂ ਦਾ ਨਿਰਮਾਣ ਕਰਦਾ ਹੈ,ਕੁਦਰਤ ਜਿਸਦਾ ਨਿਰਮਾਣ ਨਹੀਂ ਕਰਦੀ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਉਹਨਾਂ ਨੂੰ ਦੇਸ਼ ਦਾ ਸਭ ਤੋਂ ਵੱਡਾ ਸਨਮਾਨ "ਭਾਰਤ ਰਤਨ" ਨਾਲ 1955 ਵਿਚ ਨਿਵਾਜਿਆ ਗਿਆ।ਇਸ ਤੋਂ ਇਲਾਵਾ ਉਹਨਾਂ ਦੇ ਇੰਜੀਨੀਅਰਿੰਗ ਖੇਤਰ ਮਾਰੀਆਂ ਮੱਲਾਂ ਅਤੇ ਮੀਲ ਪੱਥਰਾਂ ਦੇ ਮੱਦੇਨਜ਼ਰ ਸਿਵਲ ਇੰਜੀਨੀਅਰਜ਼ ਦੀ ਲੰਡਨ ਸਥਾਪਨਾ ਦੀ ਆਨਰੇਰੀ ਮੈਂ-ਬਰਸ਼ਿਪ ਮਿਲੀ। ਉਹਨਾਂ ਨੂੰ ਇੰਡੀਅਨ ਇੰਸਟੀਟਿਊਟ ਸਾਇੰਸ (ਬੰਗਲੌਰ) ਦੀ ਇਕ ਫੈਲੋਸ਼ਿਪ ਅਤੇ ਕਈ ਹੋਰ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਉਹ ਅਖਬਾਰ ਪ੍ਰਜਾਵਾਨੀ ਦੇ ਅਧਾਰ 'ਤੇ ਕਰਨਾਟਕ ਦੇ ਕਿਸੇ ਖਾਸ ਵਿਅਕਤੀ ਦੇ ਇਲਾਵਾ, ਭਾਰਤੀ ਵਿਗਿਆਨ ਕਾਂਗਰਸ ਦੇ 1923 ਦੇ ਸੈਸ਼ਨ ਦਾ ਪ੍ਰਧਾਨ ਵੀ ਸਨ। ਅੰਤ 14 ਅਪ੍ਰੈਲ 1962 ਨੂੰ ਭਾਰਤ ਦਾ ਇਹ ਇੰਜੀਨੀਅਰ ਹੀਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਹਨਾਂ ਦੀ ਇੰਜਨੀਅਰਿੰਗ ਖੇਤਰ ਮਾਰੀਆਂ ਮੱਲਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਸਨਮਾਨ ਵਜੋਂ ਉਹਨਾਂ ਦੇ 15 ਸਤੰਬਰ ਜਨਮ ਦਿਨ ਨੂੰ 1968 ਵਿੱਚ "ਇੰਜੀਨੀਅਰ ਦਿਨ" ਵਜੋਂ ਮਨਾਉਣ ਲਈ ਮੁਕੱਰਰ ਕਰ ਦਿੱਤਾ। ਉਹਨਾਂ ਦਾ ਜਨਮ ਦਿਨ 15 ਸਤੰਬਰ ਨੂੰ ਇੰਜੀਨੀਅਰ ਦਿਵਸ ਵਜੋਂ ਭਾਰਤ ਤੋਂ ਇਲਾਵਾ ਸ਼੍ਰੀਲੰਕਾ ਅਤੇ ਤਨਜ਼ਾਨੀਆ ਵਿਚ ਵੀ ਮਨਾਇਆ ਜਾਂਦਾ ਹੈ।ਅੱਜ ਨੈਸ਼ਨਲ ਪੱਧਰ ਤੇ ਸਮੂਹਿਕ ਤੌਰ ਤੇ ਇੰਜੀਨੀਅਰਾਂ ਵੱਲੋਂ ਉਹਨਾਂ ਦੇ ਜਨਮ ਦਿਨ ਤੇ ਉਹਨਾਂ ਨੂੰ ਯਾਦ ਕੀਤਾ ਜਾ ਰਿਹਾ ਹੈ।

## ਵਿਅੰਗ/ ਕਾਵਾਂ ਦੀ 'ਕਾਂ-ਕਾਂ' ਕਿਉਂ?

ਬਣਕੇ ਮੰਤਰੀ ਰਿਸ਼ਵਤਾਂ ਖਾਣ ਲਗਦੇ
ਲੋਕ-ਰਾਜ ਫਿਰ ਲੋਕਾਂ ਲਈ ਫਿੱਕ ਹੁੰਦਾ।
'ਬੋਲੀ' ਲੱਗਣ ਦੀ ਕਈਆਂ ਨੂੰ ਤਾਂਘ ਹੁੰਦੀ
ਕਿੰਨੇਂ 'ਮੁੱਲ' ਵਿੱਚ ਆਖਰ ਨੂੰ ਵਿਕ ਹੁੰਦਾ।
ਫਿਰਦਾ 'ਚੋਣ-ਪ੍ਰਚਾਰ' ਵਿੱਚ ਸਾਨ੍ਹ ਵਾਂਗੂੰ
ਫੜਿਆ ਜਾਣ 'ਤੇ ਝੱਟ ਹੀ 'ਸਿੱਕ' ਹੁੰਦਾ।
ਭੱਜਾ ਜਾਏ ਜਮਾਨਤ ਲਈ 'ਕੋਰਟਾਂ' ਨੂੰ
ਵਿਜੀਲੈਂਸ ਤੋਂ ਜਿਹੜਾ ਵੀ 'ਟਿੱਕ' ਹੁੰਦਾ।
ਖਿੱਲੀ ਖੂਬ੍ਹ ਉਡਾਉਂਦੇ ਨੇ ਲੋਕ ਉਹਦੀ
ਫਸੇ ਆਗੂ ਦਾ ਨਾਮ ਜੋ 'ਨਿੱਕ' ਹੁੰਦਾ।
ਸਾਰੇ ਆਣਕੇ 'ਕਾਂ ਕਾਂ' ਨੇ ਕਰੀ ਜਾਂਦੇ
ਕਾਉਂ 'ਮਾਰ' ਕੇ ਟੰਗਿਆ 'ਇੱਕ' ਹੁੰਦਾ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



## ਹੁਣ ਪੰਜਾਬੀ ਗਾਇਕ ਫ਼ਿਰੋਜ਼ ਖਾਨ ਦੀ ਚਰਚ ਵਿਚ ਜਾਣ ਦੀ ਵੀਡੀਓ ਵਾਇਰਲ

**ਕਾਲਾ ਸੰਘਿਆਂ–** ਗਾਇਕ ਇੰਦਰਜੀਤ ਨਿੱਕੂ ਦੀ ਇਕ ਡੇਰੇ 'ਤੇ ਜਾਣ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਹੁਣ ਸੋਸ਼ਲ ਮੀਡੀਆ 'ਤੇ ਪ੍ਰਸਿੱਧ ਲੋਕ ਗਾਇਕ ਫ਼ਿਰੋਜ਼ ਖਾਨ ਦੀ ਚਰਚ ਵਿਚ ਜਾਣ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਗਾਇਕ ਫਿਰੋਜ਼ ਖ਼ਾਨ ਨੇ 'ਕਿਹਾ ਕਿ ਕੁਝ ਸ਼ਰਾਰਤੀ ਲੋਕਾਂ ਵੱਲੋਂ ਉਸ ਦੀ ਬਹੁਤ ਪੁਰਾਣੀ ਚਰਚ ਵਿਚ ਜਾਣ ਦੀ ਵੀਡੀਓ ਵਾਇਰਲ ਕੀਤੀ ਗਈ। ਕੁਝ ਕੁ ਵੈਬ ਚੈਨਲਾਂ ਨੇ ਬਿਨਾਂ ਉਨ੍ਹਾਂ ਦਾ ਪੱਖ ਜਾਣੇ ਬਗੈਰ ਵੀਡੀਓ ਚਲਾਈ ਜੋ ਬਿਲਕੁੱਲ ਗਲਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸਾਰੇ ਧਰਮ ਸਤਿਕਾਰਤ ਹਨ ਅਤੇ ਕਲਾਕਾਰ ਸਾਰੇ ਧਰਮਾਂ ਦੇ ਸਾਂਝੇ ਹੁੰਦੇ ਹਨ। ਲੋਕ ਜਗਰਾਤੇ, ਪੀਰਾਂ-ਫ਼ਕੀਰਾਂ ਦੇ ਮੇਲਿਆਂ ਸਮੇਤ ਹਰ ਧਰਮ ਦੇ ਸਮਾਗਮਾਂ ਵਿਚ ਬੁਲਾਉਂਦੇ ਹਨ।



ਫਿਰੋਜ਼ ਖਾਨ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਜਿਥੇ ਮੈਂ ਮਾਤਾ ਦੀਆਂ ਭੇਟਾਂ, ਭਗਵਾਨ ਵਾਲਮੀਕਿ ਜੀ ਦੇ ਸ਼ਬਦ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੀਤ ਤੇਰਾਂ ਤੇਰਾਂ ਤੋਲਦਾ ਗਾਏ ਉਥੇ ਹੀ ਮਸੀਹੀ ਲੋਕ ਵੀ ਬਾਕੀ ਧਰਮ ਦੇ ਲੋਕਾਂ ਵਾਂਗ ਉਨ੍ਹਾਂ ਨੂੰ ਪਿਆਰ ਕਰਦੇ ਹਨ ਅਤੇ ਉਨ੍ਹਾਂ ਲਈ ਮਸੀਹੀ ਗੀਤ ਗਾਏ। ਉਨ੍ਹਾਂ ਨੇ ਚਰਚ ਵਿਚ ਬੁਲਾਇਆ ਜਿਥੇ ਦੀ ਉਨ੍ਹਾਂ ਦੀ ਵੀਡੀਓ ਵਾਇਰਲ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਹਰ ਧਰਮ ਦੀ ਕਦਰ ਕਰਦੇ ਹਨ ਪਰ ਜਿਸ ਧਰਮ ਵਿਚ ਜਨਮ ਲਿਆ ਹੈ, ਉਸ ਵਿਚ ਉਹ ਪਰਪੱਕ ਹਨ। ਗਾਇਕ ਖ਼ਾਨ ਨੇ ਕਿਹਾ ਕਿ ਲੋਕਾਂ ਵੱਲੋਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ ਉਨ੍ਹਾਂ ਪੈਸਿਆਂ ਲਈ ਧਰਮ ਬਦਲਿਆ ਪਰ ਅਜਿਹਾ ਕੁਝ ਨਹੀਂ ਅਤੇ ਰੱਬ ਦੀ ਕਿਰਪਾ ਤੇ ਲੋਕਾਂ ਦੇ ਪਿਆਰ ਸਦਕਾ ਉਨ੍ਹਾਂ ਕੋਲ ਕੰਮ ਵੀ ਵਧੀਆ ਹੈ।

# ਪੰਜਾਬ ਬਜਟ 2022-23 : ਆਰਥਿਕਤਾ, ਚੁਣੌਤੀਆਂ ਅਤੇ ਵਿਕਲਪ

(ਸਫਾ 17 ਦੀ ਬਾਕੀ)

ਹੈ ਕਿ ਕਾਰਪੋਰੇਟ ਘਰਾਣੇ ਤਾਂ ਲੱਖਾਂ ਕਰੋੜਾ ਰੁਪਏ ਬੈਂਕਾਂ ਦਾ ਮਾਰ ਗਏ ਅਤੇ ਕੁਝ ਮਾਰ ਕੇ ਵਿਦੇਸ਼ ਭੱਜ ਗਏ, ਕਿਉਂ ਨਹੀਂ ਉਨ੍ਹਾਂ ਦੇ ਉਲਟ ਲਿਖਿਆ ਜਾ ਰਿਹਾ? ਆਪਾਂ ਨੂੰ ਇਹ ਯਾਦ ਰੱਖਣਾ ਪਵੇਗਾ ਕਿ ਅਸੀਂ ਕਦੀ ਵੀ ਇਸ ਵਰਤਾਰੇ ਨੂੰ ਠੀਕ ਨਹੀਂ ਕਿਹਾ। ਜਿਹੜੇ ਸਾਧਨ ਸੰਪਤ ਹੁੰਦੇ ਹਨ ਉਨ੍ਹਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਥਾਂ ਘੱਟੋ-ਘੱਟ ਲਾਗਤ ਵਸੂਲ ਕਰਨੀ ਚਾਹੀਦੀ ਹੈ। ਬਹੁਤੀ ਵਾਰੀ ਤਾਂ ਚੁਣੀਆਂ ਹੋਈਆਂ ਸਰਕਾਰਾਂ ਜਾਣੇ/ਅਣਜਾਣੇ ਵਿੱਚ ਕਾਰਪੋਰੇਟ ਮਾਡਲ ਲਾਗੂ ਕਰਨ ਵਿੱਚ ਉਨ੍ਹਾਂ ਦਾ ਹੱਥ ਠੋਕਾ ਬਣਦੀਆਂ ਹਨ। ਕਦੀ ਸਮਾਂ ਸੀ ਜਦ ਸਰਕਾਰਾਂ ਲੋਕ-ਪੱਖੀ ਹੋਣ ਦਾ ਦਾਅਵਾ ਕਰਦੀਆਂ ਸਨ ਪਰ ਅੱਜ ਤਾਂ ਖੁੱਲੇ-ਆਮ ਕਾਰਪੋਰੇਟ ਪੱਖੀ ਭੁਗਤਦੀਆਂ ਨਜ਼ਰ ਆ ਰਹੀਆਂ ਹਨ।

ਪੰਜਾਬ ਦੇ ਵਿੱਤੀ ਹਾਲਾਤ ਇਸ ਵੇਲੇ ਇਹ ਮੰਗ ਕਰਦੇ ਹਨ ਕਿ ਸਰਕਾਰੀ ਖਜ਼ਾਨੇ ਵਿੱਚ ਸੰਭਾਵੀ ਵਿੱਤੀ ਰਾਸ਼ੀ ਲਿਆਂਦੀ ਜਾਵੇ। ਅਜਿਹਾ ਕਹਿਣ ਤੋਂ ਮੇਰਾ ਭਾਵ ਨਵੇਂ ਕਰ ਲਾਉਣ ਤੋਂ ਨਹੀਂ ਸਗੋਂ ਮੌਜੂਦਾ ਕਰਾਂ ਅਤੇ ਕਰਾਂ ਦੀਆਂ ਮੌਜੂਦਾ ਦਰਾਂ ਤੇ ਹੀ ਜਿਥੇ ਕਿਧਰੇ ਵੀ ਸੰਭਾਵਨਾ ਹੋਵੇ ਸਰਕਾਰੀ ਖਜ਼ਾਨੇ ਵਿੱਚ ਹੋਰ ਵਿੱਤ ਲਿਆਉਣ ਤੋਂ ਹੈ। ਅਜਿਹਾ ਕਰਨਾ ਆਮ ਆਦਮੀ ਸਰਕਾਰ ਦੀ ਲੋੜ ਵੀ ਹੈ ਅਤੇ ਨੈਤਿਕ ਜ਼ਿੰਮੇਵਾਰੀ ਵੀ ਹੈ ਕਿਉਂਕਿ ਇਸ ਪਾਰਟੀ ਨੂੰ ਲੋਕਾਂ ਵਲੋਂ ਦਿੱਤਾ ਗਿਆ ਬਹੁਤ ਵੱਡਾ ਫਤਵਾ ਕੇਵਲ ਤੇ ਕੇਵਲ 'ਬਦਲਾਅ' ਵਾਸਤੇ ਦਿੱਤਾ ਗਿਆ ਹੈ। ਉਮੀਦ ਹੈ ਵਿੱਤਰ ਮੰਤਰੀ ਬਜਟ ਵਿੱਚ ਇਸ ਲਈ ਲੋੜੀਂਦੀ ਵਿੱਤੀ ਰਾਸ਼ੀ ਦੀ ਵਿਵਸਥਾ ਵੀ ਕਰਨਗੇ। ਵਿੱਤੀ ਸਾਧਨ, ਵਿਕਾਸ ਅਤੇ ਲੋਕਾਂ ਦੀ ਭਲਾਈ ਵਾਸਤੇ ਸਮਝਦਾਰੀ ਨਾਲ ਖਰਚ ਕੀਤੇ ਜਾਣ। ਸਿੱਖਿਆ, ਸਿਹਤ ਅਤੇ ਹੁਨਰ ਨੂੰ ਪਹਿਲ ਦਿੱਤੀ ਜਾਵੇ। ਆਰਥਿਕ ਵਿਕਾਸ ਅਤੇ ਰੁਜ਼ਗਾਰ ਵਧਾਇਆ ਜਾਵੇ। ਜੇਕਰ ਅਜਿਹਾ ਨਾ ਕੀਤਾ ਤਾਂ ਇੱਕ ਦਿਨ ਸਾਰੇ ਸਰਕਾਰੀ ਅਦਾਰੇ (ਸਿੱਖਿਆ, ਸਿਹਤ, ਟਰਾਂਸਪੋਰਟ, ਬਿਜਲੀ, ਆਦਿ) ਗੰਭੀਰ ਸੰਕਟ ਵਿੱਚ ਪਹੁੰਚ ਜਾਣਗੇ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਅਦਾਰੇ ਮਰਨ ਕਿਨਾਰੇ ਪਹੁੰਚ ਜਾਣ। ਇਹੀ ਤਾਂ ਕਾਰਪੋਰੇਟ ਮਾਡਲ ਅਤੇ ਕਾਰਪੋਰੇਟਸ ਦਾ ਲੁਕਵਾਂ ਏਜੰਡਾ ਹੈ ਕਿ ਕਦੋਂ ਇਹ ਅਦਾਰੇ ਬੰਦ ਹੋਣ ਅਤੇ ਉਨ੍ਹਾਂ ਦਾ ਨਿੱਜੀਕਰਨ ਕੀਤਾ ਜਾਵੇ। ਕਾਰਪੋਰੇਟ ਘਰਾਣੇ ਇਹ ਸਭ ਕੁਝ ਲੋਕਾਂ ਦੁਆਰਾ ਚੁਣੀਆਂ ਹੋਈਆਂ ਸਰਕਾਰਾਂ ਦੁਆਰਾ ਬਹੁਤ ਚਤੁਰਾਈ ਨਾਲ ਕਰਵਾ ਜਾਂਦੇ ਹਨ। ਯੂ.ਪੀ.ਏ. 1 ਦੀ ਸਰਕਾਰ ਵੇਲੇ ਇੱਕ ਕੇਂਦਰੀ ਮੰਤਰੀ ਨੇ ਕਿਹਾ ਸੀ ਪੰਜ ਸਾਲਾਂ ਬਾਅਦ ਲੋਕ ਆਪਣੇ ਪ੍ਰਤੀਨਿਧ ਚੁਣਕੇ ਸਰਕਾਰ ਬਣਾਉਂਦੇ ਹਨ ਅਤੇ ਸਰਕਾਰ ਬਣਨ ਪਿੱਛੋਂ ਨੀਤੀਆਂ ਵੱਡੀਆਂ-ਵੱਡੀਆਂ ਕੰਪਨੀਆਂ ਅਤੇ ਕਾਰਪੋਰੇਟ ਘਰਾਣੇ ਬਣਾਉਂਦੇ ਹਨ। ਤੁਸੀਂ ਆਪ ਹੀ ਸੋਚੋ ਉਨ੍ਹਾਂ ਦੁਆਰਾ ਬਣਾਈਆਂ ਨੀਤੀਆਂ ਲੋਕ-ਪੱਖੀ ਕਿਵੇਂ ਹੋ ਸਕਦੀਆਂ ਹਨ? ਉਨ੍ਹਾਂ ਦਾ ਮੁੱਖ ਮੰਤਵ ਆਪਣਾ ਲਾਭ ਵਧਾਉਣਾ ਹੁੰਦਾ ਹੈ। ਲੋੜੀਂਦੀਆਂ ਲੋਕ-ਪੱਖੀ ਨੀਤੀਆਂ ਬਣਾਉਂਣ ਲਈ ਪੁੱਖਤਾ ਜਾਣਕਾਰੀ ਅਤੇ ਅੰਕੜੇ ਜ਼ਰੂਰੀ ਹਨ। ਇਹ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਤੋਂ ਕੰਮ ਲੈਣ ਦੀ ਜ਼ਰੂਰਤ ਹੈ। ਪੰਜਾਬ ਰਾਜ ਯੋਜਨਾ ਬੋਰਡ ਨੂੰ ਇਸ ਮੰਤਵ ਲਈ ਨੋਡਲ ਸੰਸਥਾ ਵਜੋਂ ਕੰਮ ਕਰਨਾ ਚਾਹੀਦਾ ਹੈ।

### ਸੰਭਾਵੀ ਵਿੱਤੀ ਸਾਧਨ ਦੇ ਸਰੋਤ

ਮੇਰੇ ਆਪਣੇ ਅੰਦਾਜ਼ੇ ਮੁਤਾਬਿਕ ਬਿਨਾ ਕੋਈ ਨਵਾਂ ਟੈਕਸ ਲਾਉਣ ਦੇ ਸਰਕਾਰੀ ਖਜ਼ਾਨੇ ਵਿੱਚ 28500 ਕਰੋੜ ਰੁਪਏ ਸਲਾਨਾ ਹੋਰ ਲਿਆਂਦੇ ਜਾ ਸਕਣ ਦੀ ਸੰਭਾਵਨਾ ਹੈ, ਜੇਕਰ ਸਿਆਸੀ ਇੱਛਾ ਹੋਵੇ ਤਾਂ। ਇਸ ਰਾਸ਼ੀ ਵਿੱਚ ਲੱਗਭੱਗ 10000 ਕਰੋੜ ਰੁਪਏ ਹੋਰ ਜੋੜੇ ਜਾ ਸਕਦੇ ਹਨ, ਜੇਕਰ ਕਰਾਂ ਅਤੇ ਕਰ-ਪ੍ਰਣਾਲੀ ਨੂੰ ਥੋੜਾ ਤਰਕਸੰਗਤ ਬਣਾਇਆ ਜਾਵੇ ਅਤੇ ਮੁਫ਼ਤ ਸਹੂਲਤਾਂ, ਸਬਸਿਡੀਆਂ ਅਤੇ ਇਖਤਿਆਰੀ ਖਰਚਿਆਂ ਨੂੰ ਕੁਝ ਕੁ ਹੱਦ ਤੱਕ ਤਰਕਸੰਗਤ ਬਣਾ ਲਿਆ ਜਾਵੇ। ਜੇਕਰ ਇਸ ਰਾਸ਼ੀ ਵਿੱਚੋਂ ਕਾਫੀ ਵੱਡਾ ਹਿੱਸਾ ਖਜ਼ਾਨੇ ਵਿੱਚ ਲਿਆਂਦਾ ਜਾਵੇ ਤਾਂ ਗਰੀਬ ਅਤੇ ਹਾਸ਼ੀਏ ਉਪਰ ਧੱਕੇ ਲੋਕਾਂ ਲਈ ਨਵੀਆਂ ਕਲਿਆਣਕਾਰੀ ਸਕੀਮਾਂ ਸ਼ੁਰੂ ਕਰਨ ਦੇ ਨਾਲ ਸਰਕਾਰ ਦੀ ਵਿਕਾਸ ਕਾਰਜਾਂ ਉਪਰ ਨਿਵੇਸ਼ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਸਮਰੱਥਾ ਵੀ ਵੱਧ ਸਕਦੀ ਹੈ। ਨਾਲ ਹੀ ਸਰਕਾਰੀ ਕਰਜ਼ੇ ਦੇ ਬੋਝ ਨੂੰ ਘਟਾਉਂਣ ਦਾ ਕੋਈ ਰੋਡ ਮੈਪ ਵੀ ਤਿਆਰ ਕਰ ਸਕਦੀ ਹੈ।

ਇਸ ਤੋਂ ਪਹਿਲਾਂ ਕਿ ਉਪਰੋਕਤ ਰਾਸ਼ੀ ਦਾ ਵੇਰਵਾ ਦਿੱਤਾ ਜਾਵੇ ਇਸ ਪਿੱਛੇ ਕੁਝ ਹੋਰ ਤਰਕ ਦੀ ਗੱਲ ਕਰਨੀ ਵਾਜਿਬ ਹੋਵੇਗੀ। ਸਭ ਤੋਂ ਪਹਿਲਾ ਤਰਕ ਹੈ ਕਿ ਟੈਕਸਾਂ ਰਾਹੀਂ ਅਤੇ ਹੋਰ ਸਾਧਨਾਂ ਤੋਂ ਇਕੱਤਰ ਹੋਣ ਵਾਲੀ ਸਰਕਾਰੀ ਆਮਦਨ ਘੱਟ ਤੋਂ ਘੱਟ ਵਿਕਾਸ ਦਰ (ਸਮੁੱਚੀ ਰਾਜ ਘਰੇਲੂ ਆਮਦਨ ਦੀ ਵਿਕਾਸ ਦਰ) ਦੇ ਬਰਾਬਰ ਕਿਉਂ ਨਹੀਂ ਵੱਧ ਰਹੀ? ਪ੍ਰਤੀ-ਵਿਅਕਤੀ ਸਵੈ-ਕਰ ਦੇ ਹਿਸਾਬ ਨਾਲ ਪੰਜਾਬ ਨਾਲੋਂ 7 ਰਾਜ (17 ਰਾਜਾਂ ਵਿੱਚੋਂ) ਉਪਰ ਹਨ। ਜੇਕਰ ਸਵੈ-ਕਰਾਂ ਦੀ ਉਗਰਾਹੀ ਦੀ ਦਰ ਦੀ ਗੱਲ ਕਰੀਏ ਤਾਂ 2021-22 ਵਿੱਚ ਇਹ ਦਰ 2012-13 ਦੀ ਦਰ ਦੇ ਮੁਕਾਬਲੇ ਘੱਟ ਕਿਉਂ ਰਹੀ ਹੈ? ਇਸ ਤੋਂ ਇਲਾਵਾ ਸਰਕਾਰ ਵਲੋਂ ਕੀਤੀ ਜਾਂਦੀ ਰਹੀਂ ਵਿੱਤੀ ਬਦ-ਇੰਤਜ਼ਾਮੀ ਨੂੰ ਵੀ ਠੀਕ ਕਰਨ ਦੀ ਲੋੜ ਹੈ। ਇਸ ਸਭ ਕੁਝ ਦੇ ਚਲਦਿਆਂ ਉਪਰੋਕਤ ਦੱਸੀ ਗਈ ਰਾਸ਼ੀ (ਜੋ ਸਰਕਾਰੀ ਖਜ਼ਾਨੇ ਵਿੱਚ ਲਿਆਂਦੀ ਜਾ ਸਕਦੀ ਸੀ, ਪਰ ਨਹੀਂ ਲਿਆਂਦੀ ਗਈ) ਦਾ ਵੇਰਵਾ ਹੇਠ ਦਿੱਤੀ ਸਾਰਣੀ ਅਨੁਸਾਰ ਹੈ :

### ਸੰਭਾਵੀ ਵਾਧੂ ਆਮਦਨ ਦੇ ਸਰੋਤ (ਆਮਦਨ ਕਰੋੜ ਰੁਪਏ)

| ਸਰੋਤ | ਵਾਧੂ ਰਾਸ਼ੀ | ਸਰੋਤ | ਵਾਧੂ ਰਾਸ਼ੀ |
|---|---|---|---|
| ਆਬਕਾਰੀ | 5000 | ਪ੍ਰੋਫੈਸ਼ਨਲ ਟੈਕਸ | 1500 |
| ਜੀ.ਐਸ.ਟੀ. | 9000 | ਟਰਾਂਸਪੋਰਟ ਅਤੇ ਕੇਬਲ | 2500 |
| ਸਟੈਪ ਡਿਊਟੀ ਤੇ ਰਜਿਸਟ੍ਰੇਸ਼ਨ | 2000 | ਕਲਿਆਣਕਾਰੀ ਸਕੀਮਾਂ ਵਿੱਚ ਚੋਰ ਮੋਰੀਆਂ | 1000 |
| ਮਾਈਨਿੰਗ | 3000 | ਬਿਜਲੀ ਚੋਰੀ | 1500 |
| ਸੰਪਤੀ ਕਰ | 3000 | ਕੁੱਲ ਜੋੜ | 28500 |

**ਨੋਟ:**
1. ਲੇਖਕ ਵਲੋਂ ਦਿੱਤੇ ਗਏ ਉਪਰੋਕਤ ਅੰਕੜੇ ਪੰਜਾਬ ਦੇ 6ਵੇਂ ਕਮਿਸ਼ਨ ਵਿੱਚ ਵੀ ਲੇਖਕ ਦੇ ਨਾਂ ਹੇਠ ਅੰਕਿਤ ਹਨ।
2. ਉਪਰੋਕਤ ਅੰਦਾਜ਼ੇ ਬਿਨਾ ਕੋਈ ਨਵਾਂ ਕਰ ਲਾਉਣ ਤੋਂ ਸਰਕਾਰੀ ਖਜ਼ਾਨੇ ਵਿੱਚ ਲਿਆਂਦੇ ਜਾ ਸਕਦੇ ਹਨ।
3. ਵਿੱਤੀ ਸਾਲ 2022-23 ਵਿੱਚ ਪੰਜਾਬ ਸਰਕਾਰ ਨੇ 10000 ਕਰੋੜ ਰੁਪਏ ਆਬਕਾਰੀ ਕਰਾਂ ਰਾਹੀਂ ਇਕੱਠੇ ਕਰਨ ਦਾ ਟੀਚਾ ਮਿੱਥਿਆ ਹੈ ਜੋ ਪਿਛਲੇ ਸਾਲ ਦੌਰਾਨ ਇਕੱਠੀ ਹੋਈ ਰਾਸ਼ੀ ਤੋਂ ਤਕਰੀਬਨ 3842 ਕਰੋੜ ਵੱਧ ਹੈ।

ਉਪਰੋਕਤ ਤੋਂ ਇਲਾਵਾ ਸਰਕਾਰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (CSR) ਰਾਹੀਂ ਪੰਜਾਬ ਵਿੱਚ ਸਥਿਤ ਵੱਡੇ ਉਦਯੋਗਾਂ ਤੋਂ (ਜੋ ਇਸ ਕਾਨੂੰਨ ਦੇ ਘੇਰੇ ਵਿੱਚ ਆਉਂਦੇ ਹਨ) ਕੁਝ ਵਿੱਤੀ ਸਾਧਨ ਸਮਾਜਿਕ ਅਤੇ ਆਰਥਿਕ ਕਾਰਜਾਂ ਲਈ ਜੁਟਾ ਸਕਦੀ ਹੈ।

ਉਮੀਦ ਹੈ ਵਿੱਤ ਮੰਤਰੀ ਜੀ ਆਪਣੇ ਵਲੋਂ ਜੂਨ 2022 ਵਿੱਚ ਪੇਸ਼ ਕੀਤੇ ਜਾਣ ਵਾਲੇ ਪਲੇਠੀ ਦੇ ਬਜਟ ਵਿੱਚ ਹੋਰ ਵਿੱਤੀ ਰਾਸ਼ੀ ਲਿਆਉਣ ਦਾ ਯਤਨ ਕਰਨਗੇ। ਇਹ ਵੀ ਉਮੀਦ ਹੈ ਕਿ ਬਜਟ ਵਿੱਚੋਂ ਸਿੱਖਿਆ ਅਤੇ ਸਿਹਤ ਉਪਰ ਪ੍ਰਤੀਸ਼ਤਤਾ ਵਧਾਉਣ ਦੇ ਨਾਲ-ਨਾਲ ਪੰਜਾਬ ਨੂੰ ਕਰਜ-ਕੜਿੱਕੀ ਵਿੱਚੋਂ ਕੱਢਣ ਦਾ ਰੋਡ ਮੈਪ ਵੀ ਦਰਸਾਉਣਗੇ। ਵਿਕਾਸ ਕਾਰਜਾਂ ਉਪਰ ਬਜਟ ਵਧਾਉਣ ਦੀ ਪ੍ਰਕ੍ਰਿਆ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੇ ਨਾਲ-ਨਾਲ ਬਜਟ ਰਾਹੀਂ ਪੰਜਾਬ ਦੇ ਵਿਕਾਸ ਨੂੰ ਉਚਿੱਤ ਸੇਧ ਵੀ ਦੇਣਗੇ। ਵਿੱਤ ਮੰਤਰੀ ਦੇ ਬਜਟ ਅਤੇ ਬਜਟ ਤਜਵੀਜ਼ਾਂ ਤੋਂ ਸਰਕਾਰ ਦੀ ਮਨਸਾ ਦਾ ਪਤਾ ਲੱਗ ਜਾਵੇਗਾ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਵਾਕਿਆ ਹੀ ਸਰਕਾਰ ਉਹ ਬਦਲਾਅ ਦੇ ਸਕੇਗੀ, ਜਿਸ ਉਮੀਦ ਨਾਲ ਲੋਕਾਂ ਨੇ 'ਆਪ' ਨੂੰ ਇੰਨਾ ਵੱਡਾ ਫਤਵਾ ਦਿੱਤਾ ਹੈ?

# ਸਿੱਖ ਕੌਮ ਦਾ ਮਹਾਨ ਯੋਧਾ, ਅਮਰ ਸ਼ਹੀਦ ਬਾਬਾ ਜੀਵਨ ਸਿੰਘ

ਧੰਨ ਜੈਤੇ ਸਿੱਖਾ ਤੂੰ ਰੱਖੀ ਸਿੱਖੀ, ਖੰਡਿਓਂ ਤਿੱਖੀ ਵਾਲੋਂ ਨਿੱਕੀ,
ਤੁਮ ਰੰਘਰੇਟੇ ਗੁਰੂ ਕੇ ਬੇਟੇ ਰਹੇ ਪੰਥ ਕੇ ਸੰਗ ਅਮੇਟੇ,

ਪੰਜਾਬ ਦੀ ਧਰਤੀ ਮਹਾਨ ਗੁਰੂਆਂ, ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ ਹੈ। ਇੱਥੋਂ ਦੇ ਲੋਕਾਂ ਨੂੰ ਮੱਧਕਾਲ ਤੋਂ ਹੀ ਦੇਸੀ ਵਿਦੇਸ਼ੀ ਹਾਕਮਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ ਹੈ । ਇੱਥੋਂ ਦੇ ਲੋਕਾਂ ਨੇ ਆਪਣੇ ਜਾਨ ਮਾਲ ਦੀ ਪਰਵਾਹ ਨਾ ਕਰਦੇ ਹੋਏ ਜ਼ੁਲਮਾਂ ਦਾ ਟਾਕਰਾ ਕੀਤਾ ਹੈ। ਸਿੱਖ ਇਤਿਹਾਸ ਅਨੇਕਾਂ ਸੂਰਬੀਰਾਂ, ਮਹਾਂਪੁਰਸ਼ਾਂ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ, ਅਜਿਹੇ ਸ਼ਹੀਦਾਂ ਵਿੱਚੋਂ ਸ਼ਹੀਦ ਬਾਬਾ ਜੀਵਨ ਸਿੰਘ ਵੀ ਇੱਕ ਹਨ । ਬਾਬਾ ਜੀਵਨ ਸਿੰਘ ਦੇ ਵੰਸ਼ਜ ਗਾਗੋ ਮਾਹਲ ਦੇ ਰਹਿਣ ਵਾਲੇ ਸਨ । ਗੱਗੋਮਾਹਲ ਵਿਖੇ ਹੀ ਭਾਈ ਸਦਾ ਨੰਦ ਦੇ ਘਰ 05 ਸਤੰਬਰ 1649 ਈਸਵੀ ਨੂੰ ਬੀਬੀ ਪ੍ਰੇਮੋ ਦੀ ਕੁੱਖੋਂ ਭਾਈ ਜੈਤਾ ਜੀ ਦਾ ਜਨਮ ਹੋਇਆ। ਸੰਮਤ 1766 ਵਿਚ ਭਾਈ ਗੁਰਬਖਸ਼ ਸਿੰਘ ਦੀ ਪ੍ਰੇਰਨਾ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕਰ ਕੇ ਭਾਈ ਜੈਤਾ ਜੀ ਤੋਂ ਬਾਬਾ ਜੀਵਨ ਸਿੰਘ ਜੀ ਬਣ ਗਏ । ਆਪ ਜੀ ਆਨੰਦਪੁਰ ਸਾਹਿਬ ਜਾਣ ਤੋਂ ਪਹਿਲਾਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ , ਸ੍ਰੀ ਹਰਕ੍ਰਿਸ਼ਨ ਅਤੇ ਸ੍ਰੀ ਹਰਿ ਰਾਇ ਜੀ ਦੀ ਸੇਵਾ ਕਰਦੇ ਰਹੇ । ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਾਖੋਵਾਲ (ਆਨੰਦਪੁਰ ਸਾਹਿਬ) ਰਹਿਣ ਲੱਗ ਪਏ ਤਾਂ ਭਾਈ ਜੈਤਾ ਜੀ ਵੀ ਉਨ੍ਹਾਂ ਦੀ ਛਤਰ ਛਾਇਆ ਵਿੱਚ ਉੱਥੇ ਹੀ ਰਹਿਣ ਲੱਗ ਪਏ ਸਨ। ਸੰਮਤ 1732 ਵਿਚ ਮੁਗਲ ਸਮਰਾਟਾਂ ਦੇ ਜ਼ੁਲਮਾਂ ਤੋਂ ਤੰਗ ਆਏ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਮੁਗਲ ਸਰਦਾਰ ਦੇ ਬੁਲਾਉਣ ਤੇ ਜਦੋਂ ਨੌਂਵੇ ਪਾਤਸ਼ਾਹ ਦਿੱਲੀ ਗਏ ਤਾਂ ਉਸ ਸਮੇਂ ਭਾਈ ਜੈਤਾ ਜੀ ,ਭਾਈ ਗੁਰਦਿੱਤਾ ਨਾਲ ਦਿੱਲੀ ਚਲੇ ਗਏ ਸਨ। ਭਾਈ ਗੁਰਦਿੱਤਾ ਜੀ ਨੇ ਭਾਈ ਜੈਤਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਤਕ ਉੱਥੇ ਠਹਿਰਨ ਲਈ ਕਿਹਾ । 23 ਦਸੰਬਰ ਮੱਘਰ ਸੁਦੀ 04 ਸੰਮਤ 1732 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ੍ਰੀ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ । ਇਸ ਤੋਂ ਬਾਅਦ ਦਿੱਲੀ ਵਿਖੇ ਰਹਿੰਦੇ ਭਾਈ ਜੈਤਾ ਜੀ ਨੇ ਆਪਣੇ ਪਿਤਾ ਸਦਾਨੰਦ ਅਤੇ ਤਾਇਆ ਆਗਿਆ ਰਾਮ ਨਾਲ ਸਲਾਹ ਮਸ਼ਵਰਾ ਕਰਕੇ ਦਿੱਲੀ ਚਾਂਦਨੀ ਚੌਕ ਦੇ ਕੋਤਵਾਲ ਖਵਾਜਾ ਅਬਦੁੱਲਾ ਨਾਲ ਗੁਪਤ ਵਿਉਂਤਬੰਦੀ ਕਰਕੇ ਸੀਸ ਬਦਲੇ ਸੀਸ ਰੱਖਣ ਦਾ ਮਤਾ ਪਾਸ ਕਰ ਦਿੱਤਾ। ਸੋ, ਇਸ ਤਰ੍ਹਾਂ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦੀ ਥਾਂ ਤੇ ਆਪਣੇ ਪਿਤਾ ਭਾਈ ਸਦਾ ਨੰਦ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸੀਸ ਆਪਣੇ ਹੱਥੀਂ ਕੱਟ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਨਾਲ ਬਦਲ ਕੇ ਚੁੱਕ ਲਿਆ ਅਤੇ ਬੜੀ ਬਹਾਦਰੀ, ਸੂਰਮਗਤੀ ਦਿਖਾਉਂਦੇ ਹੋਏ 322 ਮੀਲ ਦਾ ਜੰਗਲੀ ਪੈਂਡਾ ਤੈਅ ਕਰਦਿਆਂ, ਦੁਸ਼ਮਣਾਂ ਤੋਂ ਅੱਖ ਬਚਾਉਂਦਿਆਂ ਆਪਣੀ ਯੋਗਤਾ ਤੇ ਬਹਾਦਰੀ ਨਾਲ ਉਹ 15 ਨਵੰਬਰ ਨੂੰ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਬਾਲ ਗੋਬਿੰਦ ਰਾਏ ਜੀ ਕੋਲ ਪਹੁੰਚੇ । ਉਨ੍ਹਾਂ ਦੀ ਇਸ ਲਾਸਾਨੀ ਕੁਰਬਾਨੀ ਨੂੰ ਦੇਖਦੇ ਹੋਏ ਦਸਵੇਂ ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਗਲਵੱਕੜੀ ਵਿੱਚ ਲੈ ਕੇ "ਰੰਘਰੇਟਾ ਗੁਰੂ ਕਾ ਬੇਟਾ" ਮਾਣ ਦਿੱਤਾ ਅਤੇ ਉਨ੍ਹਾਂ ਨੂੰ ਫ਼ੌਜ ਦਾ ਜਰਨੈਲ ਬਣਾ ਕੇ ਅਨੰਦਗੜ੍ਹ ਕਿਲ੍ਹੇ ਵਿਖੇ ਆਪਣੇ ਬਿਲਕੁਲ ਨਾਲ ਉਨ੍ਹਾਂ ਦੀ ਰਿਹਾਇਸ਼ ਰੱਖੀ । ਭਾਈ ਜੀਵਨ ਸਿੰਘ ਯੁੱਧ ਨੀਤੀ ਵਿਚ ਮਾਹਰ ਯੋਧੇ ਸਨ ਅਤੇ ਉਨ੍ਹਾਂ ਵੱਲੋਂ ਰਚਿਤ ਇਕ ਗ੍ਰੰਥ "ਸ੍ਰੀ ਗੁਰੂ ਕਥਾ " ਵਿੱਚ ਉਨ੍ਹਾਂ ਵੱਲੋਂ ਦਸਵੇਂ ਗੁਰੂ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਛਤਰ ਛਾਇਆ ਹੇਠ ਬਿਤਾਏ ਸਮੇਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਦਾ ਮਾਣ ਕਰਦੇ ਹੋਏ ਉਨ੍ਹਾਂ ਨੂੰ ਕਿਹਾ ਸੀ ਕਿ "ਤੁਸੀਂ ਆਪਣੇ ਇਸ਼ਟ ਦੇ ਪੱਕੇ, ਮਜ਼੍ਹਬ ਦੇ ਪੱਕੇ ਹੋ ਅਤੇ ਮਜ਼੍ਹਬੀ ਸਿੰਘ ਰੰਘਰੇਟੇ ਹੋ, ਅਤੇ ਇਸ ਤਰਾਂ ਉਹਨਾਂ ਨੂੰ ਗੁਰੂ ਕੇ ਬੇਟੇ ਦਾ ਮਾਣ ਬਖਸ਼ਿਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬੈਠੇ ਅਤੇ ਉਨ੍ਹਾਂ ਨੇ ਸੰਮਤ 1741 ਵਿੱਚ ਰਣਜੀਤ ਨਗਾਰਾ ਬਣਾਇਆ ਅਤੇ ਭਾਈ ਜੈਤਾ ਜੀ ਨੇ ਸੰਮਤ 1742 ਤੋਂ 1762 ਤਕ ਬਤੌਰ ਨਗਾਰਚੀ ਇਹ ਸੇਵਾ ਵੀ ਨਿਭਾਈ ਸੀ । ਭਾਈ ਜੈਤਾ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸ਼ਸਤਰ ਵਿੱਦਿਆ ਵੀ ਸਿਖਾਈ ਸੀ । ਭਾਈ ਜੀਵਨ ਸਿੰਘ ਜੀ ਦਾ ਵਿਆਹ , ਭਾਈ ਸੁਜਾਨ ਸਿੰਘ ਰਿਆੜਕੀ ਪਰਗਾਨਾ ਪੱਟੀ ਦੀ ਪੁੱਤਰੀ ਮਾਤਾ ਰਾਜ ਕੌਰ ਨਾਲ ਹੋਇਆ। ਭਾਈ ਜੀਵਨ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁੱਖੋਂ ਚਾਰ ਪੁੱਤਰ ਗੁਰਦਿਆਲ ਸਿੰਘ, ਗੁਲਜਾਰ ਸਿੰਘ, ਸੁੱਖਾ ਸਿੰਘ ਅਤੇ ਸੇਵਾ ਸਿੰਘ ਪੈਦਾ ਹੋਏ । ਮਾਤਾ ਰਾਜ ਕੌਰ ਸੰਮਤ 1745 ਤੋਂ 1760 ਤੱਕ ਆਪਣੇ ਪਤੀ ਨਾਲ ਆਨੰਦਪੁਰ ਰਹੇ। ਅਨੰਦਪੁਰ ਦਾ ਯੁੱਧ ਛਿੜਨ ਤੋਂ ਪਹਿਲਾਂ ਬਾਬਾ ਜੀ ਨੇ ਮਾਤਾ ਰਾਜ ਕੌਰ ਨੂੰ ਬੱਚਿਆਂ ਸਮੇਤ ਪਿੰਡ ਝੰਡੇ ਰਾਮਦਾਸਪੁਰ ਭੇਜ ਦਿੱਤਾ। ਭਾਈ ਜੀਵਨ ਸਿੰਘ ਜੀ ਨੇ ਗੁਰੂ ਸਾਹਿਬ ਦੇ ਨਾਲ ਰਹਿ ਕੇ ਕਈ ਜੰਗਾਂ ਲੜੀਆਂ ਲੜੀਆਂ। ਉਨ੍ਹਾਂ ਦੀ ਬਹਾਦਰੀ, ਯੋਗਤਾ ਅਤੇ ਕਾਰਜ ਕੁਸ਼ਲਤਾ ਨੂੰ ਵੇਖਦੇ ਹੋਏ ਸੂਬਾ ਸਰਹੰਦ ਅਤੇ ਪਹਾੜੀ ਰਾਜਿਆਂ ਵੱਲੋਂ ਆਨੰਦਪੁਰ ਸਾਹਿਬ ਤੇ ਹਮਲਾ ਕਰਨ ਸਮੇਂ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਆਨੰਦਪੁਰ ਛੱਡ ਕੇ ਸਰਸਾ ਨਦੀ ਵੱਲ ਵਧੇ ਤਾਂ ਸਰਸਾ ਲੰਘ ਕੇ ਗੁਰੂ ਜੀ ਚਮਕੌਰ ਸਾਹਿਬ ਪੁੱਜੇ ਅਤੇ ਚਮਕੌਰ ਦੀ ਗੜ੍ਹੀ ਵਿਚ ਸ਼ਰਨ ਲਈ ।ਇੱਥੇ ਵਰਨਣਯੋਗ ਹੈ ਕਿ ਮੁਗਲ ਫੌਜਾਂ ਵੱਲੋਂ ਆਨੰਦਗੜ੍ਹ ਕਿਲ੍ਹੇ ਨੂੰ ਜਦੋਂ ਤਕਰੀਬਨ ਨੌਂ ਮਹੀਨੇ ਘੇਰਾ ਪਾਈ ਰੱਖਿਆ ਤਾਂ ਭੁੱਖ ਨਾ ਸਹਾਰਦੇ ਹੋਏ ਚਾਲੀ ਸਿੱਖ ਮਹਾਂ ਸਿੰਘ ਦੀ ਅਗਵਾਈ ਹੇਠ ਜਦੋਂ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਛੱਡ ਗਏ ਸਨ ਤਾਂ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਆਪਣੇ ਪੂਰੇ ਪਰਿਵਾਰ ਸਮੇਤ ਉੱਥੇ ਗੁਰੂ ਜੀ ਨਾਲ ਸਿੱਖੀ ਸਿਦਕ ਨਿਭਾਉਂਦੇ ਹੋਏ ਹਾਜ਼ਰ ਰਹੇ । ਬਾਬਾ ਜੀ ਦੀ ਯੁੱਧ ਰਣਨੀਤੀ ਵਿੱਚ ਕਾਰਜ ਕੁਸ਼ਲਤਾ ਨੂੰ ਵੇਖਦੇ ਹੋਏ 22 ਦਸੰਬਰ ਦੀ ਰਾਤ ਨੂੰ ਗੁਰੂ ਜੀ ਆਪਣੀ ਕਲਗੀ ਤੇ ਪੁਸ਼ਾਕਾ ਬਾਬਾ ਜੀਵਨ ਸਿੰਘ ਜੀ ਨੂੰ ਸੌਂਪ ਕੇ ਗੜ੍ਹੀ ਛੱਡ ਕੇ ਚਲੇ ਗਏ । ਚਮਕੌਰ ਦੀ ਗੜ੍ਹੀ ਵਿੱਚ ਬਾਬਾ ਜੀਵਨ ਸਿੰਘ ਜੀ ਰਾਤ ਨੂੰ ਦੋਵੇਂ ਬੰਦੂਕਾਂ ਦੁਸ਼ਮਣਾਂ ਵੱਲ ਚਲਾਉਂਦੇ ਰਹੇ ਤਾਂ ਕਿ ਦੁਸ਼ਮਣ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਦੀ ਗੜ੍ਹੀ ਦੇ ਅੰਦਰ ਹੋਣ ਦਾ ਭੁਲੇਖਾ ਦਿੱਤਾ ਜਾ ਸਕੇ । ਅੰਤ 23 ਦਸੰਬਰ 1704 ਈਸਵੀ ਨੂੰ ਬਾਬਾ ਜੀਵਨ ਸਿੰਘ ਜੀ ਆਪਣੇ ਦੋ ਪੁੱਤਰਾਂ ਭਾਈ ਸੁੱਖਾ ਸਿੰਘ ਅਤੇ ਭਾਈ ਸੇਵਾ ਸਿੰਘ ਸਹਿਤ ਦੁਸ਼ਮਣ ਦਾ ਟਾਕਰਾ ਕਰਦੇ ਹੋਏ ਸ਼ਹੀਦ ਹੋ ਗਏ । ਸਿੱਖ ਇਤਿਹਾਸ ਵਿੱਚ ਬਾਬਾ ਜੀਵਨ ਸਿੰਘ ਜੀ ਦੀ ਕੁਰਬਾਨੀ ਅਮੁੱਲ ਹੈ, ਉਨ੍ਹਾਂ ਵੱਲੋਂ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਸੇਧ ਲੈਂਦਿਆਂ ਸਿੱਖ ਪੰਥ ਲਈ ਪਰਿਵਾਰ ਵਾਰਨ ਦੀ ਤਰ੍ਹਾਂ ਹੀ ਆਪਣੇ ਪੁੱਤਰਾਂ ਅਤੇ ਆਪਣੇ ਪਿਤਾ ਜੀ ਨੂੰ ਸਿੱਖ ਕੌਮ ਲਈ ਕੁਰਬਾਨ ਕੀਤਾ ਉੱਥੇ ਹੀ ਸਾਰੀ ਉਮਰ ਸਿੱਖੀ ਸਿਦਕ ਤੇ ਅਡੋਲ ਰਹਿੰਦਿਆਂ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ ਛਾਇਆ ਹੇਠ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਨ੍ਹਾਂ ਦੀ ਅਨੋਖੀ ਸ਼ਖ਼ਸੀਅਤ, ਸਮਾਜਿਕ ਧਾਰਮਿਕ ਅਤੇ ਰਾਜਸੀ ਇਨਕਲਾਬ ਦੀ ਮੁੱਦਈ ਸੀ। ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਪੈਰੋਕਾਰਾਂ ਦਾ ਵੀ ਭਾਰਤੀ ਇਤਿਹਾਸ ਤੇ ਰਾਜਨੀਤਕ ਜੀਵਨ ਵਿੱਚ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਰੰਘਰੇਟਿਆਂ ਨੂੰ ਸਮਾਜ ਵਿੱਚ ਬਣਦਾ ਸਥਾਨ ਦੇਣਾ ਚਾਹੀਦਾ ਹੈ । ਅਫ਼ਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੇ ਕੁਝ ਅਖੌਤੀ ਚੌਧਰੀਆਂ ਵੱਲੋਂ ਅਜੋਕੇ ਸਮੇਂ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਦੀ ਕੌਮ ਮਜ਼੍ਹਬੀ ਸਿੱਖਾਂ ਨੂੰ ਬਣਦਾ ਮਾਣ ਸਤਿਕਾਰ ਨਾ ਦਿੱਤੇ ਜਾਣ ਕਾਰਨ ਇਸ ਕੌਮ ਦੇ ਕੁਝ ਅਣਭੋਲ ਲੋਕਾਂ ਨੂੰ ਕੁਝ ਦੂਸਰੇ ਧਰਮਾਂ ਦੇ ਲੋਕਾਂ ਵੱਲੋਂ ਬਹਿਲਾ ਫੁਸਲਾ ਕੇ ਇਨ੍ਹਾਂ ਯੋਧਿਆਂ ਦੀ ਕੌਮ ਦਾ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ । ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖ ਕੌਮ ਅਤੇ ਸਮੁੱਚੀ ਇਨਸਾਨੀਅਤ ਲਈ ਸ਼ਹੀਦ ਬਾਬਾ ਜੀਵਨ ਸਿੰਘ ਦੇ ਯੋਗਦਾਨ ਨੂੰ ਵੇਖਦੇ ਹੋਏ ਜਿੱਥੇ ਮਜ਼੍ਹਬੀ ਸਿੱਖ/ ਬਾਲਮੀਕ ਭਾਈਚਾਰੇ ਦੀ ਭਲਾਈ ਲਈ ਵੱਡੇ ਪੱਧਰ ਤੇ ਯਤਨ ਕਰਨੇ ਚਾਹੀਦੇ ਹਨ ਉੱਥੇ ਹੀ ਮਾਲਵੇ ਦੇ ਮੋਗਾ- ਫ਼ਰੀਦਕੋਟ ਇਲਾਕੇ ਵਿੱਚ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ ਤੇ ਇਕ ਵਿਸ਼ਵ ਪੱਧਰੀ ਯੂਨੀਵਰਸਿਟੀ ਵੀ ਬਣਾਈ ਜਾਵੇ । ਇਸ ਤੋਂ ਇਲਾਵਾ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਆਪਣੇ ਅਰਬਾਂ ਰੁਪਏ ਦੇ ਬਜਟ ਵਿੱਚੋਂ ਜਿੱਥੇ ਬਾਬਾ ਜੀ ਜੀਵਨ ਸਿੰਘ ਦੀ ਕੌਮ ਮਜ਼੍ਹਬੀ ਸਿੱਖ / ਬਾਲਮੀਕ ਭਾਈਚਾਰੇ ਲਈ ਵਿਸ਼ੇਸ਼ ਤੌਰ ਤੇ ਧਾਰਮਿਕ ਅਤੇ ਦੁਨਿਆਵੀ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ , ਉਥੇ ਮਾਝਾ ਇਲਾਕੇ ਵਿਚ ਸ਼ਹੀਦ ਬਾਬਾ ਜੀਵਨ ਸਿੰਘ ਦੇ ਨਾਮ ਤੇ ਇਕ ਮੈਡੀਕਲ ਕਾਲਜ ਅਤੇ ਹਸਪਤਾਲ ਵੀ ਖੋਲ੍ਹਿਆ ਜਾਵੇ ਤਾਂ ਜੋ ਬਾਬਾ ਜੀਵਨ ਸਿੰਘ ਦੀ ਕੌਮ ਦੇ ਲੋਕ ਆਪਣੇ ਸ਼ਹੀਦ ਦੀ ਕੀਤੀ ਕੁਰਬਾਨੀ ਨੂੰ ਯਾਦ ਰੱਖਣ ਅਤੇ ਉਨ੍ਹਾਂ ਉਪਰ ਫਖ਼ਰ ਮਹਿਸੂਸ ਕਰਨ । ਦੁੱਖ ਦੀ ਗੱਲ ਇਹ ਹੈ ਕਿ ਸ਼ਹੀਦ ਬਾਬਾ ਜੀਵਨ ਸਿੰਘ ਦੀ ਕੌਮ ਦੇ ਵਾਰਸ ਮਜ਼੍ਹਬੀ ਸਿੱਖ / ਬਾਲਮੀਕ ਭਾਈਚਾਰੇ ਦੇ ਲੋਕ ਅੱਜ ਪੰਜਾਬ ਵਿੱਚ ਆਰਥਿਕ ਅਤੇ ਵਿੱਦਿਅਕ ਪੱਖੋਂ ਸਭ ਤੋਂ ਜ਼ਿਆਦਾ ਪੱਛੜੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਜਦ ਹੁਣ ਪੰਜਾਬ ਦੇ ਵੱਖ ਵੱਖ ਬੋਰਡਾਂ / ਕਾਰਪੋਰੇਸ਼ਨਾਂ ਦੇ ਚੇਅਰਮੈਨ ਲਗਾਏ ਜਾ ਰਹੇ ਹਨ ਤਾਂ ਇਸ ਭਾਈਚਾਰੇ ਦੇ ਲੋਕਾਂ ਨੂੰ ਵੀ ਇਨ੍ਹਾਂ ਬੋਰਡਾਂ ਕਾਰਪੋਰੇਸ਼ਨਾਂ ਦੀਆਂ ਚੇਅਰਮੈਨੀਆਂ ਵਿੱਚ ਬਣਦਾ ਸਥਾਨ ਦਿੱਤਾ ਜਾਵੇ ਅਤੇ ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਦੀ ਅਸਾਮੀ ਜੋ ਪਿਛਲੇ ਲੰਬੇ ਸਮੇਂ ਤੋਂ ਖਾਲੀ ਪਈ ਹੈ ਉਸ ਅਸਾਮੀ ਉੱਪਰ ਵੀ ਇਸ ਭਾਈਚਾਰੇ ਵਿੱਚੋਂ ਕੋਈ ਚੇਅਰਮੈਨ ਬਣਾਇਆ ਜਾਵੇ ਤਾਂ ਇਸ ਭਾਈਚਾਰੇ ਦਾ ਸਮਾਜਿਕ ਤੇ ਆਰਥਿਕ ਪੱਧਰ ਉੱਚਾ ਹੋ ਸਕੇ । ਇਨ੍ਹਾਂ ਦੀ ਭਲਾਈ ਲਈ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਉਚਿਤ ਯਤਨ ਕਰਨੇ ਚਾਹੀਦੇ ਹਨ ।

ਇਸ ਦੇ ਨਾਲ ਹੀ ਵਾਲਮੀਕ/ ਮਜ਼੍ਹਬੀ ਸਿੱਖ ਭਾਈਚਾਰੇ ਨੂੰ ਸਰਕਾਰੀ ਨੌਕਰੀਆਂ ਦੇ ਵਿੱਚ ਰਾਖਵੇਂ ਕੋਟੇ ਦੇ ਵਿੱਚੋਂ ਰਾਖਵੇਂ ਕੋਟੇ ਦੀ ਜੋ 12|5 ਪ੍ਰਤੀਸ਼ਤ ਦੀ ਵਿਸ਼ੇਸ਼ ਸਹੂਲਤ ਦਿੱਤੀ ਗਈ ਹੈ, ਇਸ ਸੰਬੰਧੀ ਇਸ ਭਾਈਚਾਰੇ ਦੀਆਂ ਵਿਰੋਧੀ ਤਾਕਤਾਂ ਵੱਲੋਂ ਸੁਪਰੀਮ ਕੋਰਟ ਵਿੱਚ ਇਸ ਰਾਖਵਾਂਕਰਨ ਨੂੰ ਖ਼ਤਮ ਕਰਵਾਉਣ ਲਈ ਕੇਸ ਲਗਾਇਆ ਗਿਆ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਇਸ ਭਾਈਚਾਰੇ ਦੀ ਭਲਾਈ ਲਈ ਸਰਕਾਰੀ ਨੌਕਰੀਆਂ ਵਿੱਚ ਸਾਢੇ ਬਾਰਾਂ ਪ੍ਰਤੀਸ਼ਤ ਕੋਟਾ ਵਾਲਮੀਕ/ ਮਜ਼੍ਹਬੀ ਸਿੱਖ ਭਾਈਚਾਰੇ ਨੂੰ ਦੇਣਾ ਜ਼ਰੂਰੀ ਬਣਾਇਆ ਜਾਵੇ ਅਤੇ ਉਕਤ ਕੇਸ ਦੀ ਪੈਰਵਾਈ ਚੰਗੇ ਢੰਗ ਨਾਲ ਕਰਕੇ ਵਾਲਮੀਕ / ਮਜ਼੍ਹਬੀ ਸਿੱਖ ਭਾਈਚਾਰੇ ਨੂੰ ਆਰਥਿਕ ਪੱਖੋਂ ਖ਼ੁਸ਼ਹਾਲ ਬਣਾਉਣ ਲਈ ਉਕਤ ਰਾਖਵੇਂ ਕੋਟੇ ਨੂੰ ਪੱਕੇ ਤੌਰ ਐਕਟ ਬਣਾ ਕੇ ਪਾਸ ਕੀਤਾ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਕਤ ਭਾਈਚਾਰੇ ਦੇ ਲੋਕ ਵੀ ਸਮਾਜਿਕ ਪੱਧਰ 'ਤੇ ਦੂਸਰੀਆਂ ਕੌਮਾਂ ਦੇ ਬਰਾਬਰ ਹੋ ਕੇ ਦੇਸ਼, ਸਿੱਖ ਧਰਮ ਅਤੇ ਸੂਬੇ ਦੀ ਤਰੱਕੀ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਣ, ਇਹੀ ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਵਸ ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।



**ਹਰਮਨ ਵਜੀਦਕੇ**
91-95692-43000

# ਅੰਬੇਡਕਰ ਸਟੂਡੈਂਟ ਐਸੋਸੀਏਸ਼ਨ ਵਲੋਂ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲੈ ਕੇ ਵੱਖ ਵੱਖ ਸੰਗਠਨਾਂ ਦੇ ਸਹਿਯੋਗ ਅਤੇ ਸਮਰਥਨ ਨਾਲ ਕੀਤਾ ਗਿਆ ਭਾਰੀ ਰੋਸ ਮਾਰਚ

ਅੰਬੇਡਕਰ ਸਟੂਡੈਂਟ ਐਸੋਸਿਏਸ਼ਨ ਵਲੋਂ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਲੈਕੇ ਵੱਖ ਵੱਖ ਸੰਗਠਨਾਂ ਦੇ ਸਹਿਯੋਗ ਅਤੇ ਸਮੱਰਥਨ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਾਇਸ ਚਾਂਸਲਰ ਦੱਫਤਰ ਦੇ ਬਾਹਰ 06 ਅਗਸਤ 2022 ਤੋਂ ਲਗਾਤਾਰ ਧਰਨਾ ਲਗਾਇਆ ਗਿਆ ਹੈ। ਪੰਜਾਬ ਸਰਕਾਰ ਦੇ ਹੁਕਮਾਂ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਵਿੱਚ ਹੋਏ ਫੈਸਲੇ ਦੇ ਬਾਬਜੂਦ ਦਲਿਤ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਯੂਨੀਵਰਸਿਟੀ ਪ੍ਰਸ਼ਾਸ਼ਨ ਵਲੋਂ ਧਰਨਾ ਚੁੱਕਣ ਦੀਆਂ ਧਮਕੀਆਂ ਅਤੇ ਨੋਟਿਸ ਦਿਤੇ ਜਾ ਰਹੇ ਹਨ। ਐਸੋਸਿਏਸ਼ਨ ਦੇ ਆਗੂਆ ਗੁਰਦੀਪ ਸਿੰਘ, ਦਵਿੰਦਰ ਸਿੰਘ ਆਦਿ ਦੀ ਅਗਵਾਈ ਵਿੱਚ ਵੱਖ ਵੱਖ ਵਿਦਿਆਰਥੀ ਜਥੇਵੰਦੀਆਂ ਪੀ ਯੂ ਐਚ ਐਚ, ਸੱਥ, ਐਸ ਐਫ ਐਸ, ਸੋਈ, ਐਨ ਐਸ ਯੂ ਆਈ, ਪੀ ਯੂ ਐਸ ਯੂ, ਪੀ ਐਫ ਯੂ ਐਸ, ਇਨਸੋ ਆਦਿ ਦੇ ਸਹਿਯੋਗ ਨਾਲ ਦਫਤਰ ਵਾਇਸ ਚਾਂਸਲਰ ਤੋਂ ਲੈਕੇ ਵਾਇਸ ਚਾਂਸਲਰ ਦੀ ਸਰਕਾਰੀ ਰਿਹਾਇਸ਼ ਤੱਕ ਭਾਰੀ ਰੋਸ ਮਾਰਚ ਕੀਤਾ ਗਿਆ। ਵਾਇਸ ਚਾਂਸਲਰ ਦੇ ਘਰ ਵਿੱਚ ਤਾਲਾ ਲੱਗੇ ਹੋਣ ਕਾਰਨ ਇਹ ਰੋਸ ਮਾਰਚ ਡੀਨ ਸਟੂਡੈਂਟ ਵੈਲਫੇਅਰ ਦੇ ਦੱਫਤਰ ਪਹੁੰਚਿਆ ਅਤੇ ਉਸਦੇ ਦੱਫਤਰ ਅੱਗੇ ਭਾਰੀ ਰੋਸ਼ ਪ੍ਰਦਰਸ਼ਨ ਅਤੇ ਯੂਨੀਵਰਸਿਟੀ ਪ੍ਰਸ਼ਾਸ਼ਨ ਖਿਲਾਫ ਨਾਹਰੇਬਾਜੀ ਕੀਤੀ ਗਈ। ਇਸ ਮੌਕੇ ਦਰਜਨਾ ਹੋਰ ਗੈਰ ਵਿਦਿਆਰਥੀ ਸਮਾਜਿਕ ਜਥੇਵੰਦੀਆਂ ਦੇ ਆਗੂਆਂ ਪ੍ਰੋਫੈਸਰ ਮਨਜੀਤ ਸਿੰਘ, ਡਾਕਟਰ ਪਿਆਰੇ ਲਾਲ ਗਰਗ, ਗਿੰਨੀ ਮਾਹੀ, ਗੁਰਪ੍ਰੀਤ ਕੌਰ, ਸ਼ੰਕਰਜੀ ਰਾਓ, ਗੁਰਮੁਖ ਸਿੰਘ ਢੋਲਣਮਾਜਰਾ, ਲਖਵੀਰ ਸਿੰਘ ਵਡਾਲਾ, ਬਲਵੀਰ ਸਿੰਘ, ਲਖਵੀਰ ਸਿੰਘ ਬੋਬੀ, ਰਣਜੀਤ ਸਿੰਘ, ਦੀਪਕ ਸ਼ਰਮਾ ਚਨਾਰਥਲ, ਤ੍ਰਿਲੋਕੀ, ਅਦਾਕਾਰਾ ਸੋਨੀਆ ਮਾਨ, ਡਾਕਟਰ ਪਾਲ, ਵਰਿਆਮ ਸਿੰਘ, ਰਾਜਿੰਦਰ ਸਿੰਘ ਨਨਹੇੜੀਆ, ਵਰਿਆਮ ਸਿੰਘ, ਬਲਵਿੰਦਰ ਸਿਪਰੇ, ਬਰਿਜਪਾਲ, ਕੁਲਦੀਪ ਚੰਦ ਦੋਭੇਟਾ, ਅੱਛਰ ਸਿੰਘ ਖੇੜਾ, ਅਮਿਤ ਦੋਧੀ ਨੰਗਲ, ਹਨੀਸ਼ ਬੰਗੜ ਊਨਾ, ਰਿੰਕੂ ਊਨਾ ਆਦਿ ਸ਼ਾਮਿਲ ਹੋਏ। ਵੱਖ ਵੱਖ ਆਗੂਆਂ ਨੇ ਵਿਦਿਆਰਥੀਆਂ ਦੇ ਇਸ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਵਰਸਿਟੀ ਪ੍ਰਸ਼ਾਸ਼ਨ ਵਲੋਂ ਵਿਦਿਆਰਥੀਆਂ ਦੀਆਂ ਜਾਇਜ ਮੰਗਾਂ ਨਾਂ ਮੰਨਣ ਕਾਰਨ ਵਿਰੋਧ ਕੀਤਾ ਅਤੇ ਵਿਦਿਆਰਥੀਆਂ ਦੇ ਹੱਕਾਂ ਲਈ ਚੱਲ ਰਹੇ ਸੰਘਰਸ਼ ਨੂੰ ਹਰ ਤਰਾਂ ਨਾਲ ਸਹਿਯੋਗ ਅਤੇ ਸਮੱਰਥਨ ਦੇਣ ਦਾ ਭਰੋਸਾ ਦਿਤਾ। ਇਸ ਮੌਕੇ ਐਸੋਸਿਏਸ਼ਨ ਆਗੂਆਂ ਗੁਰਦੀਪ ਸਿੰਘ ਅਤੇ ਦਵਿੰਦਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰਸ਼ਾਸ਼ਨ ਵਲੋਂ ਦਲਿਤ ਵਿਦਿਆਰਥੀਆਂ ਦੀਆਂ ਪਹਿਲਾਂ ਤੋਂ ਹੀ ਪਾਸ ਹੋਈਆਂ ਮੰਗਾਂ ਨੂੰ ਵੀ ਨਹੀਂ ਮੰਨਿਆਂ ਜਾ ਰਿਹਾ ਹੈ ਅਤੇ ਵੱਖ ਵੱਖ ਕਮੇਟੀਆਂ ਦੀਆਂ ਮੀਟਿੰਗਾ ਵਿੱਚ ਜਿਨ੍ਹਾਂ ਮੰਗਾਂ ਨੂੰ ਲੈਕੇ ਸਹਿਮਤੀ ਬਣ ਚੁੱਕੀ ਹੈ ਨੂੰ ਵੀ ਅਮਲੀ ਰੂਪ ਵਿੱਚ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਅਨੁਸੂਚਿਤ ਜਾਤਿ ਆਯੋਗ ਦੇ ਹੁਕਮਾਂ ਦੇ ਬਾਬਜੂਦ ਵੀ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕ ਕੇ ਵਿਦਿਆਰਥੀਆਂ ਦੇ ਭਵਿੱਖ ਨੂੰ ਬਰਬਾਦ ਕਰਨ ਦੀ ਕੋਸ਼ਿਸ ਕੀਤੀ ਜਾ ਰਹੇ ਹੈ ਅਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਗਰੀਬ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਪ੍ਰੇਸ਼ਾਨ ਹੋ ਰਹੇ ਹਨ। ਵੱਖ ਵੱਖ ਬੁਲਾਰਿਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਚੇਤਾਵਨੀ ਦਿਤੀ ਕਿ ਜੇਕਰ ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾਂ ਦਿਤਾ ਤਾਂ ਜਲਦੀ ਹੀ ਵੱਡਾ ਸੰਘਰਸ਼ ਕੀਤਾ ਜਾਵੇਗਾ ਜਿਸ ਵਿੱਚ ਹੋਣ ਵਾਲੇ ਨੁਕਸਾਨ ਦੀ ਜਿੰਮੇਵਾਰੀ ਯੂਨੀਵਰਸਿਟੀ ਪ੍ਰਸ਼ਾਸ਼ਨ ਦੀ ਹੋਵੇਗੀ।




**ਕੁਲਦੀਪ ਚੰਦ** (91-94175-63054)

# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ'?



ਪ੍ਰੋ: ਐਚ.ਐਲ.ਕਪੂਰ

ਅਜੋਕੇ ਸੰਸਾਰ ਦਾ ਅੱਜ ਵਿਗਿਆਨਕ ਚਿੰਤਨ ਇੰਨਾ ਹੋ ਰਿਹਾ ਹੈ ਕਿ ਮਨੁੱਖ ਦੀ ਸੋਚ ਪਲ-ਪਲ 'ਤੇ ਬਦਲ ਰਹੀ ਹੈ ਪਰ ਫਿਰ ਵੀ ਉਹ ਕਰਾਮਾਤਾਂ ਤੇ ਚਮਤਕਾਰਾਂ ਵਿਚ ਆਪਣਾ ਵਿਸ਼ਵਾਸ ਘੱਟ ਨਹੀਂ ਕਰ ਰਿਹਾ। ਸਾਡੇ ਕੋਲ ਚਾਹੇ ਸੰਤਾਨ ਦੀ ਘਾਟ ਹੋਵੇ, ਪੈਸੇ ਧੇਲੇ ਦੀ ਘਾਟ ਹੋਵੇ, ਮਨੁੱਖ ਨੂੰ ਕਿਸੇ ਲਾਇਲਾਜ ਰੋਗ ਨੇ ਘੇਰ ਲਿਆ ਹੋਵੇ ਜਾਂ ਮਨੁੱਖ ਕਿਸੇ ਸਮਾਜਿਕ ਮੁਸ਼ਕਿਲ ਵਿਚ ਘਿਰ ਗਿਆ ਹੋਵੇ, ਮਨੁੱਖ ਦਾ ਧਿਆਨ ਕਿਸੇ ਚਮਤਕਾਰ ਵੱਲ ਹੀ ਜਾਂਦਾ ਹੈ। ਮਨੁੱਖ ਇਹਨਾਂ ਮੁਸ਼ਕਿਲਾਂ ਲਈ ਕੋਈ ਵਿਗਿਆਨਕ ਹੱਲ ਲੱਭਣ ਦੀ ਬਜਾਏ ਉਸ ਦਾ ਧਿਆਨ ਕਿਸੇ ਸਾਧੂ-ਸੰਤ, ਬਾਬੇ, ਮਹਾਤਮਾ, ਗੁਰੂ-ਪੀਰ, ਤੇ ਔਲੀਏ ਵੱਲ ਜਾਂਦਾ ਹੈ। ਉਹ ਸੋਚਦਾ ਹੈ ਕਿ ਉਹ ਮੁਸ਼ਕਿਲਾਂ ਜਾਂ ਰੋਗ ਇਹਨਾਂ ਬਾਬਿਆਂ ਦੇ ਚਮਤਕਾਰੀ ਆਸ਼ੀਰਵਾਦ ਨਾਲ ਪਲਾਂ ਵਿਚ ਹੀ ਠੀਕ ਹੋ ਜਾਵੇਗਾ ਪਰ ਇੰਝ ਹੁੰਦਾ ਨਹੀਂ ਹੈ।

ਕਰਾਮਾਤ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਚਮਤਕਾਰ, ਅਲੌਕਿਕ, ਗੈਬੀ-ਸ਼ਕਤੀ, ਕਿਸੇ ਕੰਮ ਨੂੰ ਬੜੀ ਸਫਲਤਾ ਨਾਲ ਕਰਕੇ ਦਿਖਾ ਦੇਣਾ ਆਦਿਕ। ਕੋਈ ਅਜਿਹੀ ਘਟਨਾ ਜਾਂ ਗੱਲ ਜੋ ਕੁਦਰਤ ਦੇ ਅਸੂਲਾਂ ਦੇ ਖ਼ਿਲਾਫ਼ ਹੋਵੇ ਜਾਂ ਇਸ ਦਾ ਨਤੀਜਾ ਨਾ ਹੋਵੇ, ਇਸ ਨੂੰ ਦਲੀਲ ਨਾਲ ਸਮਝਾਇਆ ਨਾ ਜਾ ਸਕੇ, ਜਿਸਦਾ ਆਧਾਰ ਸਿਰਫ਼ ਤੇ ਸਿਰਫ਼ ਅੰਧ-ਵਿਸ਼ਵਾਸ ਹੋਵੇ, ਨੂੰ ਕਰਾਮਾਤ ਜਾਂ ਚਮਤਕਾਰ ਕਿਹਾ ਜਾਂਦਾ ਹੈ।

ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਜਿਹੀਆਂ ਖ਼ਬਰਾਂ ਤੇ ਇਸ਼ਤਿਹਾਰ ਦੇਖਣ ਨੂੰ ਮਿਲਦੇ ਹਨ, ਜਿਹਨਾਂ ਵਿਚ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਹੁੰਦਾ ਹੈ। ਕਿਸੇ ਆਦਮੀ ਦੇ ਔਲਾਦ ਨਹੀਂ ਸੀ ਹੁੰਦੀ, ਉਹ ਬੰਦਾ ਇਕ ਧਰਮ ਗੁਰੂ ਜਾਂ ਬਾਬੇ ਦੀ ਸ਼ਰਨ ਵਿਚ ਗਿਆ ਤੇ ਉਸ ਦੇ ਆਸ਼ੀਰਵਾਦ ਨਾਲ ਉਸ ਦੇ ਘਰ ਸੰਤਾਨ ਨੇ ਜਨਮ ਲਿਆ। ਇਕ ਲੜਕੇ ਨੂੰ ਕੁਝ ਦਿਖਾਈ ਨਹੀਂ ਦਿੰਦਾ ਸੀ। ਧਰਮ ਗੁਰੂ ਜਾਂ ਬਾਬਾ ਜੀ ਦੀ ਉਸ ਉਤੇ ਕਿਰਪਾ ਹੋਈ ਤਾਂ ਉਸ ਨੂੰ ਦਿਖਾਈ ਦੇਣ ਲੱਗ ਪਿਆ। ਇਕ ਲੜਕੀ ਜਨਮ ਤੋਂ ਗੂੰਗੀ ਸੀ ਤੇ ਜਦੋਂ ਧਰਮ ਗੁਰੂ ਦੀ ਸ਼ਰਨ ਵਿਚ ਆਈ ਤਾਂ ਉਹ ਬੋਲਣ ਲੱਗ ਪਈ। ਇਕ ਆਦਮੀ ਗਠੀਏ ਦੀ ਬਿਮਾਰੀ ਤੋਂ ਬੁਰੀ ਤਰ੍ਹਾਂ ਪੀੜਤ ਸੀ। ਉਹ ਚੱਲ ਫਿਰ ਨਹੀਂ ਸਕਦਾ ਸੀ। ਧਰਮ ਗੁਰੂ ਦੇ ਵਰਦਾਨ ਨਾਲ ਉਹ ਦੌੜਨ ਲੱਗ ਪਿਆ। ਮੇਰੇ ਗੁਆਂਢ ਵਿਚ ਇਕ ਬੀਬੀ ਕਿਸੇ ਧਰਮ ਗੁਰੂ ਦੀ ਚੇਲੀ ਸੀ, ਉਹ ਆਪਣੇ ਘਰ ਉਸ ਧਰਮ ਗੁਰੂ ਦੀ ਚੌਕੀ ਤੇ ਸਤਸੰਗ ਲਗਾਉਂਦੀ ਸੀ ਉਹ ਸਤਸੰਗ ਵਿਚ ਇਕੱਠੇ ਹੋਏ ਆਦਮੀਆਂ ਤੇ ਬੀਬੀਆਂ ਨੂੰ ਪ੍ਰਚਾਰ ਕਰਿਆ ਕਰੇ ਕਿ ਇਕ ਆਦਮੀ ਕੈਂਸਰ ਦੇ ਰੋਗ ਤੋਂ ਬਹੁਤ ਬੁਰੀ ਤਰ੍ਹਾਂ ਪੀੜਤ ਸੀ। ਉਸ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਡਾਕਟਰਾਂ ਨੇ ਜੁਆਬ ਦੇ ਦਿੱਤਾ ਕਿ ਇਸ ਦੀ ਘਰ ਜਾ ਕੇ ਸੇਵਾ ਕਰੋ ਪਰ ਜਿਉਂ ਹੀ ਉਹ ਸਾਡੇ ਧਰਮ ਗੁਰੂ ਦੀ ਸ਼ਰਨ ਵਿਚ ਆਇਆ ਤਾਂ ਗੁਰੂ ਜੀ ਦੀ ਕਿਰਪਾ ਨਾਲ ਉਸ ਦਾ ਕੈਂਸਰ ਖਤਮ ਹੋ ਗਿਆ। ਮੈਂ ਇਕ ਦਿਨ ਉਸ ਨੂੰ ਪੁੱਛ ਲਿਆ ਬੀਬੀ ਜੀ ਕਿਉਂ ਨਾ ਤੁਹਾਡੇ ਧਰਮ ਗੁਰੂ ਨੂੰ ਪੀ. ਜੀ. ਆਈ. ਚੰਡੀਗੜ੍ਹ ਦੇ ਹਸਪਤਾਲ ਵਿਚ ਬਿਠਾ ਦਿੱਤਾ ਜਾਵੇ ਕਿਉਂਕਿ ਉਥੇ ਕੈਂਸਰ ਦੇ ਮਰੀਜ਼ ਬਹੁਤ ਦਾਖਲ ਹਨ ਵਿਚਾਰੇ ਠੀਕ ਹੋ ਜਾਣਗੇ? ਉਹ ਬੀਬੀ ਮੇਰੇ ਨਾਲ ਧਰਮ ਗੁਰੂ ਨੂੰ ਇਹ ਕਹਿਣ ਬਦਲੇ ਲੜਨ ਤੱਕ ਗਈ। ਇਸ ਤਰ੍ਹਾਂ ਜੋਤਸ਼ੀ ਵੀ ਆਪਣੇ ਮੱਕੜ ਜਾਲ ਵਿਚ ਫਸਾ ਕੇ ਲੋਕਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦਾ ਉਪਾਅ ਦੱਸਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦਾ ਵਰਣਨ ਅਕਸਰ ਅਖ਼ਬਾਰਾਂ ਜਾਂ ਰਸਾਲਿਆਂ ਜਾਂ ਟੀ. ਵੀ. ਚੈਨਲਾਂ ਤੇ ਅਕਸਰ ਦੇਖਣ ਨੂੰ ਮਿਲ ਜਾਂਦਾ ਹੈ।

ਦੁਨੀਆਂ ਦੇ ਸਾਰੇ ਧਰਮਾਂ ਵਿਚ ਅਜਿਹੇ ਚਮਤਕਾਰਾਂ ਤੇ ਕਰਾਮਾਤਾਂ ਦੀ ਗੱਲ ਕੀਤੀ ਜਾਂਦੀ ਹੈ। ਸਾਰੇ ਧਰਮ ਆਪਣੇ-ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਜੀਵਨੀ ਨਾਲ ਕਈ ਤਰ੍ਹਾਂ ਦੇ ਚਮਤਕਾਰ ਜੋੜ ਕੇ ਬੜੇ ਫ਼ਖ਼ਰ ਨਾਲ ਗੱਲ ਕਰਦੇ ਹਨ। ਇਸਲਾਮ ਧਰਮ ਵਿਚ ਵੀ ਅਜਿਹੇ ਕਈ ਤਰ੍ਹਾਂ ਦੇ ਚਮਤਕਾਰਾਂ ਦੀਆਂ ਮਿਥਿਹਾਸਕ ਕਹਾਣੀਆਂ ਪ੍ਰਸਿੱਧ ਹਨ। ਈਦ-ਉਲ-ਜ਼ੂਹਾ ਜਿਹੜਾ ਕਿ ਬਕਰੀਦ ਦੇ ਨਾਮ ਨਾਲ ਬਹੁਤ ਪ੍ਰਸਿੱਧ ਹੈ। ਇਸ ਵਿਚ ਆਮ ਤੌਰ ਤੇ ਭੇਡਾਂ-ਬੱਕਰੀਆਂ ਦੀ ਕੁਰਬਾਨੀ ਬਹੁਤ ਹੀ ਉੱਚ ਪੱਧਰ 'ਤੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਦਿੱਤੀ ਗਈ ਕੁਰਬਾਨੀ ਦੀ ਇਸਲਾਮ ਧਰਮ ਵਿਚ ਬੜੀ ਮਾਨਤਾ ਹੈ। ਇਸ ਨਾਲ ਇਕ ਬੜੀ ਚਮਤਕਾਰੀ ਘਟਨਾ ਜੁੜੀ ਹੋਈ ਹੈ। ਇਸ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਜ਼ਰਤ ਇਬਰਾਹੀਮ ਨੇ ਅੱਲਾਹ ਤਾਲਾ ਨੂੰ ਖੁਸ਼ ਕਰਨ ਲਈ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦਾ ਨਿਰਣਾ ਕਰ ਲਿਆ। ਜਦੋਂ ਉਹ ਆਪਣੇ ਪੁੱਤਰ ਦੀ ਗਰਦਨ 'ਤੇ ਛੁਰੀ ਚਲਾਉਣ ਹੀ ਵਾਲੇ ਸਨ ਤਾਂ ਗੈਬਰੀਅਲ ਨਾਂਅ ਦੇ ਫਰਿਸ਼ਤੇ ਨੇ ਇਸਮਾਈਲ ਨੂੰ ਇਕ ਭੇਡ ਦੇ ਰੂਪ ਵਿਚ ਪ੍ਰੀਵਰਤਿਤ ਕਰ ਦਿੱਤਾ। ਇਸ ਤਰ੍ਹਾਂ ਕੁਰਬਾਨੀ ਭੇਡ ਦੀ ਹੋ ਗਈ ਤੇ ਇਸਮਾਈਲ ਬਚ ਗਿਆ। ਇਸ ਚਮਤਕਾਰੀ ਘਟਨਾ ਦੀ ਇਸਮਾਈਲ ਦੇ ਪੈਰੋਕਾਰਾਂ ਨੇ ਬਾਹਰ ਜਾ ਕੇ ਇਸ ਨੂੰ ਯਥਾਰਥਵਾਦੀ ਬਣਾਉਣ ਲਈ ਬੜੀ ਚਰਚਾ ਕੀਤੀ।

ਅੱਜ ਦੇ ਵਿਗਿਆਨਕ ਯੁੱਗ ਵਿਚ ਲੋਕ ਵੱਡੇ-ਵੱਡੇ ਪੀਰਾਂ, ਪੈਗੰਬਰਾਂ, ਫਕੀਰਾਂ ਤੇ ਔਲੀਆਂ ਦੀਆਂ ਕਬਰਾਂ ਤੇ ਚਾਦਰ ਚੜ੍ਹਾਉਂਦੇ ਹਨ ਤੇ ਇਨ੍ਹਾਂ ਦਰਗਾਹਾਂ ਤੇ ਜਾ ਕੇ ਦੁਆਵਾਂ ਮੰਗਦੇ ਤੇ ਮੱਥੇ ਰਗੜਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।



ਅਜਮੇਰ ਸ਼ਰੀਫ਼ ਜਾ ਕੇ ਬਾਦਸ਼ਾਹ ਅਕਬਰ ਨੇ ਖ਼ਵਾਜਾ ਮੋਇਉਦੀਨ ਚਿਸ਼ਤੀ ਦੀ ਦਰਗਾਹ 'ਤੇ ਆਪਣੇ ਪੁੱਤਰ ਸਲੀਮ ਦੀ ਪ੍ਰਾਪਤੀ ਲਈ ਚਾਦਰ ਚੜ੍ਹਾਈ ਤੇ ਮੱਥਾ ਟੇਕਿਆ ਸੀ। ਇਹ ਲੋਕ ਕਥਾ ਬੜੀ ਪ੍ਰਸਿੱਧ ਹੈ। ਔਲਾਦ ਦੀ ਪ੍ਰਾਪਤੀ ਲਈ ਅੱਜ ਵੀ ਹਜ਼ਾਰਾਂ-ਲੱਖਾਂ ਲੋਕ ਇਸ ਦਰਗਾਹ ਤੇ ਜਾਂਦੇ ਹਨ ਤੇ ਚਾਦਰ ਚੜ੍ਹਾਉਂਦੇ ਹਨ। ਇਸਲਾਮ ਧਰਮ ਦੇ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਕੁਰਾਨ ਸ਼ਰੀਫ਼' ਵਿਚ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਆਇਤਾਂ ਹਨ, ਜਿਨ੍ਹਾਂ ਦਾ ਪਾਠ ਕਰਕੇ ਝਾੜ ਫੂਕ ਕਰਨ ਨਾਲ ਵੱਡੀਆਂ-ਵੱਡੀਆਂ ਬਿਮਾਰੀਆਂ ਤੇ ਇਲਾਮਤਾਂ ਦੂਰ ਹੋ ਜਾਂਦੀਆਂ ਹਨ। ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਪੈਗੰਬਰਾਂ ਕੋਲ ਅਲਾਹ ਤਾਲਾ ਦੀਆਂ ਦਿੱਤੀਆਂ ਹੋਈਆਂ ਸ਼ਕਤੀਆਂ ਹੁੰਦੀਆਂ ਹਨ, ਜਿਹਨਾਂ ਨਾਲ ਉਹ ਵੱਡੇ-ਵੱਡੇ ਚਮਤਕਾਰ ਤੇ ਕਰਾਮਾਤਾਂ ਕਰ ਸਕਦੇ ਹਨ।

ਹਿੰਦੂ ਧਰਮ ਦੀਆਂ ਮਨੌਤਾਂ ਤਾਂ ਚਮਤਕਾਰਾਂ ਨਾਲ ਭਰੀਆਂ ਪਈਆਂ ਹਨ। ਸ਼ਾਇਦ ਇੰਨੀਆਂ ਮਾਨਤਾਵਾਂ ਦੁਨੀਆਂ ਦੇ ਕਿਸੇ ਹੋਰ ਧਰਮ ਵਿਚ ਨਹੀਂ ਹਨ। ਚਾਰੇ ਵੇਦਾਂ ਅਤੇ ਉਪਨਿਸ਼ਦਾਂ ਵਿਚ ਕਰਾਮਾਤਾਂ ਤੇ ਚਮਤਕਾਰਾਂ ਦਾ ਕੋਈ ਵਰਣਨ ਨਹੀਂ ਹੈ ਪਰ ਪੁਰਾਣ ਚਮਤਕਾਰਾਂ ਨਾਲ ਭਰੇ ਪਏ ਹਨ। ਰਿਸ਼ੀ ਮਾਰਕੰਡੇ ਦਾ ਲਿਖਿਆ ਹੋਇਆ 'ਮਾਰਕੰਡੇ ਪੁਰਾਣ' ਦੀ ਦੁਰਗਾ ਸਪਤਸ਼ਤੀ ਵਿਚ ਕਾਲੀ ਵੱਲੋਂ ਅਨੇਕਾਂ ਰਾਖਸ਼ਾਂ ਤੇ ਦੈਂਤਾਂ ਨੂੰ ਤਲਵਾਰ ਦੇ ਜ਼ੋਰ ਨਾਲ ਮਾਰਨ ਦੇ ਅਨੇਕਾਂ ਚਮਤਕਾਰ ਹਨ। ਭਾਰਤੀ ਸਾਹਿਤ ਦੇ ਇਤਿਹਾਸ ਵਿਚ 'ਰਮਾਇਣ' ਅਤੇ 'ਮਹਾਂਭਾਰਤ' ਦੋ ਬਹੁਤ ਹੀ ਮਹਾਨ ਮਹਾਂਕਾਵਿ ਹਨ। ਇਹਨਾਂ ਮਹਾਂਕਾਵਾਂ ਦੇ ਮੂਲ ਸਰੂਪਾਂ ਵਿਚ ਚਮਤਕਾਰਾਂ ਦੀ ਬਹੁਤੀ ਚਰਚਾ ਨਹੀਂ ਸੀ ਪਰ ਸਮੇਂ ਦੇ ਨਾਲ ਬਦਲਦੇ ਸਰੂਪਾਂ ਵਿਚ ਚਮਤਕਾਰ ਸ਼ਾਮਲ ਹੁੰਦੇ ਗਏ।

ਸਿੱਖ ਧਰਮ ਸੰਸਾਰ ਵਿਚ ਸਭ ਤੋਂ ਨਵੀਨ ਧਰਮ ਹੈ। ਇਸ ਵਿਚ ਕਰਾਮਾਤਾਂ ਕਰਨੀਆਂ ਤੇ ਚਮਤਕਾਰ ਦਿਖਾਉਣ ਦੀ ਮਨਾਹੀ ਹੈ। ਇਸ ਵਿਚ ਕਰਾਮਾਤਾਂ ਤੇ ਚਮਤਕਾਰਾਂ ਨੂੰ ਕਹਿਰ ਕਿਹਾ ਗਿਆ ਹੈ ਤੇ ਇਹਨਾਂ ਵਿਚ ਉੱਕਾ ਹੀ ਵਿਸ਼ਵਾਸ ਨਾ ਕਰਨ ਨੂੰ ਕਿਹਾ ਗਿਆ ਹੈ। ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਸੈਦਪੁਰ ਦੇ ਹਾਕਮ ਜ਼ਾਲਮ ਖਾਂ ਨੇ ਇਲਾਕੇ ਦੇ ਸਾਰੇ ਪੀਰ-ਫਕੀਰ ਫੜ ਲਏ, ਉਹਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਵੀ ਸ਼ਾਮਲ ਸਨ। ਹਾਕਮ ਨੇ ਇਹਨਾਂ ਸਾਰੇ ਸਾਧੂ-ਫਕੀਰਾਂ ਨੂੰ ਜਬਰੀ ਹੁਕਮ ਦੇ ਕੇ ਕਿਹਾ ਤੇ ਕਰਵਾਇਆ ਵੀ ਕਿ ਤੁਸੀਂ ਸਾਰੇ ਮੰਤਰ ਪੜ੍ਹੋ, ਮਾਲਾ ਫੇਰੋ, ਕਲਮੇ ਪੜ੍ਹੋ ਤੇ ਰਿਧੀਆਂ ਸਿਧੀਆਂ ਕਰੋ ਤਾਂ ਜੋ ਬਾਬਰ ਦੀ ਫੌਜ ਅੰਨ੍ਹੀ ਹੋ ਜਾਵੇ ਤੇ ਅਸੀਂ ਸਾਰੇ ਬਚ ਜਾਈਏ ਪਰ ਇੰਝ ਕਰਨ ਨਾਲ ਕੁਝ ਨਹੀਂ ਹੋਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਹਾਕਮ ਨੂੰ ਕਿਹਾ ਕਿ ਫੌਜਾਂ ਦਾ ਮੁਕਾਬਲਾ ਫੌਜਾਂ ਹੀ ਕਰ ਸਕਦੀਆਂ ਹਨ ਨਾ ਕਿ ਜੰਤਰ-ਮੰਤਰ, ਕਲਮੇ ਤੇ ਮਾਲਾ ਆਦਿਕ। ਬਾਬਰ ਦੀਆਂ ਫੌਜਾਂ ਆਈਆਂ ਤੇ ਸੈਦਪੁਰ ਨੂੰ ਲੁੱਟ-ਪੁੱਟ ਕੇ ਤੁਰਦੀਆਂ ਬਣੀਆਂ। ਇਸ ਘਟਨਾ ਦੀ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਵਿਆਖਿਆ ਕੀਤੀ ਹੈ:

ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ।।
ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ।।
ਓਨੀ ਤੁਪਕ ਤਾਣਿ ਚਲਾਈ।।
ਜਿਨਿ ਕੀ ਚੀਰੀ ਦਰਗਾਹ ਪਾਟੀ ਤਿੰਨ੍ਹਾਂ ਮਰਨਾਂ ਭਾਈ।।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਲਿਖੀਆਂ ਗਈਆਂ ਸਾਖੀਆਂ ਉਹਨਾਂ ਦੀ ਮੌਤ ਤੋਂ ਬਾਅਦ ਲਿਖੀਆਂ ਗਈਆਂ ਹਨ। ਇਸ ਵਿਚ ਸਾਖੀਕਾਰਾਂ ਨੇ ਗੁਰੂ ਸਾਹਿਬ ਦੀ ਜੀਵਨੀ ਨਾਲ ਕਈ ਚਮਤਕਾਰੀ ਮਿੱਥਾਂ ਜੋੜ ਲਈਆਂ ਹਨ ਜੋ ਉਹਨਾਂ ਦੀ ਜ਼ਿੰਦਗੀ ਦਾ ਯਥਾਰਥ ਨਹੀਂ ਹਨ ਤੇ ਨਾ ਹੀ ਗੁਰਬਾਣੀ ਵਿਚ ਅਜਿਹੇ ਚਮਤਕਾਰਾਂ ਦਾ ਵਰਣਨ ਹੈ ਸਗੋਂ ਚਮਤਕਾਰ ਕਰਨ ਵਾਲਿਆਂ ਦਾ ਗੁਰਬਾਣੀ ਵਿਰੋਧ ਕਰਦੀ ਹੈ ਪਰ ਫਿਰ ਵੀ ਸਾਡੇ ਕਥਾਵਾਚਕ ਮਨਾਹੀ ਕਰਨ ਦੇ ਬਾਵਜੂਦ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਚਮਤਕਾਰਾਂ ਨਾਲ ਜੋੜ ਕੇ ਬਿਆਨ ਕਰਦੇ ਹਨ। ਉਹਨਾਂ ਦੀਆਂ ਯਾਤਰਾਵਾਂ ਦਾ ਸਮਾਂ ਕੋਈ ਤੀਹ ਸਾਲ ਤੋਂ ਉਪਰ ਬਣਦਾ ਹੈ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਬਹੁਤ ਤਕਲੀਫ਼ਾਂ ਦਾ ਸਾਹਮਣਾ ਕੀਤਾ ਤੇ ਕੁਰਾਹੇ ਪਏ ਲੋਕਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਉਪਦੇਸ਼ ਦੇ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਅਗਰ ਉਹਨਾਂ ਪਾਸ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਉਹਨਾਂ ਨੂੰ ਘਰੋਂ ਇੰਨਾ ਸਮਾਂ ਬਾਹਰ ਰਹਿ ਕੇ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਤਕਲੀਫ਼ਾਂ ਝੱਲਣ ਦੀ ਕੀ ਲੋੜ ਸੀ, ਉਹ ਘਰੋਂ ਹੀ ਬੈਠੇ ਆਪਣੀ ਕਰਾਮਾਤੀ ਤੇ ਚਮਤਕਾਰੀ ਤਾਕਤ ਨਾਲ ਮਨੁੱਖਤਾ ਨੂੰ ਸਿੱਧੇ ਰਸਤੇ 'ਤੇ ਪਾ ਸਕਦੇ ਸਨ।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ, ਉਹਨਾਂ ਨੂੰ ਵੀ ਜ਼ਾਲਮਾਂ ਨੇ ਬਹੁਤ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਉਹਨਾਂ ਨੇ ਇਹ ਸਾਰੇ ਤਸੀਹੇ ਆਪਣੇ ਪਿੰਡੇ ਤੇ ਝੱਲੇ ਤੇ ਆਪਣਾ ਮਾਨਸਿਕ ਮਨੋਬਲ ਬਹੁਤ ਮਜ਼ਬੂਤ ਰੱਖਿਆ ਤੇ ਕੋਈ ਚਮਤਕਾਰ ਆਦਿ ਨਹੀਂ ਦਿਖਾਇਆ ਸਗੋਂ ਪ੍ਰਮਾਤਮਾ ਦਾ ਨਾਮ ਜਪਦੇ ਰਹੇ। ਗੁਰੂ ਤੇਗ ਬਹਾਦਰ ਜੀ ਜਦੋਂ ਦਿੱਲੀ ਆਏ ਤਾਂ ਉਹਨਾਂ ਦੇ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ ਕਿ ਉਹ ਆਪਣਾ ਧਰਮ ਤਬਦੀਲ ਕਰ ਲੈਣ ਜਾਂ ਕੋਈ ਚਮਤਕਾਰ ਦਿਖਾਉਣ ਜਾਂ ਫਿਰ ਮੌਤ ਲਈ ਤਿਆਰ ਰਹਿਣ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉੱਤਰ ਸੀ, 'ਜਬਰੀ ਧਰਮ ਪਰਿਵਰਤਨ ਮੈਨੂੰ ਮਨਜ਼ੂਰ ਨਹੀਂ ਹੈ, ਚਮਤਕਾਰ ਦਿਖਾਉਣਾ ਕੁਦਰਤ ਦੇ ਨਿਯਮਾਂ ਵਿਚ ਰੁਕਾਵਟ ਹੈ, ਤੀਜੀ ਗੱਲ ਮੌਤ ਦੀ ਸਜ਼ਾ ਮੈਨੂੰ ਮਨਜ਼ੂਰ ਹੈ।'

ਮਹਾਰਾਸ਼ਟਰ ਦੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਤੇ ਬਾਦਸ਼ਾਹ ਬਹਾਦਰ ਸ਼ਾਹ ਦੀ ਮਿਲਣੀ ਨਾਂਦੇੜ ਸਾਹਿਬ ਵਿਖੇ ਹੋਣ ਦੇ ਇਤਿਹਾਸਕ ਪ੍ਰਮਾਣ ਹਨ। ਉਥੇ ਬਾਦਸ਼ਾਹ ਬਹਾਦਰ ਸ਼ਾਹ ਪਾਸ ਸਰਹੰਦ ਦਾ ਇਕ ਸੱਯਦ ਬੈਠਾ ਸੀ। ਉਸ ਨੇ ਗੁਰੂ ਸਾਹਿਬ ਤੇ ਇਕ ਪ੍ਰਸ਼ਨ ਕੀਤਾ ਕਿ ਸਾਰੇ ਧਰਮਾਂ ਦੇ ਗੁਰੂ ਜਾਂ ਪੀਰਾਂ-ਪੈਗੰਬਰ ਜਾਂ ਅਵਤਾਰ ਕਰਾਮਾਤਾਂ ਦਿਖਾਉਂਦੇ ਰਹੇ ਹਨ, ਤੁਹਾਡੀ ਕਰਾਮਾਤਾਂ ਜਾਂ ਚਮਤਕਾਰਾਂ ਬਾਰੇ ਕੀ ਰਾਏ ਹੈ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਤੇ ਬਾਦਸ਼ਾਹ ਬਹਾਦਰ ਸ਼ਾਹ ਵੱਲ ਹੱਥ ਕਰਕੇ ਕਹਿਣ ਲੱਗੇ ਇਹ ਜਿਉਂਦੀ ਜਾਗਦੀ ਸਾਖਸ਼ਾਤ ਕਰਾਮਾਤ ਹੈ, ਜਿਸ ਦੇ ਹੱਥ ਵਿਚ ਰਾਜਸੀ ਤਾਕਤ ਹੈ ਉਹ ਜੋ ਚਾਹੇ ਕਰ ਸਕਦਾ ਹੈ। ਦੂਸਰੀ ਗੱਲ ਗੁਰੂ ਜੀ ਨੇ ਸੋਨੇ ਦੀ ਮੋਹਰ ਮੋਹਰੇ ਸੁੱਟਦਿਆਂ ਕਿਹਾ ਇਸ ਨਾਲ ਦੁਨੀਆਂ ਵਿਚ ਬਹੁਤ ਕੁਝ ਖਰੀਦਿਆ ਜਾ ਸਕਦਾ ਹੈ। ਫਿਰ ਵੀ ਸੱਯਦ ਦੀ ਤਸੱਲੀ ਨਾ ਹੋਈ ਤੇ ਉਸ ਨੇ ਕਿਹਾ ਤੁਸੀਂ ਕੋਈ ਹੋਰ ਕਰਾਮਾਤ ਕਰ ਸਕਦੇ ਹੋ ਤਾਂ ਗੁਰੂ ਜੀ ਨੇ ਆਪਣੇ ਮਿਆਨ ਵਿਚੋਂ ਤਲਵਾਰ ਧੂਹ ਕੇ ਕਿਹਾ, ਇਹ ਸਭ ਤੋਂ ਵੱਡੀ ਕਰਾਮਾਤ ਹੈ। ਇਹ ਕਮਜ਼ੋਰਾਂ ਵਿਚ ਜਾਨ ਲਿਆ ਸਕਦੀ ਹੈ ਤੇ ਸ਼ਹਿਨਸ਼ਾਹਾਂ ਦੇ ਤਖਤ ਪਲਟਾ ਸਕਦੀ ਹੈ। ਇਸ ਤਰ੍ਹਾਂ ਦੇ ਜੋਸ਼ੀਲੇ ਉੱਤਰ ਸੁਣ ਕੇ ਸੱਯਦ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਲਈ ਉਕਤ ਚਰਚਾ ਦਾ ਸਾਰਅੰਸ਼ ਇਹੀ ਨਿਕਲਦਾ ਹੈ ਕਿ ਸਿੱਖ ਚਿੰਤਨ ਚਮਤਕਾਰਾਂ ਦੇ ਵਿਰੁੱਧ ਹੈ।



ਕੁਦਰਤ ਦੇ ਆਪਣੇ ਨਿਯਮ ਹਨ। ਇਹ ਨਿਯਮ ਅਟੱਲ ਹਨ। ਇਹਨਾਂ ਨੂੰ ਨਾ ਤਾਂ ਕੋਈ ਬਦਲ ਸਕਿਆ ਹੈ ਅਤੇ ਨਾ ਹੀ ਬਦਲ ਸਕੇਗਾ। ਜਿੰਨੀ ਅਸੀਂ ਇਹਨਾਂ ਨਾਲ ਛੇੜ-ਛਾੜ ਕਰਾਂਗੇ ਉਨੇ ਹੀ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਅਗਨੀ ਦਾ ਆਪਣਾ ਧਰਮ ਹੈ ਸਾੜਨਾ। ਅਸੀਂ ਜਦੋਂ ਕੋਈ ਵੀ ਵਸਤੂ ਇਸ ਵਿਚ ਪਾਵਾਂਗੇ ਸੜ ਜਾਏਗੀ ਬਸ਼ਰਤੇ ਉਸ ਨੂੰ ਕਿਸੇ ਰਸਾਇਣਯੁਕਤ ਪਦਾਰਥ ਵਿਚ ਨਾ ਲਪੇਟਿਆ ਗਿਆ ਹੋਵੇ, ਜਿਸ 'ਤੇ ਅੱਗ ਦਾ ਅਸਰ ਨਾ ਹੁੰਦਾ ਹੋਵੇ। ਇਸੇ ਹੀ ਤਰ੍ਹਾਂ ਪਾਣੀ ਦਾ ਆਪਣਾ ਧਰਮ ਹੈ। ਉਚਾਈ ਅਤੇ ਨੀਵਾਣ ਦਾ ਆਪਣਾ ਧਰਮ ਹੈ।

ਅੱਜ ਦੇ ਵਿਗਿਆਨ ਨੇ ਬਹੁਤ ਸਾਰੀਆਂ ਅਲੌਕਿਕ ਸਮਝੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਲੌਕਿਕ ਸਿੱਧ ਕਰ ਦਿੱਤਾ ਹੈ। ਜਵਾਲਾ ਦੇਵੀ ਵਿਚੋਂ ਨਿਕਲਣ ਵਾਲੀ ਅੱਗ ਨੂੰ ਸੈਂਕੜੇ ਸਾਲਾਂ ਤੋਂ ਅਲੌਕਿਕ ਸਮਝਿਆ ਜਾਂਦਾ ਸੀ ਪਰ ਵਿਗਿਆਨਕਾਂ ਨੇ ਖੋਜ ਕਰਕੇ ਸਾਬਤ ਕਰ ਦਿੱਤਾ ਹੈ ਕਿ ਇੱਥੇ ਧਰਤੀ ਦੇ ਅੰਦਰ ਗੰਧਕ ਹੈ, ਜੋ ਇਕ ਖਾਸ ਪ੍ਰਕਿਰਿਆ ਨਾਲ ਲਗਾਤਾਰ ਬਲਦੀ ਰਹਿੰਦੀ ਹੈ।

ਮਨੁੱਖ ਨੂੰ ਕਰਾਮਾਤਾਂ ਜਾਂ ਚਮਤਕਾਰ ਬਲਵਾਨ ਨਹੀਂ, ਸਗੋਂ ਕਮਜ਼ੋਰ ਬਣਾਉਂਦੇ ਹਨ। ਉਹ ਆਪਣੀ ਹਰ ਮੁਸੀਬਤ ਵਿਚ ਸੋਚਣ ਲੱਗਦਾ ਹੈ ਕਿ ਕੋਈ ਚਮਤਕਾਰ ਹੋਏਗਾ ਤੇ ਮੇਰੇ ਸਾਰੇ ਦੁੱਖ ਦਲਿੱਦਰ ਦੂਰ ਹੋ ਜਾਣਗੇ। ਮਹਿਮੂਦ ਗਜ਼ਨਵੀ ਨੇ ਹਿੰਦੋਸਤਾਨ ਤੇ ਉਨੀ ਵਾਰ ਹਮਲਾ ਕੀਤਾ ਪਰ ਜਦੋਂ ਉਸਨੇ ਸੋਮਨਾਥ ਦੇ ਮੰਦਰ ਤੇ ਹਮਲਾ ਕੀਤਾ ਤਾਂ ਉਹ ਬਹੁਤ ਭੈ-ਭੀਤ ਹੋ ਗਿਆ ਕਿ ਭਗਵਾਨ ਦੀ ਮੂਰਤੀ ਹਵਾ ਵਿਚ ਬਿਨਾਂ ਕਿਸੇ ਸਹਾਰੇ ਦੇ ਲਟਕ ਰਹੀ ਹੈ, ਸ਼ਾਇਦ ਇਹ ਕਿਸੇ ਗੈਬੀ ਸ਼ਕਤੀ ਦੇ ਸਹਾਰੇ ਤੇ ਹਵਾ ਵਿਚ ਖੜ੍ਹੀ ਹੈ ਪਰ ਉਸ ਦੇ ਸਲਾਹਕਾਰਾਂ ਨੇ ਉਸ ਨੂੰ ਦੇਖ ਕੇ ਦੱਸਿਆ ਕਿ ਇਹ ਕਿਸੇ ਗੈਬੀ ਸ਼ਕਤੀ ਨਾਲ ਹਵਾ ਵਿਚ ਨਹੀਂ ਲਟਕ ਰਹੀ ਸਗੋਂ ਚੁੰਬਕਾਂ ਦੀ ਚਾਰੋਂ ਪਾਸੋਂ ਖਿੱਚ ਨਾਲ ਹਵਾ ਵਿਚ ਲਟਕ ਰਹੀ ਹੈ, ਫਿਰ ਉਸਨੇ ਆਪਣੀ ਗਦਾ ਨਾਲ ਮੂਰਤੀ ਨੂੰ ਤੋੜ ਕੇ ਉਸ ਦੇ ਸਾਰੇ ਹੀਰੇ ਜਵਾਹਰਾਤ ਲੁੱਟ ਲਏ। ਪੁਜਾਰੀਆਂ ਦਾ ਵਿਸ਼ਵਾਸ ਸੀ ਕਿ ਕੋਈ ਚਮਤਕਾਰ ਹੋਵੇਗਾ, ਸ਼ਿਵ ਜੀ ਆਪਣਾ ਤੀਸਰਾ ਨੇਤਰ ਖੋਲ੍ਹਣਗੇ ਤੇ ਹਮਲਾਵਰ ਆਪਣੀ ਫੌਜ ਸਮੇਤ ਭਸਮ ਹੋ ਜਾਏਗਾ ਪਰ ਹੋਇਆ ਕੁਝ ਵੀ ਨਹੀਂ। ਗਜ਼ਨਵੀ ਲੁੱਟਮਾਰ ਤੇ ਕਤਲੋਗਾਰਤ ਕਰਕੇ ਵਾਪਿਸ ਚਲਾ ਗਿਆ।

ਸੰਸਾਰ ਦੇ ਅਨੇਕਾਂ ਧਰਮਾਂ ਦੀਆਂ ਕਹਾਣੀਆਂ ਵੀ ਅਜੀਬੋ-ਗਰੀਬ ਤੇ ਹੈਰਾਨੀਜਨਕ ਵੀ ਹਨ, ਉਹਨਾਂ ਸੰਪਰਦਾਵਾਂ ਦਾ ਇਹ ਵਿਸ਼ਵਾਸ ਹੈ ਕਿ ਉਹਨਾਂ ਦਾ ਦੇਵ ਪੁਰਸ਼ ਜਾਂ ਗੁਰੂ ਉਸ ਪ੍ਰਕਿਰਿਆ ਨਾਲ ਜਨਮ ਲੈ ਕੇ ਧਰਤੀ ਤੇ ਨਹੀਂ ਆਇਆ, ਜਿਸ ਤਰ੍ਹਾਂ ਇਕ ਸਧਾਰਨ ਪੁਰਸ਼ ਧਰਤੀ ਤੇ ਪੈਦਾ ਹੁੰਦਾ ਹੈ। ਉਹ ਇਕ ਦੇਵ ਪੁਰਸ਼ ਦੇ ਰੂਪ ਵਿਚ ਸੰਸਾਰ ਦੇ ਪ੍ਰਾਣੀਆਂ ਦਾ ਕਲਿਆਣ ਕਰਨ ਲਈ ਸਿੱਧਾ ਧਰਤੀ ਤੇ ਆਇਆ ਹੈ। ਈਸਾ ਮਸੀਹ ਤੇ ਮਦਰ ਮੇਰੀ ਦੀ ਕਥਾ ਇਸੇ ਤਰ੍ਹਾਂ ਹੀ ਕਹੀ ਜਾਂਦੀ ਹੈ। ਸੰਤ ਕਬੀਰ ਦਾਸ ਜੀ, ਸ੍ਰੀ ਦਾਦੂ ਦਿਆਲ ਜੀ ਅਤੇ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਦੇ ਸ਼ਰਧਾਲੂ ਅਜਿਹਾ ਹੀ ਮੰਨਦੇ ਹਨ। ਇਸੇ ਤਰ੍ਹਾਂ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਸਰੀਰ ਦਾ ਸੰਸਕਾਰ ਕਰਨ ਨੂੰ ਲੈ ਕੇ ਵੀ ਇਸੇ ਤਰ੍ਹਾਂ ਦੀਆਂ ਕਹਾਣੀਆਂ ਪ੍ਰਚੱਲਿਤ ਹਨ। ਉਹਨਾਂ ਦਾ ਕਿਸੇ ਤਰ੍ਹਾਂ ਦਾ ਸੰਸਾਰਕ ਅੰਤਿਮ ਸੰਸਕਾਰ ਨਹੀਂ ਹੋਇਆ। ਉਹ ਸਰੀਰ ਸਮੇਤ ਸਵਰਗ ਸਿਧਾਰ ਗਏ।

ਚਮਤਕਾਰੀ ਘਟਨਾਵਾਂ ਕਰਨ ਵਿਚ ਵੀ ਦੌੜ ਲੱਗੀ ਹੋਈ ਹੈ। ਕਿਸੇ ਵੀ ਧਰਮ ਜਾਂ ਸੰਪਰਦਾ ਦਾ ਮੁਖੀ ਚਾਹੇ ਆਪਣੇ ਨਾਂਅ ਨਾਲ ਚਮਤਕਾਰਾਂ ਨੂੰ ਨਾ ਜੋੜਨਾ ਚਾਹੁੰਦਾ ਹੋਵੇ ਪਰ ਉਹਨਾਂ ਦੇ ਪੈਰੋਕਾਰ ਜ਼ਰੂਰ ਜੋੜ ਦਿੰਦੇ ਹਨ। ਪੈਰੋਕਾਰਾਂ ਨੂੰ ਲੱਗਦਾ ਹੈ ਕਿ ਜੇ ਦੂਸਰੇ ਧਰਮ ਦਾ ਮੁਖੀ ਜਾਂ ਗੁਰੂ ਚਮਤਕਾਰ ਕਰ ਸਕਦਾ ਹੈ ਤਾਂ ਸਾਡਾ ਕਿਉਂ ਨਹੀਂ ਕਰ ਸਕਦਾ? ਇਸ ਤਰ੍ਹਾਂ ਵੀ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਉਹਨਾਂ ਦੇ ਨਾਂਅ ਨਾਲ ਜੁੜ ਜਾਂਦੀਆਂ ਹਨ।

ਅੱਜ ਦੇ ਦੌਰ ਵਿਚ ਸਾਡੇ ਆਪਣੇ ਦੇਸ਼ ਵਿਚ ਅਜਿਹੇ ਬਾਬਿਆਂ, ਸੰਤਾਂ, ਔਲੀਆਂ ਤੇ ਗੁਰੂਆਂ ਦਾ ਹੜ੍ਹ ਆਇਆ ਹੋਇਆ ਹੈ। ਜੋ ਇਹ ਦਾਅਵਾ ਕਰਦੇ ਹਨ ਕਿ ਉਹਨਾਂ ਪਾਸ ਹਰ ਪ੍ਰਕਾਰ ਦੀ ਸਿੱਧੀ ਹੈ ਜੋ ਮਨੁੱਖ ਦੀਆਂ ਸਮੱਸਿਆਵਾਂ ਦਾ ਮਿੰਟਾਂ-ਸਕਿੰਟਾਂ ਵਿਚ ਹੀ ਹੱਲ ਕੱਢ ਸਕਦੇ ਹਨ। ਇਸ ਤਰ੍ਹਾਂ ਦੇ ਬਾਬੇ ਅੱਜਕਲ੍ਹ ਆਪਣੀਆਂ ਅਲੌਕਿਕ ਸ਼ਕਤੀਆਂ ਦੀ ਮਸ਼ਹੂਰੀ ਲਈ ਟੀ. ਵੀ. ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰਬਾਜ਼ੀ ਵੀ ਬਹੁਤ ਕਰਦੇ ਹਨ। ਮੈਂ ਵੀ ਪੰਜਾਬ ਦੇ ਕਈ ਡੇਰਿਆਂ ਤੇ ਇਹ ਦੇਖਣ ਲਈ ਤੇ ਇਹਨਾਂ ਬਾਬਿਆਂ ਦੀ ਸਚਾਈ ਜਾਨਣ ਲਈ ਘੁੰਮ ਫਿਰ ਕੇ ਦੇਖਿਆ ਹੈ। ਇੱਥੇ ਅਜਿਹੇ ਲੋਕਾਂ ਦੀ ਭੀੜ ਲੱਖਾਂ ਵਿਚ ਹੁੰਦੀ ਹੈ।ਇਹ ਡੇਰੇ ਹਰ ਸਾਲ ਕਿਸੇ ਨਾ ਕਿਸੇ ਇਕ ਦਿਨ ਨੂੰ ਮੇਲੇ ਵਾਂਗ ਮਨਾਉਂਦੇ ਹਨ। ਵੱਡੇ-ਵੱਡੇ ਨਾਮੀ-ਗ੍ਰਾਮੀ ਗਾਇਕ ਸੱਦਦੇ ਹਨ। ਉਹਨਾਂ ਉਤੋਂ ਨੋਟਾਂ ਦੀ ਵਰਖਾ ਕਰਦੇ ਹਨ। ਨੋਟਾਂ ਦੀ ਇੰਨੀ ਬੇਕਦਰੀ ਹੁੰਦੀ ਹੈ ਕਿ ਉਹ ਪੈਰਾਂ ਵਿਚ ਰੁਲਦੇ ਹਨ। ਗਰੀਬ ਆਦਮੀ ਇਹਨਾਂ ਨੋਟਾਂ ਲਈ ਤਰਸਦੇ ਹਨ ਪਰ ਇੱਥੇ ਇਹ ਨੋਟ ਸਿਰਫ਼ ਲੋਕਾਂ ਦੇ ਚੜ੍ਹਾਵੇ ਦੇ ਹੀ ਇਕੱਠੇ ਕੀਤੇ ਗਏ ਹੁੰਦੇ ਹਨ। ਇਹਨਾਂ ਵੱਡੇ-ਵੱਡੇ ਗਾਇਕਾਂ ਦੇ ਡੇਰਿਆਂ ਤੇ ਆਉਣ ਨਾਲ ਭੋਲੀ-ਭਾਲੀ ਜਨਤਾ ਨੂੰ ਇਹ ਗਲਤ ਸੰਦੇਸ਼ ਜਾਂਦਾ ਹੈ ਤੇ ਅੰਧ-ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇੱਥੇ ਇਸ ਬਾਬੇ ਵਿਚ ਜ਼ਰੂਰ ਕੋਈ ਮਿਕਨਾਤੀਸੀ ਸ਼ਕਤੀ ਹੈ ਜੋ ਵੱਡੇ-ਵੱਡੇ ਕਲਾਕਾਰ ਤੇ ਰਾਜਨੀਤਿਕ ਲੋਕ ਇੱਥੇ ਆਉਂਦੇ ਹਨ। ਮੇਲੇ ਵਾਲੇ ਦਿਨਾਂ ਤੋਂ ਇਲਾਵਾ ਵੀ ਸਾਰਾ ਸਾਲ ਇਹਨਾਂ ਡੇਰਿਆਂ ਤੇ ਭੀੜ ਲੱਗੀ ਰਹਿੰਦੀ ਹੈ।

ਇਹਨਾਂ ਡੇਰਿਆਂ ਵਿਚ ਜ਼ਿਆਦਾ ਕਰਕੇ ਤਿੰਨ ਤਰ੍ਹਾਂ ਦੇ ਲੋਕ ਆਉਂਦੇ ਹਨ। ਇਕ ਉਹ ਲੋਕ ਹਨ, ਜਿਹਨਾਂ ਨੂੰ ਲੱਗਦਾ ਹੈ ਕਿ ਕਿਸੇ ਦੁਸ਼ਮਣ ਨੇ ਉਹਨਾਂ ਤੇ ਕੋਈ ਜਾਦੂ-ਟੂਣਾ ਕਰ ਦਿੱਤਾ ਹੈ ਜਿਸ ਕਰਕੇ ਉਹ ਕਿਸੇ ਖਾਸ ਕਿਸਮ ਦੀ ਬਿਮਾਰੀ ਤੋਂ ਪੀੜਤ ਹੋ ਗਏ ਹਨ। ਦੂਸਰੇ ਉਹ ਲੋਕ ਹਨ ਜਿਹਨਾਂ ਦੇ ਔਲਾਦ ਨਹੀਂ ਹੁੰਦੀ। ਤੀਸਰੀ ਕਿਸਮ ਦੇ ਉਹ ਲੋਕ ਆਉਂਦੇ ਹਨ ਜੋ ਤਮਾਸ਼ਬੀਨ ਹਨ ਤੇ ਉਹਨਾਂ ਨੇ ਡੇਰਿਆਂ ਨੂੰ ਆਸ਼ਕੀ ਦਾ ਅੱਡਾ ਬਣਾਇਆ ਹੋਇਆ ਹੈ। ਇੱਥੇ ਜਾਦੂ-ਟੂਣਾ ਕਰਨ ਵਾਲੇ ਕੁਝ ਲੋਕ ਹੁੰਦੇ ਹਨ। ਇਹ ਭੋਲੇ-ਭਾਲੇ ਲੋਕਾਂ ਨੂੰ ਮਾਨਸਿਕ ਦ੍ਰਿਸ਼ਟੀ ਤੋਂ ਵੱਸ ਕਰਦੇ ਹਨ ਫਿਰ ਉਹਨਾਂ ਅੰਦਰੋਂ ਭੂਤ-ਪਰੇਤ ਕੱਢਣ ਦਾ ਦਾਅਵਾ ਕਰਦੇ ਹਨ।

ਸਭ ਤੋਂ ਵੱਡਾ ਧੋਖਾ ਨਿਰਸੰਤਾਨਾਂ ਨਾਲ ਹੁੰਦਾ ਹੈ। ਮੇਲੇ ਦੇ ਆਖਰੀ ਦਿਨ ਜਾਂ ਆਮ ਦਿਨਾਂ ਵਿਚ ਵੀ ਇਹ ਐਲਾਨ ਕੀਤਾ ਜਾਂਦਾ ਹੈ ਕਿ ਇੱਥੋਂ ਦੇ ਬਾਬਾ ਜੀ ਨੇ ਇਸ ਸਾਲ ਵੱਡੀ ਗਿਣਤੀ ਵਿਚ ਲੜਕੇ-ਲੜਕੀਆਂ ਦੇਣ ਦਾ ਨਿਸ਼ਚਾ ਕੀਤਾ ਹੈ। ਦਿੱਤੇ ਜਾਣ ਵਾਲੇ ਬੱਚਿਆਂ ਵਿਚ ਲੜਕਿਆਂ ਦੀ ਗਿਣਤੀ ਘੱਟ ਤੇ ਲੜਕੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਫਿਰ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿਹਨਾਂ ਨੂੰ ਲੜਕਾ ਚਾਹੀਦਾ ਹੈ, ਉਹ ਇੰਨਾ ਧਨ ਭਾਵ ਕੁਝ ਜ਼ਿਆਦਾ ਧਨ ਡੇਰੇ ਦੇ ਮੁੱਖ ਪ੍ਰਬੰਧਕ ਕੋਲ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਜਿਹਨਾਂ ਨੂੰ ਲੜਕੀ ਚਾਹੀਦੀ ਹੈ ਉਹ ਇੰਨਾ ਧਨ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਇੱਥੇ ਇਹ ਬਾਬੇ ਆਪਣੇ ਕੋਲ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਹਨ ਤੇ ਲੜਕੇ, ਲੜਕੀਆਂ ਵੇਚਣ ਦਾ ਵਿਉਪਾਰ ਕਰਦੇ ਹਨ। ਅਜਿਹੇ ਬਾਬਿਆਂ ਦੀ ਇਸ ਦੇਸ਼ ਵਿਚ ਘਾਟ ਨਹੀਂ ਜੋ

(ਬਾਕੀ ਅਗਲੇ ਸਫੇ ਤੇ)

# ਪੰਜਾਬ ਸਰਕਾਰ ਵੱਲੋਂ ਕਰੈਸ਼ਰ ਉਦਯੋਗ ਨੂੰ ਲੈ ਕੇ ਬਣਾਈ ਨਵੀਂ ਮਾਈਨਿੰਗ ਪਾਲਿਸੀ, ਡਿਪਟੀ ਕਮਿਸਨਰ ਨੇ ਕੀਤੀ ਵਿਸੇਸ ਮੀਟਿੰਗ

**ਪਠਾਨਕੋਟ–** ਪੰਜਾਬ ਸਰਕਾਰ ਵੱਲੋਂ ਕਰੈਸ਼ਰ ਉਦਯੋਗ ਨੂੰ ਲੈ ਕੇ ਜਾਰੀ ਕੀਤੀ ਮਾਈਨਿੰਗ ਪਾਲਿਸੀ ਅਧੀਨ ਅੱਜ ਜਿਲ੍ਹਾ ਪ੍ਰਸ਼ਾਸਨ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਵੱਖ ਵੱਖ ਖੇਤਰਾਂ ਅੰਦਰ ਚਲ ਰਹੇ ਕਰੈਸ਼ਰ ਦੇ ਮਾਲਿਕਾਂ ਅਤੇ ਰੇਤ ਦੇ ਠੇਕੇਦਾਰਾਂ ਨਾਲ ਇੱਕ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਦੇ ਮੀਟਿੰਗ ਹਾਲ ਵਿਖੇ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤੀ ਗਈ। ਜਿਸ ਵਿੱਚ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਕਰੈਸ਼ਰ ਮਾਲਕਾਂ ਨਾਲ ਮਾਈਨਿੰਗ ਪਾਲਿਸੀ ਨੂੰ ਲੈ ਕੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਦਵਿੰਦਰ ਸਿੰਘ ਐਕਸੀਅਨ ਜਿਲ੍ਹਾ ਮਾਈਨਿੰਗ ਵਿਭਾਗ ਪਠਾਨਕੋਟ, ਕਰੈਸਰ ਮਾਲਕ ਪੁਸਪਿੰਦਰ ਮੈਣੀ,ਜਗਜੀਤ ਸਿੰਘ, ਸੁਰੇਸ ਕਾਟਲ, ਬਲਦੇਵ ਸਿੰਘ , ਨਿਰਮਲ ਸਿੰਘ, ਅਭਿਨਾਸ, ਮਲਕੀਤ ਸਿੰਘ ਸੰਧੂ, ਸਾਹਿਲ ਸਰਮਾ, ਰਾਹੁਲ ਠਾਕੁਰ, ਵਿਪਨ ਗੁਪਤਾ, ਸੁਰਿੰਦਰ ਕੁਮਾਰ,ਕੇਸਵ ਸਿੰਘ, ਰਾਜੀਵ ਸਿੰਘ, ਯੁਧਵੀਰ ਸਿੰਘ ਆਦਿ ਕਰੈਸ਼ਰ ਮਾਲਕ ਅਤੇ ਰੇਤ ਦੇ ਠੇਕੇਦਾਰ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਪਿਛਲੇ ਕੁਝ ਸਮੇਂ ਤੋਂ ਲੈ ਕੇ ਮਾਈਨਿੰਗ ਪੂਰੀ ਤਰ੍ਹਾਂ ਨਾਲ ਬੰਦ ਸੀ ਅਤੇ ਪੰਜਾਬ ਸਰਕਾਰ ਵੱਲੋਂ ਹੁਣ ਕਰੈਸ਼ਰ ਉਦਯੋਗ ਨੂੰ ਲੈ ਕੇ ਨਵੀਂ ਮਾਈਨਿੰਗ ਪਾਲਿਸੀ ਬਣਾਈ ਗਈ ਹੈ। ਉਨ੍ਹਾਂ ਕਰੈਸ਼ਰ ਇੰਡਸਟਲਿਸਟ ਨਾਲ ਗੱਲਬਾਤ ਕਰਦਿਆਂ



ਦੱਸਿਆ ਕਿ ਜਿਲ੍ਹਾ ਪ੍ਰਸਾਸਨ ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਕਰੈਸਰ ਇੰਡਸਟ੍ਰੀਜ ਨੂੰ ਲੈ ਕੇ ਡਿਸਟ੍ਰਿਕ ਸਰਵੇ ਰਿਪੋਰਟ ਤਿਆਰ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਸਰਵੇ ਇੱਕ ਵਾਰ ਮਾਨਸੂਨ ਤੋਂ ਪਹਿਲਾ ਅਤੇ ਇੱਕ ਵਾਰ ਮਾਨਸੂਨ ਤੋਂ ਬਾਅਦ ਵਿੱਚ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਡਿਸਟ੍ਰਿਕ ਸਰਵੇ ਰਿਪੋਰਟ ਦੇ ਅਨੁਸਾਰ ਕਰੈਸ਼ਰ ਮਾਲਿਕ ਵੱਲੋਂ ਉਹ ਜਮੀਨ ਜਿਸ ਤੇ ਉਹ ਮਾਈਨਿੰਗ ਕਰ ਰਿਹਾ ਹੈ ਜਾਂ ਭਵਿੱਖ ਵਿੱਚ ਕਰ ਸਕਦਾ ਹੈ ਦੇ ਖਸਰਾ ਨੰਬਰ ਆਦਿ ਡਿਸਟ੍ਰਿਕ ਸਰਵੇ ਰਿਪੋਰਟ ਵਿੱਚ ਸਾਮਲ ਹੋਣਾ ਬਹੁਤ ਲਾਜਮੀ ਹੈ। ਉਨ੍ਹਾਂ ਕਿਹਾ ਕਿ ਜਿਸ ਜਮੀਨ ਤੇ ਮਾਈਨਿੰਗ ਕੀਤੀ ਜਾਣੀ ਹੈ ਉਨ੍ਹਾਂ ਜਮੀਨਾਂ ਦੇ ਖਸਰਾ ਨੰਬਰ ਰਿਪੋਰਟ ਵਿੱਚ ਅਗਰ ਨਹੀਂ ਹੋਣਗੇ ਤਾਂ ਉਨ੍ਹਾਂ ਸਥਾਨਾਂ ਤੇ ਮਾਈਨਿੰਗ ਨਹੀਂ ਕੀਤੀ ਜਾ ਸਕੇਗੀ। ਉਨ੍ਹਾਂ ਸਾਰੇ ਕਰੈਸ਼ਰ ਇੰਡਸਟਲਿਸਟ ਨੂੰ ਕਿਹਾ ਕਿ ਜਿਨ੍ਹਾਂ ਵੱਲੋਂ ਅੱਜ ਤੱਕ ਅਪਣੀਆਂ ਜਮੀਨਾਂ ਜਿਨ੍ਹਾਂ ਤੇ ਮਾਈਨਿੰਗ ਕੀਤੀ ਜਾਣੀ ਹੈ ਜਾਂ ਕੀਤੀ ਜਾ ਰਹੀ ਹੈ ਡਿਸਟ੍ਰਿਕ ਸਰਵੇ ਰਿਪੋਰਟ ਵਿੱਚ ਸਾਮਲ ਨਹੀਂ ਕਰਵਾਈ ਗਈ ਉਹ ਜਲਦੀ ਹੀ ਐਕਸੀਅਨ ਜਿਲ੍ਹਾ ਮਾਈਨਿੰਗ ਵਿਭਾਗ ਨਾਲ ਸੰਪਰਕ ਕਰਕੇ ਅਪਣੀਆਂ ਜਮੀਨਾਂ ਦੇ ਖਸਰਾ ਨੰਬਰ ਰਿਪੋਰਟ ਵਿੱਚ ਸਾਮਲ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਮਾਈਨਿੰਗ ਪਾਲਿਸੀ ਅਧੀਨ ਹਰੇਕ ਕਰੈਸ਼ਰ ਤੇ ਕੰਡੇ (ਤੋਲਣ ਵਾਲੀ ਮਸੀਨ) ਲਗਾਉਂਣਾ ਬਹੁਤ ਜਰੂਰੀ ਹੈ ਇਸ ਲਈ ਹਰੇਕ ਕਰੈਸ਼ਰ ਮਾਲਕ ਇਸ ਗੱਲ ਦਾ ਵਿਸੇਸ ਧਿਆਨ ਰੱਖੇਗਾ ਕਿ ਸਰਕਾਰ ਦੀ ਪਾਲਿਸੀ ਅਧੀਨ ਸਰਤਾਂ ਪੂਰੀਆਂ ਕਰਨ ਤੋਂ ਬਾਅਦ ਹੀ ਉਹ ਕਰੈਸ਼ਰ ਚਲਾ ਸਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਿਆਂਦੀ ਮਾਈਨਿੰਗ ਪਾਲਿਸੀ ਅਧੀਨ ਜਿਲ੍ਹਾ ਪ੍ਰਸਾਸਨ ਵੀ ਹਰੇਕ ਤਰ੍ਹਾਂ ਦੇ ਸਹਿਯੋਗ ਲਈ ਪੂਰੀ ਤਰ੍ਹਾਂ ਤਿਆਰ ਰਹੇਗਾ।

**– ਰਾਜਿੰਦਰ ਸਿੰਘ ਪਠਾਨਕੋਟ**

# ਸਖੀ ਵਣ ਸਟਾਪ ਸੈਂਟਰ ਦੀ ਜਿਲ੍ਹਾ ਪੱਧਰੀ ਪ੍ਰਬੰਧਕੀ ਕਮੇਟੀ ਨਾਲ ਡਿਪਟੀ ਕਮਿਸਨਰ ਨੇ ਕੀਤੀ ਵਿਸੇਸ ਰੀਵਿਓ ਮੀਟਿੰਗ

**ਪਠਾਨਕੋਟ–** ਜਿਲ੍ਹਾ ਪਠਾਨਕੋਟ ਦੇ ਸਿਵਲ ਹਸਪਤਾਲ ਵਿਖੇ ਸਖੀ ਵਨ ਸਟਾਪ ਸੈਂਟਰ ਚਲ ਰਿਹਾ ਹੈ ਜਿਸ ਅਧੀਨ ਅੱਜ ਸੁਮਨਦੀਪ ਕੌਰ ਜਿਲ੍ਹਾ ਪ੍ਰੋਗਰਾਮ ਅਫਸਰ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਦੇ ਮੀਟਿੰਗ ਹਾਲ ਵਿੱਚ ਜਿਲ੍ਹਾ ਪੱਧਰੀ ਪ੍ਰਬੰਧਕੀ ਕਮੇਟੀ ਦੀ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਜਿਸ ਵਿੱਚ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵਿਸੇਸ ਤੋਰ ਤੇ ਹਾਜਰ ਰਹੇ। ਉਨ੍ਹਾਂ ਤੋਂ ਇਲਾਵਾ ਸਰਵਸ੍ਰੀ ਰਵਿੰਦਰ ਠਾਕੁਰ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸਨ ਪਠਾਨਕੋਟ, ਐਡਵੋਕੇਟ ਵਿਨੋਦ ਕੁਮਾਰ ਰਿਟੇਨਰ ਅਧਿਕਾਰੀ ਡੀ।ਐਲ।ਐਸ।ਏ। ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਐਡਵੋਕੇਟ ਸੁਨੈਨਾ ਸੈਂਟਰ ਐਡਮਿਨਸਿਟ੍ਰੇਟਰ ਪਠਾਨਕੋਟ ਆਦਿ ਸਬੰਧਤ ਵਿਭਾਗਾਂ ਦੇ ਨੁਮਾਇੰਦੇ ਵੀ ਹਾਜਰ ਸਨ। ਮੀਟਿੰਗ ਵਿੱਚ ਸੰਬੋਧਤ ਕਰਦਿਆਂ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਹਰ ਜਿਲ੍ਹੇ ਵਿੱਚ ਸਖੀ ਵਨ ਸਟਾਪ ਸੈਂਟਰ ਸਥਾਪਿਤ ਕੀਤੇ ਗਏ ਹਨ। ਜਿਲ੍ਹਾ ਪਠਾਨਕੋਟ ਦੇ ਸਿਵਲ ਹਸਪਤਾਲ ਪਠਾਨਕੋਟ ਵਿਚ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨਾਂ ਸੈਂਟਰਾਂ ਦਾ ਮੁੱਖ ਮੰਤਵ ਕਿਸੇ ਵੀ ਪ੍ਰਕਾਰ ਦੀ ਪਰਿਵਾਰਿਕ ਜਾਂ ਬਾਹਰੀ ਹਿੰਸਾ ਜਿਵੇਂ ਕਿ ਸਰੀਰਿਕ, ਮਾਨਸਿਕ, ਆਰਥਿਕ, ਯੌਨ ਸੋਸਣ, ਕੁੱਟਮਾਰ, ਦਾਜ-ਦਹੇਜ, ਜਬਰ-ਜਨਾਹ,ਛੇੜ-ਛਾੜ ਦੁਰ-ਵਿਹਾਰ, ਧੋਖਾਧੜੀ ਤੋਂ ਪੀੜਤ ਆਦਿ ਸਾਮਲ ਹਨ। ਕਿਸੇ ਵੀ ਉਮਰ ਵਰਗ ਦੀਆਂ ਔਰਤਾਂ ਅਤੇ 18 ਸਾਲ ਤੱਕ ਦੀਆਂ ਬੱਚੀਆਂ ਨੂੰ 5 ਸੇਵਾਵਾਂ ਜਿਨ੍ਹਾਂ ਵਿੱਚ ਮੈਡੀਕਲ ਸਹਾਇਤਾ, ਕਾਨੂੰਨੀ ਸਹਾਇਤਾ, ਪੁਲਿਸ



ਸਹਾਇਤਾ, ਮਨੋਵਿਗਿਆਨੀ ਕਾਉਂਸਲਿੰਗ ਅਤੇ ਜਰੂਰਤ ਪੈਣ ਤੇ ਆਸਰਾਂ ਸਮੇਤ ਖਾਣਾ ਇਕ ਛੱਤ ਹੇਠਾਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਆਨਰ ਕਿਲਿੰਗ, ਤੇਜਾਬੀ ਹਮਲੇ ਤੋਂ ਪੀੜਤ ਮਨੁੱਖੀ, ਤਸਕਰੀ, ਨਾਲ ਸਬੰਧਤ ਘਰ ਤੋਂ ਦੌੜ ਕੇ ਵਿਆਹ ਕਰਵਾਉਣ ਵਾਲੇ ਜੋੜੇ ਵੀ ਸਹਾਇਤਾ ਲਈ ਸਖੀ ਵਨ ਸਟੈਂਪ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ। ਹਰ ਸਾਲ ਬਹੁਤ ਸਾਰੇ ਵਿਆਹੇ ਜੋੜੇ ਇਕ-ਦੂਸਰੇ ਤੋਂ ਵੱਖ ਹੋ ਜਾਂਦੇ ਹਨ, ਬਹੁਤ ਸਾਰੀਆਂ ਔਰਤਾਂ ਕਿਸੇ ਵੀ ਤਰਾਂ ਦੀ ਹਿੰਸਾ ਹਰਾਸਮੈਂਟ ਨੂੰ ਨਾ-ਝੱਲਦੀਆਂ ਹੋਈਆਂ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੀਆਂ ਹਨ,ਕੁਝ ਦਹੇਜ ਦੀ ਬਲੀ ਚੜ੍ਹ ਜਾਂਦੀਆਂ ਹਨ ਅਤੇ ਬਲਾਤਕਾਰ, ਯੌਨ ਸੋਸਣ ਦਾ ਸਿਕਾਰ ਹੋ ਜਾਂਦੀਆਂ ਹਨ ਇਸ ਤੋਂ ਇਲਾਵਾ ਕੰਮ-ਕਾਜ ਵਾਲੀਆ ਜਗ੍ਹਾ ਤੇ ਵੀ ਕਈ ਵਾਰ ਮਰਦ ਸਹਿਕਰਮੀਆਂ ਵੱਲੋਂ ਪੀੜਤ ਅਤੇ ਤੰਗ ਪਰੇਸਾਨ ਕੀਤਾ ਜਾਂਦਾ ਹੈ। ਅਜਿਹੇ ਵਿਤਾਰਿਆਂ ਨੂੰ ਨਿਜਿੱਠਣ ਲਈ, ਔਰਤਾਂ ਦੇ ਮਨੋਬਲ ਨੂੰ ਉੱਚਾ ਰੱਖਣ ਲਈ, ਜੇਕਰ ਆਪਸੀ ਮਨ-ਮੋਟਾਵ ਹਨ ਤਾਂ ਉਹਨਾਂ ਨੂੰ ਦੂਰ ਕਰਨ ਲਈ ਸੁਖੀ ਵਨ ਸਟਾਪ ਸੈਂਟਰ, ਵਿੱਚ ਇਨਾਂ ਦੀ ਸਹਾਇਤਾ ਕੀਤੀ ਜਾਂਦੀ ਹੈ, ਅਤੇ ਔਰਤਾਂ ਨੂੰ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ ਵਿੱਚ ਹੁਣ ਤੱਕ 215 ਕੇਸ ਵੱਖ-ਵੱਖ ਸਮੱਸਿਆ ਨਾਲ ਸਬੰਧਿਤ ਪ੍ਰਾਪਤ ਹੋਏ ਹਨ, ਜਿਨਾਂ ਵਿੱਚੋਂ 33 ਕੇਸਾ ਨੂੰ ਮੁਫਤ ਕਾਨੂੰਨੀ ਸਹਾਇਤਾ, 56 ਨੂੰ ਪੁਲਿਸ ਮਦਦ ਮੁਹੱਈਆ ਕਰਵਾ ਕੇ 10 ਕੇਸਾਂ ਨੂੰ ਅਸਥਾਈ ਆਸਰਾ ਦੇ ਕੇ ਸੁਲਝਾਇਆ ਗਿਆ ਹੈ ਅਤੇ ਬਾਕੀ ਕੇਸਾਂ ਵਿੱਚ ਮਨੋਵਿਗਿਆਨਿਕ ਸਲਾਹ ਦਿੱਤੀ ਗਈ ਹੈ। ਜਿਸ ਵਿੱਚ ਵਧੇਰੇ ਕਰਕੇ ਰਿਸਤਿਆਂ ਵਿੱਚ ਆਈ ਆਪਸੀ ਮਨ ਮੁਟਾਵ ਨਾਲ ਸਬੰਧਿਤ ਕੇਸ ਹਨ। 02 ਕੇਸ ਬਲਾਤਕਾਰ ਅਤੇ 03 ਕੇਸ ਦਹੇਜ ਨਾਲ ਸਬੰਧਿਤ ਹਨ । ਉਨ੍ਹਾਂ ਦੱਸਿਆ ਕਿ ਔਰਤਾਂ ਦੀ ਸਹਾਇਤਾ ਲਈ ਵਨ ਸਟਾਪ ਸੈਂਟਰ, ਪਠਾਨਕੋਟ ਦਾ ਟੈਲੀਫੋਨ ਨੰਬਰ 79735-35412 ਹੈ । ਇਸ ਤੋਂ ਇਲਾਵਾ 181, 1098 ਨੰਬਰ ਤੇ ਵੀ ਹਿੰਸਾ ਸਬੰਧੀ ਸਿਕਾਇਤ ਦਰਜ ਕਰਵਾਈ ਜਾਂ ਸਕਦੀ ਹੈ।

ਮੀਟਿੰਗ ਵਿੱਚ ਉਨ੍ਹਾਂ ਵੱਲੋਂ ਸਖੀ ਵਨ ਸਟਾਪ ਸੈਂਟਰ ਦੇ ਹੋਰ ਪ੍ਰਬੰਧਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਕਰਮਚਾਰੀਆਂ ਨੂੰ ਵੀ ਅਪਣੀ ਡਿਊਟੀ ਪੂਰੀ ਜਿਮ੍ਹੇਦਾਰੀ ਨਾਲ ਨਿਭਾਉਂਣ ਲਈ ਕਿਹਾ।

**– ਰਾਜਿੰਦਰ ਸਿੰਘ ਪਠਾਨਕੋਟ**

# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ'?

**(ਸਫਾ 20 ਦੀ ਬਾਕੀ)**

ਚਮਤਕਾਰਾਂ ਅਤੇ ਅਲੌਕਿਕਤਾ ਦੇ ਨਾਂਅ ਤੇ ਦੇਸ਼ ਵਿਚ ਕੀ ਕੁਝ ਨਹੀਂ ਕਰਦੇ। ਅਜਿਹੇ ਹੀ ਕਈ ਬਾਬੇ ਜੇਲ੍ਹਾਂ ਵਿਚ ਹਨ ਤੇ ਜ਼ਮਾਨਤ ਲਈ ਤਰਸਦੇ ਹਨ, ਅਗਰ ਉਹਨਾਂ ਕੋਲ ਕੋਈ ਅਜਿਹਾ ਚਮਤਕਾਰ ਹੈ ਤਾਂ ਉਹ ਜੇਲ੍ਹ ਤੋਂ ਬਾਹਰ ਕਿਉਂ ਨਹੀਂ ਆ ਜਾਂਦੇ? ਦੱਖਣ ਭਾਰਤ ਦੇ ਇਕ ਬਾਬਾ ਚਮਤਕਾਰ ਦਿਖਾਉਣ ਵਿਚ ਬੜੇ ਪ੍ਰਸਿੱਧ ਸਨ। ਉਹਨਾਂ ਦੀ ਹਰਮਨ ਪਿਆਰਤਾ ਵੀ ਬੜੀ ਅਜੀਬੋ ਗਰੀਬ ਸੀ। ਕਾਫੀ ਪੜ੍ਹੇ-ਲਿਖੇ ਲੋਕ ਵੀ ਉਹਨਾਂ ਦੇ ਚੇਲੇ ਸਨ। ਇਹ ਗੱਲ ਉਹਨਾਂ ਬਾਰੇ ਬੜੀ ਮਸ਼ਹੂਰ ਸੀ ਕਿ ਉਹ ਆਪਣੇ ਲੰਬੇ ਚੋਗੇ ਵਿਚੋਂ ਨੋਟਾਂ ਦੇ ਥੱਦੇ ਕੱਢ ਕੇ ਅੰਬਾਰ ਲਾ ਦਿੰਦੇ ਸਨ। ਜੇਕਰ ਕੋਈ ਉਹਨਾਂ ਕੋਲੋਂ ਸ਼ਰਧਾਲੂ ਘੜੀ ਮੰਗਦਾ ਸੀ ਤਾਂ ਉਹ ਉਸ ਨੂੰ ਘੜੀ ਦੇ ਦਿੰਦੇ ਸਨ। ਆਪਣੇ ਧੂਣੇ ਦੀ ਭਬੂਤੀ (ਭਾਵ ਸੁਆਹ) ਜਿਸ ਨੂੰ ਵੀ ਉਹ ਦਿੰਦੇ ਸਨ, ਉਹ ਮਾਲਾ-ਮਾਲ ਹੋ ਜਾਂਦਾ ਸੀ।

ਕਾਫੀ ਸਾਲ ਪਹਿਲਾਂ ਦੀ ਇਹ ਗੱਲ ਹੈ ਕਿ ਦੱਖਣ ਭਾਰਤ ਦੇ ਹੀ ਇਕ ਵਿਗਿਆਨੀ ਡਾ: ਕਵੂਰ ਨੇ ਉਹਨਾਂ ਨੂੰ ਚੁਣੌਤੀ ਦਿੱਤੀ ਕਿ ਅਗਰ ਉਹ ਉਨ੍ਹਾਂ ਦੇ ਸਾਹਮਣੇ ਕੋਈ ਚਮਤਕਾਰ ਕਰਕੇ ਦਿਖਾਏਗਾ ਤਾਂ ਉਹ ਉਹਨਾਂ ਨੂੰ ਇਕ ਲੱਖ ਰੁਪਿਆ ਇਨਾਮ ਵਜੋਂ ਦੇਣਗੇ ਪਰ ਬਾਬਾ ਕੋਈ ਚਮਤਕਾਰ ਨਾ ਦਿਖਾ ਸਕਿਆ। ਅੱਜ ਉਹ ਬਾਬਾ ਇਸ ਸੰਸਾਰ ਵਿਚ ਨਹੀਂ ਹੈ ਪਰ ਲੋਕਾਂ ਵਿਚ ਅੰਧ-ਵਿਸ਼ਵਾਸ ਦੇ ਸਹਾਰੇ ਜੋ ਦੌਲਤ ਇਕੱਠੀ ਕੀਤੀ ਸੀ ਉਸ ਦਾ ਰਾਜ ਉਸ ਦੀ ਮੌਤ ਤੋਂ ਬਾਅਦ ਖੁੱਲ੍ਹਿਆ।

ਕਿਸੇ ਵੀ ਤਰ੍ਹਾਂ ਦਾ ਚਮਤਕਾਰ ਹੋਵੇ ਉਹ ਅਣ-ਵਿਗਿਆਨਕ, ਕਲਾਪਨਿਕ ਤੇ ਗੈਰ-ਕੁਦਰਤੀ ਹੈ। ਸਭ ਤੋਂ ਵੱਡਾ ਚਮਤਕਾਰ ਤਾਂ ਮਨੁੱਖ ਆਪ ਹੀ ਹੈ। ਮਨੁੱਖ ਨੇ ਆਪਣੇ ਦਿਮਾਗ ਦੇ ਵਿਕਾਸ ਨਾਲ ਅੱਜ ਇੰਨੀਆਂ ਵਿਗਿਆਨਕ ਕਾਢਾਂ ਕੱਢੀਆਂ ਹਨ ਕਿ ਸੰਸਾਰ ਦਾ ਭੂਗੋਲ ਹੀ ਬਦਲ ਕੇ ਰੱਖ ਦਿੱਤਾ ਹੈ। ਮਨੁੱਖ ਨੇ ਕੁਦਰਤ ਦੇ ਹਰ ਲੁਕਵੇਂ ਭੇਦ ਨੂੰ ਉਜਾਗਰ ਕਰਕੇ ਰੱਖ ਦਿੱਤਾ ਹੈ।

ਮਨੁੱਖ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ। ਚੰਦਰਮਾ ਤੇ ਮੰਗਲ ਤੱਕ ਉਸ ਨੇ ਬੜੀ ਲੰਬੀ ਉਡਾਰੀ ਮਾਰੀ ਹੈ ਤੇ ਮਨੁੱਖ ਨੂੰ ਉਥੇ ਵਸਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸੰਚਾਰ ਸਾਧਨਾਂ ਨਾਲ ਤੁਸੀਂ ਅੱਜ ਸੰਸਾਰ ਦੇ ਕਿਸੇ ਕੋਨੇ ਵਿਚ ਬੈਠ ਕੇ ਆਪਣੇ ਘਰ ਬੜੀ ਆਸਾਨੀ ਨਾਲ ਗੱਲਬਾਤ ਕਰ ਸਕਦੇ ਹੋ, ਕੀ ਇਹ ਕਿਸੇ ਚਮਤਕਾਰ ਤੋਂ ਘੱਟ ਹੈ?

ਵਿਗਿਆਨ ਦੀਆਂ ਕਾਢਾਂ ਨੇ ਮਨੁੱਖ ਨੂੰ ਬੜਾ ਕੁਝ ਦਿੱਤਾ ਹੈ। ਸੰਸਾਰ ਵਿਚ ਕਾਫੀ ਲੋਕਾਂ ਨੇ ਵਿਗਿਆਨਕ ਸੋਚ ਬਣਾਈ ਵੀ ਹੈ ਤੇ ਅੰਧ-ਵਿਸ਼ਵਾਸਾਂ ਤੋਂ ਛੁਟਕਾਰਾ ਕਿਸੇ ਹੱਦ ਤੱਕ ਪਾਇਆ ਵੀ ਹੈ ਪਰ ਫਿਰ ਵੀ ਮਨੁੱਖ ਇਕ ਕਮਜ਼ੋਰ ਪ੍ਰਾਣੀ ਹੈ ਜੋ ਸੰਸਾਰਕ ਸੰਕਟਾਂ ਵਿਚ ਫਸਿਆ ਰਹਿੰਦਾ ਹੈ। ਇਹਨਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਉਹ ਕਿਸੇ ਚੀਜ਼ ਦਾ ਸਹਾਰਾ ਭਾਲਦਾ ਹੈ।

ਧਰਮ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਉਸ ਨੂੰ ਇਹਨਾਂ ਸਮੱਸਿਆਵਾਂ ਵਿਚੋਂ ਨਿਕਲਣ ਲਈ ਆਪਣੇ ਵੱਲ ਖਿੱਚਦਾ ਹੈ ਕਿ ਸ਼ਾਇਦ ਇੱਥੇ ਜਾਣ ਨਾਲ ਉਸ ਦੇ ਸਾਰੇ ਦੁੱਖ ਦਰਦ ਖਤਮ ਹੋ ਜਾਣਗੇ ਪਰ ਇੱਥੇ ਆ ਕੇ ਉਹ ਆਪਣਾ ਮਨੋਬਲ ਤਕੜਾ ਕਰਨ ਦੀ ਬਜਾਏ ਦੰਭੀ ਤੇ ਪਾਖੰਡੀ ਸਾਧਾਂ-ਫਕੀਰਾਂ ਦੇ ਚਮਤਕਾਰਾਂ ਜਾਂ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਕੁਝ ਸੁਆਰਥੀ ਲੋਕ, ਮਨੁੱਖ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਨੂੰ ਆਪਣੇ ਮੋਹ ਜਾਲ ਵਿਚ ਫਸਾ ਕੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਧਰਮ ਦਾ ਇਹਨਾਂ ਚਮਤਕਾਰਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਧਰਮ ਆਦਮੀ ਨੂੰ ਤਾਕਤਵਰ ਬਣਾਉਂਦਾ ਹੈ, ਮਨੁੱਖ ਨੂੰ ਕੁਝ ਕਰਨ ਤੇ ਚੰਗਾ ਸੋਚਣ ਦੀ ਪ੍ਰੇਰਨਾ ਦਿੰਦਾ ਹੈ, ਜਦਕਿ ਚਮਤਕਾਰ ਉਸ ਨੂੰ ਨਿਤਾਣਾ ਤੇ ਕਮਜ਼ੋਰ ਬਣਾਉਂਦੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮਾਜ ਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿਚੋਂ ਕੱਢਿਆ ਕਿਵੇਂ ਜਾਵੇ? ਅੰਧ ਵਿਸ਼ਵਾਸ ਤੋਂ ਛੁੱਟਕਾਰਾ ਪਾਉਣ ਲਈ ਖਾਸ ਕਰ ਔਰਤਾਂ ਤੇ ਨੌਜਵਾਨਾਂ ਨੂੰ ਤਰਕ ਦੇ ਆਧਾਰ 'ਤੇ ਵਿਗਿਆਨਕ ਤਰੀਕੇ ਨਾਲ ਹਰ ਸਮੱਸਿਆ ਦੇ ਕਾਰਨਾਂ ਨੂੰ ਲੱਭਣਾ ਤੇ ਹੱਲ ਕਰਨਾ ਪਵੇਗਾ।

ਜਦੋਂ ਅਸੀਂ ਕਿਸੇ ਵੀ ਸਮੱਸਿਆ ਨੂੰ ਕੀ, ਕਦੋਂ ਤੇ ਕਿਵੇਂ ਦੇ ਤਰਕ ਆਧਾਰਿਤ ਫਾਰਮੂਲੇ ਨਾਲ ਸਮਝ ਕੇ ਕਾਰਨ ਲੱਭਣ ਦਾ ਯਤਨ ਕਰਦੇ ਹਾਂ ਤਾਂ ਸਮੱਸਿਆਵਾਂ ਦੇ ਕਾਰਨ ਤੇ ਹੱਲ ਦਾ ਖਾਕਾ ਸਾਡੇ ਦਿਮਾਗ ਵਿਚ ਤੁਰੰਤ ਆ ਜਾਂਦਾ ਹੈ। ਅੱਜ ਸਮੇਂ ਦੀ ਤ੍ਰਾਸਦੀ ਤੇ ਦੁਖਾਂਤ ਇਹ ਹੈ ਕਿ ਪਿਛਾਂਹ ਖਿੱਚੂ ਵਿਚਾਰ ਅਤੇ ਅੰਧ ਵਿਸ਼ਵਾਸਾਂ ਨਾਲ ਭਰੇ ਰੀਤੀ-ਰਿਵਾਜ਼ ਭਾਰੂ ਹੋਣ ਕਾਰਨ ਵਿਗਿਆਨਕ ਕਾਰਨਾਂ ਤੇ ਹੱਲ ਨੂੰ ਮੰਨਣ ਦੀ ਜਗ੍ਹਾ ਲੋਕ ਭੁਲੇਖੇ ਤੇ ਰਹੱਸਵਾਦ ਦਾ ਸ਼ਿਕਾਰ ਹੁੰਦੇ ਹਨ। ਅਸੀਂ ਆਮ ਦੇਖਦੇ ਹਾਂ ਕਿ ਸਾਡੇ ਪੜ੍ਹੇ-ਲਿਖੇ ਨੌਜਵਾਨ ਲੜਕੇ ਤੇ ਲੜਕੀਆਂ ਆਪਣੀ ਬਾਂਹ ਦੇ ਗੁੱਟ ਤੇ ਮੌਲੀ ਬੰਨ੍ਹ ਕੇ ਰੱਖਦੇ ਹਨ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਮੌਜੂਦਾ ਸਮੇਂ ਦੇ ਹਾਣ ਦੀ ਨਹੀਂ ਹੈ ਤੇ ਵਿਗਿਆਨਕ ਸਿਧਾਂਤਾਂ ਤੋਂ ਕੋਸਾਂ ਦੂਰ ਹੈ। ਇਸੇ ਕਰਕੇ ਸਮਾਜ ਵਿਚ ਅੰਧ ਵਿਸ਼ਵਾਸ ਉਹ ਜ਼ਰਖੇਜ਼ ਜ਼ਮੀਨ ਬਣ ਰਹੇ ਹਨ, ਜਿੱਥੇ ਚਮਤਕਾਰਾਂ ਤੇ ਕਰਾਮਾਤਾਂ ਲਈ ਯਕੀਨ ਪੈਦਾ ਹੋ ਰਿਹਾ ਹੈ।

ਆਪਣੀ ਸੂਝ-ਬੂਝ ਦੀ ਵਰਤੋਂ ਕਰਨ ਦੀ ਬਜਾਏ ਮਿੱਥਕ ਵਿਚਾਰ ਤੇ ਕਲਪਨਾਤਮਕ ਧਾਰਨਾਵਾਂ ਨੂੰ ਹੀ ਲਾਗੂ ਕੀਤਾ ਜਾ ਰਿਹਾ ਹੈ। ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮੁੰਦਰੀ ਪਾਉਣਾ ਤੇ ਉਸ ਵਿਚ ਖਾਸ ਨਗ ਜੜਵਾਉਣਾ ਵੀ ਨੌਜਵਾਨਾਂ ਦਾ ਇਹੋ ਰੁਝਾਨ ਦੱਸਦਾ ਹੈ ਕਿ ਉਹਨਾਂ ਦੀ ਮਾਨਸਿਕਤਾ ਹਾਲੇ ਵੀ ਕਿੰਨੀ ਰੂੜ੍ਹੀਵਾਦੀ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਜ਼ਿਲ੍ਹੇ ਤੇ ਬਲਾਕ ਪੱਧਰ 'ਤੇ 'ਗਿਆਨ-ਵਿਗਿਆਨ ਦੀ ਸਮਾਜਿਕ ਜੀਵਨ ਵਿਚ ਲੋੜ ਤੇ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਤੇ ਗੋਸ਼ਟੀਆਂ ਦਾ ਪ੍ਰਬੰਧ ਕਰਨ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣ ਸਕੇ ਤੇ ਲੋਕਾਂ ਵਿਚ ਤਰਕ ਦੀ ਚੇਤਨਾ ਪੈਦਾ ਹੋ ਸਕੇ, ਜਿਵੇਂ-ਜਿਵੇਂ ਮਨੁੱਖ ਵਿਚ ਆਪਣੀ ਸੋਚਣ ਸ਼ਕਤੀ, ਆਪਣੀ ਯੋਗਤਾ ਅਤੇ ਆਪਣੀ ਸਰਗਰਮੀ ਵਿਚ ਵਿਸ਼ਵਾਸ ਵਧੇਗਾ, ਉਹ ਚਮਤਕਾਰੀ ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਮਾਇਆ ਜਾਲ ਤੋਂ ਮੁਕਤੀ ਪ੍ਰਾਪਤ ਕਰਦਾ ਜਾਏਗਾ।

ਇਸ ਦੇ ਨਾ ਹੀ ਸਰਕਾਰ ਇਕ ਅਜਿਹਾ ਕਾਨੂੰਨ ਬਣਾਵੇ, ਜਿਸ ਵਿਚ ਅੰਧ ਵਿਸ਼ਵਾਸ ਤੇ ਚਮਤਕਾਰ ਕਰਨ ਦਾ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਸਜਾ ਦਾ ਪ੍ਰਾਵਧਾਨ ਹੋਵੇ। ਤਦ ਹੀ ਸਾਡਾ ਸਮਾਜ ਅਸਲ ਵਿਚ 21ਵੀਂ ਸਦੀ ਦਾ ਵਿਗਿਆਨਕ ਯੁੱਗ ਅਖਵਾਉਣ ਦਾ ਹੱਕਦਾਰ ਹੋਵੇਗਾ।

# ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ ਸਮਾਗਤ, ਜੇਤੂ ਬੱਚਿਆਂ ਨੂੰ ਇਨਾਮ ਵੰਡੇ














**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਜੁਲਾਈ ਤੇ ਅਗਸਤ ਦੋ ਮਹੀਨੇ ਚੱਲਿਆ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ ਸਮਾਗਮ ਹੋ ਗਿਆ। ਪਿਛਲੇ ਦਿਨੀਂ ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ (ਆਈ. ਜੀ. ਸੇਵਾ ਮੁਕਤ) ਨੇ ਅਖੀਰਲੇ ਦਿਨ ਜੇਤੂਆਂ ਨੂੰ ਇਨਾਮ ਵੰਡੇ। ਇਸ ਮੌਕੇ ਕਿਸਾਨ ਅੰਦੋਲਨ ਵਿਚ ਦਿੱਲੀ ਪਹੁੰਚ ਕੇ ਵੱਡਾ ਯੋਗਦਾਨ ਪਾਉਣ ਵਾਲੇ ਡਾ. ਸਵੈਮਾਨ ਸਿੰਘ ਪੱਖੋਕੇ ਨੂੰ ਪੰਜਾਬੀ ਭਾਈਚਾਰੇ ਵੱਲੋਂ ਸਨਮਾਨਿਤ ਕੀਤਾ ਗਿਆ। ਸਮੇਂ ਦੀ ਘਾਟ ਕਾਰਨ 100 ਮੀਟਰ ਦੌੜ ਤੇ ਰੀਲੇਅ ਦੌੜ ਦੇ ਜੇਤੂਆਂ ਦੇ ਸਪੈਸ਼ਲ ਪ੍ਰੋਗਰਾਮ ਵਿਚ ਜੇਤੂ ਬੱਚਿਆਂ ਨੂੰ ਸੋਨ, ਚਾਂਦੀ ਤੇ ਕਾਂਸੀ ਦੇ ਤਮਗਿਆਂ ਨਾਲ ਸਨਮਾਨਿਆ ਗਿਆ ਤੇ ਹੌਸਲਾ ਅਫਜ਼ਾਈ ਕੀਤੀ ਗਈ। ਪੰਜਾਬੀ ਭਾਈਚਾਰੇ ਨੇ ਪ੍ਰਬੰਧਕਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ, ਜਿਹਨਾਂ ਨੇ ਪਿਛਲੇ 12 ਸਾਲ ਤੋਂ ਜਾਰੀ ਰੱਖ ਕੇ ਬੱਚਿਆਂ ਨੂੰ ਸਰੀਰਕ ਫਿਟਨੈਸ ਤੇ ਵੱਖ-ਵੱਖ ਖੇਡਾਂ 'ਚ ਕੋਚਿੰਗ ਮੁਹੱਈਆ ਕਰਕੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸਭਿਆਚਾ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਮੌਕੇ ਕੋਚਿੰਗ, ਵਾਲੰਟੀਅਰ, ਸੇਵਾਦਾਰਾਂ ਤੇ ਦਾਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਿਆਟਲ ਦੇ ਪੰਜਾਬੀ ਭਾਈਚਾਰੇ ਤੇ ਨੌਜਵਾਨਾਂ ਤੇ ਦਾਨੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਪੰਜਾਬੀ ਕੁੜੀ ਦਮਨਜੋਤ ਕੌਰ ਨੇ ਕਾਰਡੀਅਕ ਸੁਸਾਇਟੀ ਦਾ ਪਹਿਲਾ 'ਕਲੀਨਿਕ ਇਨੋਵੇਸ਼ਨ ਐਵਾਰਡ' ਜਿੱਤਿਆ







**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਸਾਡੇ ਦਿਲ ਜਾਂ ਹਿਰਦੇ ਦੇ ਰੋਗਾਂ ਨੂੰ ਡਾਕਟਰੀ ਭਾਸ਼ਾ ਦੇ ਵਿਚ 'ਕਾਰਡੀਓਲੋਜ਼ੀ' ਕਿਹਾ ਜਾਂਦਾ ਹੈ। ਇਸ ਖੇਤਰ ਦੇ ਵਿਚ ਜਿੱਥੇ ਡਾਕਟਰਾਂ, ਨਰਸਾਂ ਦਾ ਵੱਡਾ ਯੋਗਦਾਨ ਆਮ ਜਨਤਾ ਦੇ ਵਿਚ ਵੇਖਣ ਨੂੰ ਮਿਲਦਾ ਹੈ ਉਥੇ ਨਵੇਂ ਆਵਿਸ਼ਕਾਰ ਕਰਨ ਵਾ-ਲਿਆਂ ਦਾ ਵੀ ਓਨਾ ਹੀ ਨਾਂਅ ਡਾਕਟਰੀ ਕੌਂਸਿਲਾਂ ਦੇ ਵਿਚ ਰਹਿੰਦਾ ਹੈ, ਜਿਨ੍ਹਾਂ ਦੇ ਕੰਮ ਨੂੰ ਇਹ ਸੰਸਥਾਵਾਂ ਮਾਪਦੰਢਾਂ ਦੇ ਉਤੇ ਮਾਪਦੀਆਂ ਹਨ ਅਤੇ ਹੱਲ੍ਹਾਸ਼ੇਰੀ ਦੇ ਕੇ ਅਗਲੇਰੀਆਂ ਖੋਜਾਂ ਵੱਲ ਪ੍ਰੇਰਿਤ ਕਰਦੀਆਂ ਹਨ। ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ ਦਮਨਜੋਤ ਕੌਰ ਜੋ ਕਿ ਚੰਡੀਗੜ੍ਹ ਸ਼ਹਿਰ ਨਾਲ ਸਬੰਧ ਰੱਖਦੀ ਹੈ ਅਤੇ 'ਹਾਕਸ ਬੇਅ ਜ਼ਿਲ੍ਹਾ ਹੈਲਥ ਬੋਰਡ' ਦੇ ਕਾਰਡੀਓਲੋਜੀ ਵਿਭਾਗ ਵਿੱਚ ਕਾਰਡੀਓਲੋਜੀ ਨਰਸ ਪ੍ਰੈਕਟੀਸ਼ਨਰ ਵਜੋਂ ਕੰਮ ਕਰਦੀ ਹੈ। ਇਸ ਕੁੜੀ ਨੇ ਹਾਲ ਹੀ ਦੇ ਵਿਚ ਦੋ ਅਵਾਰਡ ਹਾਸਿਲ ਕੀਤੇ ਹਨ। ਪਹਿਲਾ ਐਵਾਰਡ 'ਕਲੀਨਿਕਲ ਇਨੋਵੇਸ਼ਨ ਅਵਾਰਡ' ਹੈ ਜੋ 'ਕਾਰਡੀਓਵੈਸਕੁਲਰ ਸੁਸਾਇਟੀ ਆਫ ਆਸਟਰੇਲੀਆ ਅਤੇ ਨਿਊਜ਼ੀਲੈਂਡ' ਤੋਂ ਪ੍ਰਾਪਤ ਹੋਇਆ ਹੈ। ਇਸ ਸੰਸਥਾ ਦੀ ਮੀਟਿੰਗ ਗੋਲਡ ਕੋਸਟ, ਆਸਟਰੇਲੀਆ ਵਿੱਚ ਹੋਈ ਸੀ ਅਤੇ ਇਸਦੀ 70ਵੀਂ ਸਲਾਨਾ ਵਿਗਿਆਨਕ ਮੀਟਿੰਗ ਸੀ। ਖਾਸ ਗੱਲ ਇਹ ਰਹੀ ਕਿ ਕਾਰਡੀਅਕ ਸੰਸਥਾ (ਸੀ। ਐਸ ਏ ਐਨ ਜ਼ੈਡ) ਦਾ ਇਹ ਪਲੇਠਾ ਐਵਾਰਡ ਦਮਨਜੋਤ ਕੌਰ ਨੂੰ ਦਿੱਤਾ ਗਿਆ। ਇਸ ਕਾਨਫਰੰਸ ਵਿੱਚ ਇਸ ਸਾਲ ਜਿੰਨੇ ਵੀ ਮਾਹਿਰ ਗਏ ਉਨ੍ਹਾਂ ਵਿਚੋਂ ਸਿਰਫ ਦੋ ਨਿਊਜ਼ੀਲੈਂਡਰਾਂ ਨੇ ਹੀ ਇਹ ਐਵਾਰਡ ਜਿੱਤੇ ਜਿਨ੍ਹਾਂ ਵਿਚ ਇੱਕ ਗਿਸਬੋਰਨ ਤੋਂ ਡਾਕਟਰ ਸੀ ਅਤੇ ਦੂਜੀ ਦਮਨਜੋਤ ਕੌਰ ਸੀ। ਵਰਣਨਯੋਗ ਹੈ ਕਿ ਦਮਨਜੌਤ ਕੌਰ ਨੂੰ ਨਰਸ ਪ੍ਰੈਕਟੀਸ਼ਨਰ (ਜੀ।ਪੀ। ਡਾਕਟਰ ਵਾਂਗ) ਵਜੋਂ ਇਹ ਅਧਿਕਾਰ ਹੈ ਕਿ ਉਹ ਮਰੀਜ਼ਾਂ ਦੀ ਚੈਕਅੱਪ ਕਰ ਸਕਦੀ ਹੈ ਅਤੇ ਦਵਾਈਆਂ ਵੀ ਦੇ ਸਕਦੀ ਹੈ।

ਇਸ ਤੋਂ ਇਲਾਵਾ ਮਲਟੀਕਲਚਰਲ ਐਸੋਸੀਏਸ਼ਨ ਆਫ ਹਾਕਸ ਬੇਅ ਅਤੇ ਨੇਪੀਅਰ ਸਿਟੀ ਕੌਂਸਿਲ ਵੱਲੋਂ 'ਏਸ਼ੀਅਨ ਇਨ ਦਾ ਬੇਅ ਐਵਾਰਡ' ਦੇ ਵਿਚ ਵੀ ਦਮਨ ਕੌਰ ਉਪ ਜੇਤੂ ਰਹੀ ਹੈ। ਇਹ ਅਵਾਰਡ ਮਾਸਟਰਜ਼ ਆਫ਼ ਨਰਸਿੰਗ ਅਤੇ ਉਸ ਦੇ ਕਲੀਨਿਕਲ ਅਭਿਆਸ ਅਤੇ ਇੱਕ ਪੇਸ਼ੇਵਰ ਇੰਟਰਵਿਊ ਦੇ ਇੱਕ ਬਹੁਤ ਹੀ ਵਿਆਪਕ ਪੋਰਟਫੋਲੀਓ ਨੂੰ ਪੂਰਾ ਕਰਨ ਤੋਂ ਬਾਅਦ ਅਭਿਆਸ ਦੇ ਨਰਸ ਪ੍ਰੈਕਟੀਸ਼ਨਰ ਸਕੋਪ ਨੂੰ ਪ੍ਰਾਪਤ ਕਰਨ ਲਈ ਮਾਨਤਾ ਵਜੋਂ ਹੈ। ਇਹ ਪੁਰਸਕਾਰ ਇਸ ਖੇਤਰ ਲਈ ਦਮਨਜੋਤ ਕੌਰ ਨੂੰ ਪਹਿਲੀ ਏਸ਼ੀਅਨ/ਭਾਰਤੀ/ਪੰਜਾਬੀ/ਸਿੱਖ ਨਰਸ ਪ੍ਰੈਕਟੀਸ਼ਨਰ ਵਜੋਂ ਮਾਨਤਾ ਵਜੋਂ ਦਿੱਤਾ ਗਿਆ ਹੈ। ਨਾਲ ਹੀ ਦਮਨ ਕੌਰ ਦੇਸ਼ ਦੀ ਦੂਜੀ ਪੰਜਾਬੀ/ਸਿੱਖ ਨਰਸ ਪ੍ਰੈਕਟੀਸ਼ਨਰ ਹੈ (ਅਤੇ ਦੇਸ਼ ਵਿੱਚ ਸੈਕੰਡਰੀ ਕੇਅਰ ਵਿੱਚ ਕੰਮ ਕਰਨ ਵਾਲੀ ਪਹਿਲੀ ਸਿੱਖ ਨਰਸਿੰਗ ਪ੍ਰੈਕਟੀਸ਼ਨਰ ਬਣੀ ਹੈ। ਇਹ ਐਵਾਰਡ ਹਾਕਸ ਬੇਅ ਖੇਤਰ ਵਿਚ ਦਿਲ ਦੇ ਰੋਗੀਆਂ ਦੀ ਆਬਾਦੀ ਵਿੱਚ, ਉਨ੍ਹਾਂ ਦੀ ਸਿਹਤਯਾਬੀ ਲਈ ਪਾਏ ਗਏ ਉਸਦੇ ਯੋਗਦਾਨ ਲਈ ਮਾਨਤਾ ਵਜੋਂ ਸੀ। ਦਮਨ ਕੌਮ ਦੀ ਮੁੱਖ ਤਰਜੀਹ ਸਭ ਤੋਂ ਮਾੜੀ ਸਿਹਤ ਨਾਲ ਜੀਅ ਰਹੇ ਲੋਕਾਂ ਦੀ ਆਬਾਦੀ ਤੱਕ ਸਿਹਤ ਸਹੂਲਤਾਂ ਦੀ ਪਹੁੰਚ ਨੂੰ ਬਿਹਤਰ ਬਣਾਉਣਾ ਸੀ, ਕਮਿਊਨਿਟੀ ਕਾਰਡੀਓਲੋਜੀ ਸੇਵਾਵਾਂ ਵਿੱਚ ਉਸਦਾ ਕੰਮ ਉੱਚ ਵੰਚਿਤ, ਉੱਚ ਮਾਓਰੀ ਅਤੇ ਸਮਾਜਿਕ ਤੌਰ 'ਤੇ ਅਲੱਗ-ਥਲੱਗ ਆਬਾਦੀ ਲਈ ਦਿਲ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਦੇਖਭਾਲ ਦੇ ਨਵੀਨਤਾਕਾਰੀ ਮਾਡਲਾਂ ਨੂੰ ਸ਼ਾਮਲ ਕਰਦਾ ਰਿਹਾ ਹੈ। ਦਹਾਤੀ ਖੇਤਰਾਂ ਤੱਕ ਦੇਖਭਾਲ ਦੀ ਵਧਦੀ ਪਹੁੰਚ ਵੀ ਇਸਦਾ ਮੁੱਖ ਕਾਰਜ ਰਿਹਾ। ਦਮਨਜੋਤ ਨੇ ਇਹ ਸਾਰਾ ਕੰਮ ਹਾਕਸ ਬੇ ਵਿੱਚ ਜਾਣ ਦੇ ਸਿਰਫ਼ 4 ਸਾਲਾਂ ਵਿੱਚ ਕੀਤਾ। ਨਰਸਿੰਗ ਪ੍ਰੈਕਟੀਸ਼ਨਰ ਦੇ ਅਭਿਆਸ ਲਈ ਨਰਸਿੰਗ ਕੌਂਸਲ ਪੈਨਲ ਵਿੱਚ ਮਾ-ਸਟਰਜ਼ ਕਰਦੇ ਹੋਏ ਆਪਣਾ ਖੋਜਕਾਰੀ ਕੰਮ ਜਾਰੀ ਰੱਖਿਆ। ਨਰਸ ਪ੍ਰੈਕਟੀਸ਼ਨਰ ਸਭ ਤੋਂ ਉੱਚੀ ਕਲੀਨਿਕਲ ਸਥਿਤੀ ਹੈ ਜੋ ਇੱਕ ਨਰਸ ਪ੍ਰਾਪਤ ਕਰ ਸਕਦੀ ਹੈ ਅਤੇ ਇਸ ਵਿੱਚ ਬਹੁਤ ਸਾਰਾ ਅਧਿਐਨ, ਕਲੀਨਿਕਲ ਸਲਾਹਕਾਰ ਅਤੇ ਸਹਾਇਤਾ ਸ਼ਾਮਲ ਹੁੰਦੀ ਹੈ। ਦਮਨ ਦੇ ਮਾਤਾ-ਪਿਤਾ ਅਤੇ ਬੱਚੇ ਉਸ ਨੂੰ ਇਹ ਕੰਮ ਜਾਰੀ ਰੱਖਣ ਲਈ ਸਭ ਤੋਂ ਵਧੀਆ ਸਮਰਥਕ ਸਨ ਅਤੇ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਉਸਦੀ ਪ੍ਰੇਰਣਾ ਸਨ। ਦਮਨ ਨੇ ਕਾਰਡੀਓਲੋਜੀ ਸੈਕੰਡਰੀ ਕੇਅਰ ਹਸਪਤਾਲ ਦੇ ਦਾਖਲਿਆਂ ਅਤੇ ਰੀਡਮਿਸ਼ਨਾਂ 'ਤੇ ਇੱਕ ਆਡਿਟ ਦੀ ਅਗਵਾਈ ਕੀਤੀ। ਦਿਲ ਦੀ ਸਥਿਤੀ, ਵੰਚਿਤ ਜ਼ੋਨ, ਇਲਾਕਾ, ਨਸਲ ਅਤੇ ਜੀ।ਪੀ ਅਭਿਆਸ ਦੇ ਅਧਾਰ 'ਤੇ ਸਭ ਤੋਂ ਵੱਧ ਗੈਰ-ਪੂਰਤੀ ਲੋੜਾਂ ਦੀ ਪਛਾਣ ਕੀਤੀ। ਇਸ ਡਾਟਾ ਦੇ ਆਧਾਰ 'ਤੇ ਦਮਨ ਨੇ ਦਿਲ ਦੀ ਦੇਖਭਾਲ ਦੀਆਂ ਸਮਰੱਥਾਵਾਂ ਨੂੰ ਸੁਧਾਰਨ ਲਈ ਅਣਥੱਕ ਕੰਮ ਕੀਤਾ। ਦਮਨ ਨੇ ਕਲੀਨਿਕਾਂ ਦੇ ਡਾਇਰੈਕਟ ਕੇਅਰ ਆਊਟਰੀਚ ਕੰਪੋਨੈਂਟ ਦੇ ਨਾਲ-ਨਾਲ ਸਥਾਨਕ ਸਮਰੱਥਾਵਾਂ ਨੂੰ ਵਧਾਉਣ ਅਤੇ ਦੇਖਭਾਲ ਦੇ ਪ੍ਰਬੰਧਾਂ ਦੇ ਵਾਧੂ ਮਾਪਣਯੋਗ ਗੁਣਵੱਤਾ ਸੁਧਾਰ ਲਈ ਇਸ ਨਾਲ ਸੰਪਰਕ ਕੀਤਾ ਸੀ। ਇਸ ਤੋਂ ਇਲਾਵਾ ਦਮਨਜੋਤ ਕੌਰ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ, ਭਾਰਤ ਸਰਕਾਰ ਤੋਂ ਰਾਸ਼ਟਰੀ ਅਕਾਦਮਿਕ ਪ੍ਰਸ਼ੰਸਾ ਪੁਰਸਕਾਰ ਅਤੇ ਪੰਜਾਬ ਸਰਕਾਰ ਤੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ

ਸਧਾਰਨ ਮਨੁੱਖ ਦੀਆਂ ਅੱਖਾਂ ਦੇ ਸਾਹਮਣੇ ਦਿੱਸਦੇ ਜਗਤ ਦਾ ਆਕਰਸ਼ਿਤ ਨਜ਼ਾਰਾ ਜੋ ਹਕੀਕਤ ਪ੍ਰਤੀਤ ਹੁੰਦਾ ਹੈ, ਉਹ ਹਕੀਕਤ ਨਹੀਂ ਬਲਕਿ ਇਕ ਭਰਮ ਭੁਲੇਖਾ ਹੈ। ਕਿਸੇ ਹੱਦ ਤੱਕ ਇਹ ਬੜੀ ਅਜੀਬ ਤੇ ਹੈਰਾਨੀ ਵਾਲੀ ਗੱਲ ਹੈ। ਜੋ ਕੁਝ ਵੀ ਜਨਮਦਾ ਹੈ, ਆਖਿਰ ਉਹ ਵਿਨਸ ਜਾਂਦਾ ਹੈ, ਸਥਿਰ ਨਹੀਂ ਰਹਿੰਦਾ। ਫਿਰ ਵੀ ਇਹ ਮਾਨਵੀ ਨੇਤਰਾਂ ਨੂੰ ਸਦੀਵੀ ਜਾਪਦਾ ਹੈ। ਆਖਿਰਕਾਰ ਮਾਇਆ ਦੇ ਮੋਹ ਜਾਲ ਨੇ ਜਗਤ ਨੂੰ ਦੇਖਣ ਦੇ ਇਸ ਨਜ਼ਰੀਏ ਨੂੰ ਕਿਸੇ ਹੱਦ ਤੱਕ ਬਦਲਕੇ ਰੱਖ ਦਿੱਤਾ ਹੈ। ਪਰੰਤੂ ਗੁਰਬਾਣੀ ਤੋਂ ਮਿਲੀ ਸੂਝ-ਬੂਝ ਦੇ ਨਾਲ ਜਦ ਇਸ ਜਗਤ ਨੂੰ ਦੇਖਿਆ ਜਾਂਦਾ ਹੈ ਤਦ ਇਸ ਜਗਤ ਦੀ ਹਕੀਕਤ ਸਾਹਮਣੇ ਆਉਂਦੀ ਹੈ ਕਿ ਇਹ ਸੱਚ ਨਹੀਂ ਸਗੋਂ ਇੱਕ ਭੁਲੇਖਾ ਹੈ। ਜਿਸ ਨੇ ਬਦਲ ਵੀ ਜਾਣਾ ਹੈ ਤੇ ਬਿਨਸ ਵੀ ਜਾਣਾ ਹੈ।

ਮਨੁੱਖ ਅੰਦਰ ਜਗਤ ਦੇ ਪ੍ਰਤੀ ਦ੍ਰਿਸ਼ਟੀ ਵਿਚ ਛੁਪੇ ਹਕੀਕਤ ਤੇ ਮਿਥਿਆ ਦੇ ਦਵੰਦ ਨੂੰ ਸਮਝਣ ਦੀ ਤਾਕਤ ਨੌਵੇਂ ਨਾਨਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੋਂ ਪ੍ਰਾਪਤ ਹੁੰਦੀ ਹੈ। ਜਗਤ ਦੀ ਨਾਸ਼ਮਾਨਤਾ ਦੇ ਸੰਦਰਭ ਵਿਚ ਗੁਰੂ ਸਾਹਿਬ ਦੀ ਪ੍ਰੇਰਨਾ ਹਮੇਸ਼ਾ ਨਿਰਣਾਜਨਕ ਰਹੀ ਹੈ, ਜਿਸਦਾ ਮਾਨਵੀ ਮਨ ਉੱਤੇ ਤਿੱਖਾ ਤੇ ਸਪਸ਼ਟ ਅਸਰ ਹੁੰਦਾ ਹੈ। ਇਸ ਪ੍ਰਥਾਏ ਗੁਰ ਫ਼ਰਮਾਨ ਹੈ:

ਸਾਧੋ ਰਚਨਾ ਰਾਮ ਬਨਾਈ।।
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ।।

ਜਗਤ ਨੂੰ ਸਦੀਵੀ ਮਨ ਕੇ ਜਿੰਦਗੀ ਜਿਉਣ ਵਾਲਾ ਮਨੁੱਖ ਨਿਰੰਤਰ ਦੁੱਖ ਭੋਗਦਾ ਹੈ। ਸੰਸਾਰ ਦੀ ਛੁਪੀ ਹੋਈ ਸਚਾਈ ਤੋਂ ਵਾਕਫ ਨਾ ਹੋਣ ਕਾਰਨ ਉਹ ਇੰਦਰੀਆਂ ਦੇ ਰਸ ਅੰਦਰ ਮਗਨ ਰਹਿੰਦਾ ਹੈ ਤੇ ਪੰਜ ਵਿਕਾਰਾਂ ਤੋਂ ਪੱਲਾ ਛਡਾਉਣ ਵਿੱਚ ਅਸਫਲ ਹੋ ਜਾਂਦਾ ਹੈ। ਅਜਿਹੇ ਮਨੁੱਖ ਸਦਾ ਲਈ ਬਾਹਰਮੁੱਖੀ ਦ੍ਰਿਸ਼ਟੀ ਵਾਲੇ ਬਣੇ ਰਹਿੰਦੇ ਹਨ ਤੇ ਅੰਤਰਮੁਖੀ ਦ੍ਰਿਸ਼ਟੀ ਤੋਂ ਆਪਣਾ ਨਾਤਾ ਤੋੜ ਲੈਂਦੇ ਹਨ। ਨਾਸ਼ਮਾਨ ਸੰਸਾਰ ਦਾ ਇਹ ਮਨੁੱਖ ਅਖੀਰ ਨੂੰ ਦੁਖਾਂਤਕ ਮਨੁੱਖ ਹੋ ਨਿਬੜਦਾ ਹੈ। ਜਿਸ ਕੋਲ ਆਖਰੀ ਸੁਆਸਾਂ ਸਮੇਂ ਪਛਤਾਵੇ ਤੋਂ ਸਿਵਾ ਹੋਰ ਕੁਝ ਨਹੀਂ ਬਚਦਾ।

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ।।
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ।।[2]



ਰਜਿੰਦਰ ਕੌਰ
ਰਿਸਰਚ ਸਕਾਲਰ,
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜਦੋਂ ਜੀਵਨ ਬੀਤ ਜਾਂਦਾ ਹੈ, ਅਸੀਂ ਉਸ 'ਤੇ ਝਾਤ ਮਾਰਦੇ ਹਾਂ ਤਾਂ ਇੰਜ ਜਾਪਦਾ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ ਅਤੇ ਅੱਜ ਖ਼ਤਮ ਹੋ ਰਹੀ ਹੈ ਇਕ ਪਾਣੀ ਦੇ ਬੁਲਬੁਲੇ ਵਾਂਗ।[3] ਇਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਇਨ੍ਹਾਂ ਪਾਵਨ ਤੁਕਾਂ ਤੋਂ ਹੋ ਜਾਂਦੀ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।[4]

ਗੁਰੂ ਜੀ ਪਾਸ ਨਾਸ਼ਮਾਨਤਾ ਦੇ ਅਨੁਭਵ ਦਾ ਅੰਦੇਸ਼ਾ (ਤੌਖਲਾ) ਵੀ ਹੈ ਅਤੇ ਮਨੁੱਖਤਾ ਦੇ ਇਸ ਅਸਾਧ ਰੋਗ ਦਾ ਸਾਰਥਕ ਦਾਰੂ ਵੀ ਹੈ। ਸਤਿਗੁਰੂ ਸਮਰੱਥ ਪੁਰਸ਼ ਹੈ, ਉਹ ਰੋਗ ਤੋਂ ਵੀ ਜਾਣੂ ਹੈ ਤੇ ਇਲਾਜ ਤੋਂ ਵੀ। ਇਸ ਲਈ ਗੁਰੂ ਸਾਹਿਬ ਕੇਵਲ ਨਾਸ਼ਮਾਨਤਾ ਦੇ ਨਿਸ਼ੇਧਾਤਮਕ ਜਾਂ ਨਕਾਰਾਤਮਕ (negative) ਸੰਕਲਪ ਨੂੰ ਪੇਸ਼ ਕਰਨ ਵਿਚ ਹੀ ਆਪਣੇ ਆਪ ਨੂੰ ਸੀਮਿਤ ਨਹੀਂ ਕਰਦੇ, ਉਹ ਝੂਠ ਦੀ ਪ੍ਰਤੀਤੀ ਨੂੰ ਰੱਦ ਕਰਕੇ ਆਪਣੀ ਬਾਣੀ ਵਿਚ ਪਰਮਾਰਥਕ ਸਚਾਈ ਨੂੰ ਗ੍ਰਹਿਣ ਕਰਨ ਦੀ ਸ਼ਕਤੀਸ਼ਾਲੀ ਪ੍ਰੇਰਨਾ ਕਰਦੇ ਹਨ।[5]

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ।।
ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ।।[6]
ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।[7]

ਮਨੁੱਖੀ ਜੀਵਨ ਬਹੁਤ ਹੀ ਕੀਮਤੀ ਤੇ ਦੁਰਲੱਭ ਹੈ। ਸਾਰੀਆਂ ਜੂਨੀਆਂ ਵਿਚੋਂ ਮਨੁੱਖੀ ਜੂਨ ਨੂੰ ਅਕਾਲ-ਪੁਰਖ ਨੇ ਸਰਵੋਤਮ ਜੂਨੀ ਨਾਲ ਨਿਵਾਜ਼ਿਆ ਹੈ। ਮਨੁੱਖੀ ਜਨਮ ਦਾ ਕੋਈ ਗਹਿਰਾ ਰਹੱਸ ਤੇ ਖਾਸ ਮਕਸਦ ਹੈ। ਇੰਨ੍ਹੇ ਕੀਮਤੀ ਜੀਵਨ ਨੂੰ ਭਰਮ ਭੁਲੇਖਿਆਂ ਦੀਆਂ ਭਟਕਣਾਂ ਵਿਚ ਉਲਝਾਈ ਰੱਖਣਾ ਅਤਿ ਦੀ ਮੂਰਖਤਾ ਹੈ। ਪਰੰਤੂ ਦਰੁਸਤ ਆਸ਼ੇ ਨਾਲ ਗੁਰਮਤਿ ਦੇ ਰਾਹ ਤੇ ਚੱਲਕੇ ਆਪਣੇ ਮੁਕਾਮ ਨੂੰ ਪਾ ਲੈਣਾ ਹੀ ਮਨੁੱਖ ਲਈ ਸਭ ਤੋਂ ਵੱਡਾ ਪਵਿੱਤਰ ਕਾਰਜ ਹੈ। ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਇਹ ਆਪਣੀ ਚਾਲ ਚਲਦਾ ਰਹਿੰਦਾ ਹੈ। ਸੋ ਗੁਰੂ ਜੀ ਅਨੁਸਾਰ ਬਿਨ੍ਹਾਂ ਸਮਾਂ ਗਵਾਏ ਅਕਾਲ ਪੁਰਖ ਦੀ ਅਰਾਧਨਾ ਕਰਨ ਵਿਚ ਵਿਸ਼ਵਾਸ ਰੱਖਣਾ ਹੀ ਕੀਮਤੀ ਗੱਲ ਹੈ। ਕਿਉਂ ਜੋ ਮੌਤ ਕਿਸੇ ਪਲ ਵੀ ਇਸ ਕੀਮਤੀ ਅਵਸਰ ਨੂੰ ਮਨੁੱਖਤਾ ਪਾਸੋਂ ਖੋਹ ਸਕਦੀ ਹੈ। ਜਿਸ ਤੋਂ ਸੁਚੇਤ ਰਹਿਣ ਦੀ ਗੱਲ ਗੁਰੂ ਸਾਹਿਬ ਜੀ ਬਾਣੀ ਵਿਚ ਇਸ ਤਰ੍ਹਾਂ ਕਰਦੇ ਹਨ:

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।।
ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ।।[8]

ਨੌਵੇਂ ਮਹਲੇ ਦੀ ਬਾਣੀ ਵਿਚ ਨਾਸ਼ਮਾਨਤਾ ਦਾ ਅਧਿਕ ਵਰਣਨ ਦੇਖ ਕੇ ਹੈਰਾਨੀ ਹੁੰਦੀ ਹੈ। ਕੀ ਵਿਸ਼ਵ ਵਾਕਿਆ ਹੀ ਮਿਥਿਆ ਹੈ? ਗੁਰਬਾਣੀ ਵਿਚ ਕਈ ਵਾਰ ਨਿਰੰਕਾਰ ਤੋਂ ਛੁੱਟ, ਉਸ ਦੀ ਕਾਰ ਤੇ ਉਸ ਦੀ ਰਚਨਾ ਨੂੰ ਭੀ ਸੱਚ ਕਿਹਾ ਹੈ, ਪਰ ਸ੍ਰੀ ਗੁਰੂ ਤੇਗ ਬਹਾਦਰ ਇਕ ਥਾਂ ਸੱਚ ਕੇਵਲ ਨਿਰੰਕਾਰ ਨੂੰ ਕਹਿੰਦੇ ਹਨ :[9]

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।।[10]

ਸ੍ਰੀ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮਿਥਿਆਵਾਦ ਜਾਂ ਨਾਸ਼ਮਾਨਤਾ ਦਾ ਪ੍ਰਕਰਣ ਬ੍ਰਹਮ ਗਿਆਨੀ ਦੇ ਪੱਧਰ ਦਾ ਅਨੁਭਵ ਨਹੀਂ, ਇਹ ਸਾਧਾਰਨ ਮਨੁੱਖ ਨੂੰ ਉਪਦੇਸ਼ ਦੇਣ ਲਈ ਹੈ। ਇਹ ਉਸ ਵਿਚ ਵੈਰਾਗ ਭਾਵਾਂ ਦਾ ਮੁੱਢ ਬੰਨ੍ਹਦਾ ਹੈ। ਨਾਸ਼ਮਾਨਤਾ ਵੈਰਾਗ ਦਾ ਉਪਰਾਮਤਾ ਵਾਲਾ ਅੰਗ ਬਲਵਾਨ ਕਰਦੀ ਹੈ। ਗੁਰੂ ਸਾਹਿਬ ਉਪਰਾਮਤਾ ਭਾਵ ਜਗਾ ਕੇ ਆਪਣੇ ਸਾਧਕ ਦੇ ਮਨ ਵਿਚ ਐਸੀ ਧਰਤੀ ਤਿਆਰ ਕਰ ਲੈਂਦੇ ਹਨ, ਜਿਸ ਵਿਚ ਨਾਮ ਦਾ ਅਥਵਾ ਨਿਰੰਕਾਰ ਦੇ ਪ੍ਰੇਮ ਦਾ ਬੀਜ ਪਾਉਣਾ ਆਸਾਨ ਹੋ ਜਾਂਦਾ ਹੈ। ਜਦ ਤਕ ਮਨੁੱਖ ਦੀ ਬਿਰਤੀ ਸੰਸਾਰੀ ਝਮੇਲਿਆਂ ਵਿਚ ਡੂੰਘੀ ਤਰ੍ਹਾਂ ਲਿਪਾਇਮਾਨ ਹੈ, ਉਹ ਆਤਮਾ ਜਾਂ ਪਰਮਾਤਮਾ ਦੀ ਗੱਲ ਨਹੀਂ ਸੁਣੇਗਾ, ਬਲਕਿ ਇਨ੍ਹਾਂ ਦੀ ਹਕੀਕਤ ਮੰਨਣ ਤੋਂ ਹੀ ਸਿਰ ਫੇਰੇਗਾ, ਜਿਸ ਦੇ ਅੰਦਰ ਆਤਮਿਕ ਸੱਚ ਦੀ ਲਗਨ ਜਾਗ ਪਵੇ, ਉਸ ਨੂੰ ਦੁਨੀਆਂ ਦੇ ਝੰਮੇਲੇ ਬਹੁਤੇ ਭਾਉਂਦੇ ਨਹੀਂ। ਉਹ ਆਪ ਹੀ ਨਾਸ਼ਮਾਨਤਾ ਦਾ ਪ੍ਰਕਰਣ ਬਾਰ ਬਾਰ ਛੇੜ ਕੇ ਆਪਣੇ ਮਨ ਨੂੰ ਵੈਰਾਗ ਦੇ ਨੇੜੇ ਲਿਜਾਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਜਿਹੇ ਪਾਠਕਾਂ ਨੂੰ ਹੀ ਸੰਬੋਧਿਤ ਹੈ।[11]

ਦ੍ਰਿਸ਼ਟਮਾਨ ਸਭ ਨਾਸ਼ਵਾਨ ਹੈ, ਬਿਨਸਨਹਾਰ ਹੈ, ਇਹ ਰੋਜ਼ਾਨਾ ਤਜਰਬੇ ਦੀ ਗੱਲ ਹੈ ਪਰ ਮੰਨਦਾ ਕੋਈ ਨਹੀਂ। ਸਰੀਰ ਰੋਜ਼ ਬਿਨਸਦੇ ਹਨ, ਨਿਸ਼ਚੇ ਹੀ ਝੂਠ ਹਨ, ਪਰ ਮੰਨਦਾ ਕੋਈ ਨਹੀਂ। ਜਦੋਂ ਇਹ ਮੰਨਿਆ ਜਾਂਦਾ ਹੈ ਤਦ ਉਪਰਾਮਤਾ ਤੇ ਵੈਰਾਗ ਉਪਜਦੇ ਹਨ। ਮਾਇਆ ਦਾ ਹਰ ਰੂਪ ਸੁਪਨਾ ਹੈ, ਬਾਰੂ ਭੀਤ ਹੈ :[12]

ਰੇ ਨਰ ਇਹ ਸਾਚੀ ਜੀਅ ਧਾਰਿ।।
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।।ਰਹਾਉ।।
ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।।
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ।।[13]

ਗੁਰੂ ਸਾਹਿਬ ਜੀ ਨੇ ਜਗਤ ਨੂੰ ਧੂੰਏ ਦੇ ਸਮਾਨ ਦੱਸ ਕੇ ਜਗਤ ਦੀ ਨਾਸ਼ਮਾਨਤਾ ਨੂੰ ਪ੍ਰਗਟ ਕੀਤਾ ਹੈ।

ਇਹੁ ਜਗੁ ਧੂਏ ਕਾ ਪਹਾਰ।।
ਤੈ ਸਾਚਾ ਮਾਨਿਆ ਕਿਹ ਬਿਚਾਰਿ।।[14]

ਜਿਸ ਤਰ੍ਹਾਂ ਧੂੰਆ ਆਪਣੇ ਪਸਾਰ ਤੇ ਆਕਾਰ ਨਾਲ ਬਹੁਲਤਾ ਦਾ ਪ੍ਰਭਾਵ ਪਾਉਂਦਾ ਹੈ, ਪਰ ਅਸਲ ਵਿਚ ਉਸਦਾ ਆਪਣਾ ਕੋਈ ਅਸਤਿਤਵ ਨਹੀਂ, ਉਹ ਬੱਦਲਾਂ ਵਾਂਗ ਝੱਟ ਗਾਇਬ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਗੁਰੂ ਜੀ ਨੇ ਜਗਤ ਲਈ 'ਬੱਦਲ' ਦਾ ਰੂਪਕ ਵੀ ਵਰਤਿਆ ਹੈ:

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।।
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।।[15]

ਉਹ ਹੀ ਸੁਖਦਾਈ ਹੋ ਸਕਦਾ ਹੈ ਜੋ ਸਥਿਰ ਹੈ, ਸੁਖ ਦਾ ਸੋਮਾ ਹੈ, ਸਾਰੇ ਗੁਣਾਂ ਤੇ ਪਦਾਰਥਾਂ ਦਾ ਆਧਾਰ ਹੈ। ਐਸੀ ਸ਼ਕਤੀ ਕੇਵਲ ਭਗਵੰਤ ਹੀ ਹੈ। ਸੰਪਤੀ, ਵਿਸ਼ੇ, ਧਨ, ਤਨ ਸਭ ਬੱਦਲ ਦੀ ਛਾਂ ਵਾਂਗ ਬਿਨਸਨਹਾਰ ਹਨ। ਭਗਵੰਤ ਦੀ ਪ੍ਰਾਪਤੀ ਸੰਤਾਂ ਦੀ ਸੰਗਤ ਵਿਚ ਹੀ ਹੁੰਦੀ ਹੈ। ਅਭਿਮਾਨ ਤਿਆਗ ਕੇ ਸੰਤ ਦੀ ਸਰਣ ਵਿਚ ਜਾਣਾ ਉੱਚਿਤ ਹੈ।[16] ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾਂ ਗੁਰੂ ਸਾਹਿਬ ਦੀਆਂ ਇਨ੍ਹਾਂ ਪਾਵਨ ਤੁਕਾਂ ਤੋਂ ਹੋ ਜਾਂਦੀ ਹੈ:

ਕਹਾ ਮਨ ਬਿਖਿਆ ਸਿਉ ਲਪਟਾਹੀ।।
ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ।।ਰਹਾਉ।।
ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ।।
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ।।
ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ।।
ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ।।[17]

ਜਗਤ ਦੀ ਅਸਾਰਤਾ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਮਾਣਿਕ ਤੇ ਪ੍ਰਤੀਨਿਧ ਰੂਪਕ ਸੁਪਨੇ ਦਾ ਹੈ, ਜਿਸ ਨੂੰ ਬਾਰ ਬਾਰ ਵਰਤਿਆ ਹੈ। ਰਾਤ ਵੇਲੇ ਸੁਪਨੇ ਦੀ ਲੀਲ੍ਹਾ ਮਨੁੱਖ ਨੂੰ ਯਥਾਰਥ ਜਾਪਦੀ ਹੈ, ਪਰ ਜਾਗਣ ਤੇ ਉਹ ਸਭ ਲੀਲ੍ਹਾ ਮਿਥਿਆ ਤੇ ਵਿਅਰਥ ਸਿੱਧ ਹੁੰਦੀ ਹੈ, ਜਿਸ ਨੂੰ ਉਹ ਸੁਪਨਾ ਕਹਿ ਕੇ ਰੱਦ ਕਰ ਦੇਂਦਾ ਹੈ ਤੇ ਭੁੱਲ ਜਾਂਦਾ ਹੈ। ਇਹੋ ਹਾਲ ਜਗਤ ਦਾ ਹੈ।[18] ਪਰੰਤੂ ਹਰੀ ਜੋ ਨਿਹਚਲ ਹੈ, ਸਦਾ ਸਥਿਰ ਹੈ, ਜੋ ਹਰ ਵਖ਼ਤ ਨਾਲ ਵੱਸਦਾ ਹੈ। ਦਿਨ ਰਾਤ ਉਸਦੀ ਅਰਾਧਨਾ ਕਰਨੀ ਚਾਹੀਦੀ ਹੈ। ਇਸ ਪ੍ਰਥਾਇ ਗੁਰ ਫ਼ਰਮਾਨ ਹੈ:

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ।।
ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ।।

ਸਮ ਸੁਪਨੈ ਕੈ ਇਹੁ ਜਗੁ ਜਾਨੁ।।
ਬਿਨਸੈ ਛਿਨ ਮੈ ਸਾਚੀ ਮਾਨੁ।।
ਸੰਗਿ ਤੇਰੈ ਹਰਿ ਬਸਤ ਨੀਤ।।
ਨਿਸ ਬਾਸੁਰ ਭਜੁ ਤਾਹਿ ਮੀਤ।।[20]



ਗੁਰੂ ਸਾਹਿਬ ਜੀ ਨੇ ਜਨ ਸਧਾਰਨ ਦੀ ਸਮਝ ਹਿੱਤ ਜਗਤ ਦੀ ਹੋਂਦ ਨੂੰ ਨਾਸ਼ਮਾਨ ਸਿੱਧ ਕਰਨ ਲਈ ਜਗਤ ਨੂੰ 'ਰੇਤ ਦੀ ਕੰਧ' ਦੇ ਸਮਾਨ ਕਹਿ ਕੇ ਬਾਣੀ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।[21]

ਸਮਾਂ ਗਤੀਸ਼ੀਲ ਹੈ। ਇਹ ਵੀ ਸਥਿਰ ਨਹੀਂ ਹੈ। ਭੂਤ ਕਾਲ ਉਹ ਸਮਾਂ ਹੈ ਜੋ ਬੀਤ ਚੁਕਿਆ ਹੈ, ਜਿਸਨੇ ਮੁੜ ਕਦੇ ਵਾਪਿਸ ਨਹੀਂ ਆਉਣਾ। ਭਵਿੱਖ ਨੂੰ ਕਿਸੇ ਨੇ ਵੇਖਿਆ ਨਹੀਂ ਹੈ। ਵਰਤਮਾਨ ਉਹ ਸਮਾਂ ਹੈ ਜੋ ਹੁਣ ਗੁਜ਼ਰ ਰਿਹਾ ਹੈ। ਸੋ ਗੁਰੂ ਜੀ ਨੇ ਸਮੇਂ ਦੇ ਨਿਰੰਤਰ ਬੀਤਣ ਅਤੇ ਇਸ ਨਾਲ ਵਾਪਰ ਰਹੀ ਮਾਨਵ ਦੀ ਦੁਖਾਂਤਮਈ ਨਾਸ਼ਮਾਨਤਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ।।
ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ।।[22]

ਮਨੁੱਖੀ ਜਿਸਮ ਜੋ ਆਤਮਾ ਦੇ ਨਾਲ ਹੀ ਉਪਜਿਆ ਹੈ, ਇਹ ਵੀ ਲੰਮੇ ਸਮੇਂ ਲਈ ਆਤਮਾ ਦਾ ਵਫਾਦਾਰ ਬਣਕੇ ਨਹੀਂ ਰਹਿ ਸਕਦਾ। ਕਿਉਂਕਿ ਆਤਮਾ ਅਮਰ ਹੁੰਦੀ ਹੈ ਪਰ ਜਿਸਮ ਨਾਸ਼ਮਾਨ ਹੁੰਦਾ ਹੈ। ਸੋ ਬੇਪਰਵਾਹੀ ਵਿਚ ਸੁੱਤੇ ਗਾਫਲ ਮਨ ਲਈ ਗਿਆਨ ਪ੍ਰਤੀ ਹੋਸ਼ ਵਿੱਚ ਆਉਣਾ ਬਹੁਤ ਜ਼ਰੂਰੀ ਹੈ। ਜਿਨ੍ਹਾਂ ਪੰਜ ਤੱਤਾਂ ਤੋਂ ਇਸਦਾ ਨਿਰਮਾਣ ਹੁੰਦਾ ਹੈ। ਉਹ ਸਭ ਨਾਸ਼ਮਾਨ ਹਨ। ਸਮਾਂ ਆਉਣ ਤੇ ਜਿਸਮ ਨਸ਼ਟ ਹੋ ਜਾਂਦਾ ਹੈ ਤੇ ਇਹ ਪੰਜ ਤੱਤ ਬਿਖਰ ਜਾਂਦੇ ਹਨ।

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ।।
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।।[23]

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।।
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ।।[24]

ਦੁਨੀਆ ਅੰਦਰ ਜੋ ਕੁਝ ਵੀ ਜਨਮਦਾ ਹੈ, ਉਹ ਸਮਾਂ ਬੱਧ ਤੇ ਸੀਮਾ ਬੱਧ ਹੁੰਦਾ ਹੈ। ਉਸਦੀ ਇਕ ਅਉਧ (ਆਯੂ) ਜਾਂ ਮਿਆਦ ਹੁੰਦੀ ਹੈ। ਇਹ ਜਿਸਮ ਜਨਮ ਲੈਣ ਸਾਰ ਹੀ ਮੌਤ ਵੱਲ ਦਾ ਸਫ਼ਰ ਤੈਅ ਕਰਨਾ ਸ਼ੁਰੂ ਕਰ ਦਿੰਦਾ ਹੈ। ਪਰੰਤੂ ਮਨਮੁੱਖ ਇਨਸਾਨ ਸਮਝਦਾ ਹੈ ਕਿ ਉਸਦਾ ਜੀਵਨ ਵਿਕਾਸ ਕਰ ਰਿਹਾ ਹੈ ਤੇ ਉਹ ਵੱਡੀ ਉਮਰ ਦਾ ਹੋ ਰਿਹਾ ਹੈ। ਪਰ ਉਹ ਇਸ ਹਕੀਕਤ ਤੋਂ ਅਣਜਾਣ ਹੁੰਦਾ ਹੈ ਕਿ ਛਿਨ ਛਿਨ ਕਰਕੇ ਉਸਦੀ ਅਉਧ ਘੱਟਦੀ ਜਾ ਰਹੀ ਹੈ। ਸੋ ਆਤਮਿਕ ਅਵਸਥਾ ਪ੍ਰਾਪਤ ਕਰਨ ਲਈ ਪਰਮਾਤਮਾ ਦਾ ਚਿੰਤਨ ਕਰਨਾ ਲਾਜ਼ਮੀ ਹੈ। ਇਸ ਪ੍ਰਥਾਏ ਗੁਰ ਫ਼ਰਮਾਨ ਹੈ:

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ।।
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ।।[25]

ਮਨੁੱਖ ਦੀ ਸਥਿਤੀ ਆਪਣੇ ਚੋਗਿਰਦੇ ਨਾਲ ਇਸ ਤਰ੍ਹਾਂ ਬੱਝੀ ਹੋਈ ਹੈ ਕਿ ਉਸਨੂੰ ਆਪਣੇ ਸਾਕ ਸਨੇਹੀ ਬਹੁਤ ਪਿਆਰੇ ਲੱਗਦੇ ਹਨ। ਉਹ ਆਪਣਾ ਕੀਮਤੀ ਸਮਾਂ ਸਾਕ ਸਨੇਹੀਆਂ ਨੂੰ ਸਦੀਵੀ ਮੰਨਣ ਦੇ ਵਿਸ਼ਵਾਸ ਵਿੱਚ ਲਗਾਕੇ ਵਿਅਰਥ ਕਰ ਲੈਂਦਾ ਹੈ। ਜਦ ਕਿ ਇਹ ਸਭ ਮੋਹ ਮਾਇਆ ਦਾ ਰੂਪ ਹੈ। ਦੁਨਿਆਵੀ ਪਦਾਰਥਾਂ ਵੱਲ ਉਹ ਛੇਤੀ ਹੀ ਆਕਰਸ਼ਿਤ ਹੋ ਜਾਂਦਾ ਹੈ। ਜਵਾਨੀ, ਧਨ, ਤਾਕਤ ਦੇ ਨਸ਼ੇ ਵਿਚ ਜਗਤ ਦਿਨ ਰਾਤ ਝੱਲਾ ਹੋਇਆ ਰਹਿੰਦਾ ਹੈ ਜੋ ਕਿ ਸਮੁੱਚੇ ਰੂਪ ਵਿੱਚ ਮਾਇਆ ਦਾ ਹੀ ਵਰਤਾਰਾ ਹੈ। ਅਜਿਹੇ ਵਰਤਾਰੇ ਤੋਂ ਰੱਬੀ ਅਰਾਧਨਾ ਕਰਨ ਵਾਲਾ ਕੋਈ ਵਿਰਲਾ ਹੀ ਬਚ ਪਾਉਂਦਾ ਹੈ। ਜਗਤ ਦਾ ਸਾਰਾ ਅਡੰਬਰ ਮੂਲੋਂ ਹੀ ਨਾਸ਼ਮਾਨ ਹੈ। ਮਨੁੱਖੀ ਜਿਸਮ ਨਾਲ ਜੁੜੇ ਸਾਰੇ ਦੁਨਿਆਵੀ ਸਾਕ ਸੰਬੰਧ ਵਿਅਰਥ ਹਨ।

ਸਾਧੋ ਇਹੁ ਜਗੁ ਭਰਮ ਭੁਲਾਨਾ।।
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ।।ਰਹਾਉ।।
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ।।
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ।।[26]

ਮਨ ਵਿਚ ਇਸ ਗੱਲ ਨੂੰ ਪੱਕੀ ਕਰ ਕੇ ਸਮਝ ਲੈਣਾ ਚਾਹੀਦਾ ਹੈ ਕਿ ਦ੍ਰਿਸ਼ਟਮਾਨ ਜਗਤ ਕੇਵਲ ਆਪਣੇ ਹੀ ਸੁੱਖਾਂ ਨਾਲ ਬੱਝਿਆ ਹੋਇਆ ਹੈ। ਸੋ ਸੁੱਖ ਦੀ ਘੜੀ ਵਿੱਚ ਅਕਸਰ ਮਨੁੱਖ ਦਾ ਚੋਗਿਰਦਾ ਭਰਿਆ ਰਹਿੰਦਾ ਹੈ। ਪਰ ਜਿਵੇਂ ਹੀ ਬਿਪਤਾ ਆਣ ਘੇਰਦੀ ਹੈ ਤਾਂ ਆਪਣੇ ਸੰਗ ਕੋਈ ਵੀ ਨਜ਼ਰ ਨਹੀਂ ਆਉਂਦਾ। ਇੱਥੋਂ ਤੱਕ ਕਿ ਘਰ ਦੀ ਨਾਰ ਜਿਸ ਨਾਲ ਬਹੁਤ ਪਿਆਰ ਹੁੰਦਾ ਹੈ, ਵੀ ਆਤਮਾ ਦੁਆਰਾ ਦੇਹ ਨੂੰ ਛੱਡ ਜਾਣ ਉਪਰੰਤ ਪਰੇ ਹਟ ਜਾਂਦੀ ਹੈ। ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਇਨ੍ਹਾਂ ਤੁਕਾਂ ਤੋਂ ਹੋ ਜਾਂਦੀ ਹੈ:

ਪ੍ਰੀਤਮ ਜਾਨਿ ਲੇਹੁ ਮਨ ਮਾਹੀ।।
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ।।ਰਹਾਉ।।
ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।।
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।।
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ।।
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ।।[27]

ਜਿਹੜਾ ਅਧਿਆਤਮਵਾਦੀ ਮਨੁੱਖ ਦ੍ਰਿਸ਼ਟਮਾਨ ਜਗਤ ਨੂੰ ਨਾਸ਼ਮਾਨ ਕਹਿਣ ਲਈ ਰੁਚਿਤ ਹੈ ਉਸ ਦੇ ਮਨ ਅੰਦਰ ਪਹਿਲੋਂ ਹੀ ਅਦ੍ਰਿਸ਼ਟ ਜਗਤ ਲਈ ਕੁਝ ਖਿਚ ਮੌਜੂਦ ਹੁੰਦੀ ਹੈ। ਉਹ ਦ੍ਰਿਸ਼ਟਮਾਨ ਨੂੰ ਨਾਸ਼ਮਾਨ ਨਿਸ਼ਚਿਤ ਕਰਕੇ ਇਸ ਵਲੋਂ ਉਪਰਾਮ ਨਹੀਂ ਹੁੰਦਾ, ਉਪਰਾਮਤਾ ਦਾ ਝੁਕਾ ਉਸ ਵਿਚ ਪਹਿਲੋਂ ਹੀ ਮੌਜੂਦ ਹੁੰਦਾ ਹੈ। ਜੇ ਜਗਤ ਦੀ ਪਰਿਵਰਤਨਸ਼ੀਲਤਾ ਨੂੰ ਬੌਧਿਕ ਤੌਰ ਉੱਤੇ ਸਮਝਿਆਂ ਇਸ ਤੋਂ ਉਪਰਾਮਤਾ ਜਾਗਦੀ ਹੋਵੇ ਤਾਂ ਇਹ ਭੌਤਿਕਵਾਦੀਆਂ ਤੇ ਅਧਿਆਤਮਵਾਦੀਆਂ ਵਿਚ ਇੱਕੋ ਜਿਹੀ ਉਪਜਣੀ ਚਾਹੀਏ। ਭੌਤਿਕਵਾਦੀਆਂ ਵਿਚ ਇਹ ਨਹੀਂ ਜਾਗਦੀ ਕਿਉਂਕਿ ਉਨ੍ਹਾਂ ਅੰਦਰ ਅਦ੍ਰਿਸ਼ਟ ਲਈ ਅਚੇਤ ਜਾਂ ਸੁਚੇਤ ਕੋਈ ਖਿੱਚ ਨਹੀਂ ਹੁੰਦੀ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਅਦ੍ਰਿਸ਼ਟ ਲਈ ਖਿੱਚ ਦ੍ਰਿਸ਼ਟਮਾਨ ਨੂੰ ਨਾਸ਼ਮਾਨ ਨਿਸ਼ਚੇ ਕਰ ਲੈਣ ਦਾ ਫਲ ਨਹੀਂ, ਬਲਕਿ ਅਦ੍ਰਿਸ਼ਟ ਦੀ ਖਿੱਚ ਦ੍ਰਿਸ਼ਟਮਾਨ ਨੂੰ ਨਾਸ਼ਮਾਨ ਪ੍ਰਤੀਤ ਕਰਨ ਦਾ ਕਾਰਨ ਹੈ। ਅਦ੍ਰਿਸ਼ਟ ਲਈ ਇਹ ਖਿੱਚ ਅਧਿਆਤਮਵਾਦੀਆਂ ਵਿਚ ਕਿਉਂ ਜਾਗਦੀ ਹੈ ਤੇ ਭੌਤਿਕਵਾਦੀਆਂ ਵਿਚ ਕਿਉਂ ਨਹੀਂ? ਇਸ ਪ੍ਰਸ਼ਨ ਦਾ ਉੱਤਰ ਗੁੰਝਲਦਾਰ ਹੈ।[28]

ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪ੍ਰੀਵਰਤਨ (flux) ਹੈ। ਕੋਈ ਵਸਤੂ ਸੰਸਾਰ ਵਿਚ ਇਕ ਪਲ ਤੋਂ ਵਧ ਸਥਿਰਤਾ ਨਹੀਂ ਰਖਦੀ ਅਤੇ ਹਰ ਪਲ ਹਰ ਛਿਣ ਚਲੰਤ ਹੈ। ਇਸ ਲਈ ਸਥਿਰਤਾ ਦਾ ਮੂਲੋਂ ਹੀ ਅਭਾਵ ਹੈ। ਸਥਿਰਤਾ ਕੇਵਲ ਪਰਮਾਤਮਾ ਅਤੇ ਉਸ ਦੇ ਨਾਮ ਵਿਚ ਹੀ ਹੈ। ਇਹ ਵਿਚਾਰ ਯੂਨਾਨੀ ਦਾਰਸ਼ਨਿਕ ਹਰੈਕਲਾਇਟਸ (Heraclitus) ਦੇ ਸਮੇਂ ਤੋਂ ਹੀ ਸੰਸਾਰ ਸਾਹਿਤ ਵਿਚ ਪ੍ਰਚਲਤ ਹੈ ਜਾਂ ਮਹਾਤਮਾ ਬੁੱਧ ਦੇ ਸਮੇਂ ਤੋਂ ਹੈ। ਗੁਰੂ ਸਾਹਿਬ ਏਸੇ ਸਚਾਈ ਨੂੰ ਸਪਸ਼ਟ ਤੇ ਜ਼ੋਰਦਾਰ ਸ਼ਬਦਾਂ ਵਿਚ ਅੰਕਿਤ ਕਰਦੇ ਹਨ:[29]

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।।
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ।।
ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।।
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।।[30]

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਰਮਾਤਮਾ ਜੋ ਸਦੀਵੀ ਹੈ, ਜੋ ਸਮੇਂ ਤੋਂ ਰਹਿਤ ਹੈ, ਜੋ ਕਿਸੇ ਸੀਮਾ ਅੰਦਰ ਨਹੀਂ ਆਉਂਦਾ ਹੀ ਸੱਚ ਹੈ। ਬਾਕੀ ਸਾਰਾ ਜਗਤ, ਮਨੁੱਖੀ ਜੀਵਨ ਤੇ ਸਰੀਰ ਆਦਿ ਸਿਰਫ਼ ਮਿਥਿਆ ਹੈ।

ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ।।[31]

ਸੰਸਾਰ ਥਿਰ ਨਹੀਂ ਹੈ, ਅਸਤਿ ਹੈ, ਨਾਸ਼ਵਾਨ ਹੈ। ਪਰ ਪ੍ਰਭੂ ਥਿਰ ਹੈ, ਸਤਿ ਹੈ, ਅਬਿਨਾਸ਼ੀ ਹੈ। ਇਸ ਲਈ ਉਸ ਦਾ ਨਾਮ ਥਿਰ ਹੈ, ਸਤਿ ਹੈ, ਅਬਿਨਾਸ਼ੀ ਹੈ। ਇਸ ਲਈ ਨਾਮ ਦਾ ਸਿਮਰਨ ਵੀ ਥਿਰ ਹੈ, ਸਤਿ ਹੈ, ਅਬਿਨਾਸ਼ੀ ਹੈ। ਹਰ ਕੋਈ ਚੀਜ਼ ਜੀਵ ਦੀ ਸਹਾਈ ਨਹੀਂ ਹੋ ਸਕਦੀ।[32] ਕੇਵਲ ਥਿਰ ਤੇ ਸਤਿ ਰੂਪ ਭਗਤੀ ਹੀ ਸਹਾਈ ਹੋ ਸਕਦੀ ਹੈ। ਇਸ ਪ੍ਰਥਾਏ ਗੁਰ ਫ਼ਰਮਾਨ ਹੈ:

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ।।
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ।।[33]

(ਬਾਕੀ ਅਗਲੇ ਸਫੇ 'ਤੇ)

# "ਇਤਿਹਾਸ ਨਾਲ ਛੇੜਛਾੜ" ਕੌਣ ਕਰ ਰਿਹਾ ਹੈ?



ਸਰਵਜੀਤ ਸਿੰਘ ਸੈਕਰਾਮੈਂਟੋ

ਪਿਛਲੇ ਹਫ਼ਤੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਿਤ ਦੋ ਬਹੁਤ ਹੀ ਅਹਿਮ ਦਿਹਾੜੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਸਿੱਖ ਕੌਮ ਵੱਲੋਂ ਬੜੇ ਉਤਸ਼ਾਹ ਨਾਲ ਮਨਾਏ ਗਏ ਹਨ। ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਵਿੱਚ ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਕਈ ਲੇਖ ਛਪੇ ਅਤੇ ਸੋਸ਼ਲ ਮੀਡੀਏ ਉੱਪਰ ਵੀ ਕਈ ਦਿਨ ਚਰਚਾ ਚਲਦੀ ਰਹੀ। ਖਾਸ ਤੌਰ ਤੇ ਦਰਬਾਰ ਸਾਹਿਬ ਵਿਖੇ ਵਿਦੇਸ਼ੀ ਫੁੱਲਾਂ ਨਾਲ ਕੀਤੀ ਗਈ ਸਜਾਵਟ ਦੀ, ਜਿਨ੍ਹਾਂ ਦੀ ਕੀਮਤ ਅਖ਼ਬਾਰਾਂ ਵੱਲੋਂ ਕਈ ਕਰੋੜ ਰ: ਦੱਸੀ ਗਈ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਗਏ ਬਿਕ੍ਰਮੀ ਕੈਲੰਡਰ ਮੁਤਾਬਕ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ 12 ਭਾਦੋਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ 14 ਭਾਦੋਂ ਦਾ ਦਰਜ ਹੋਣ ਕਾਰਨ ਕਈ ਸੱਜਣਾਂ ਵੱਲੋਂ ਇਹ ਸਵਾਲ ਵੀ ਆਇਆ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ? ਸ਼੍ਰੋਮਣੀ ਕਮੇਟੀ ਦਾ ਕੈਲੰਡਰ ਵੇਖ ਕੇ ਤਾਂ ਇਹ ਸਵਾਲ ਕਰਨਾ ਜਾਇਜ਼ ਹੀ ਹੈ। ਪਰ ਇਸ ਦਾ ਅਸਲ ਕਾਰਨ ਇਹ ਹੈ ਕਿ, ਪਹਿਲਾ ਪ੍ਰਕਾਸ਼ ਦਿਵਸ, ਗੁਰੂ ਅਰਜਨ ਦੇਵ ਜੀ ਵੱਲੋਂ ਰਾਮਸਰ ਦੇ ਰਮਣੀਕ ਅਸਥਾਨ ਤੇ ਲਿਖਵਾਈ ਗਈ ਅਤੇ ਭਾਈ ਗੁਰਦਾਸ ਜੀ ਵੱਲੋਂ ਲਿਖੀ ਗਈ ਉਸ ਪਾਵਨ ਬੀੜ ਦਾ ਸੀ,ਜਿਸਦਾ ਪਹਿਲਾ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ ਸੀ।ਇਸ ਆਦਿ ਬੀੜ ਦੇ ਲਿਖੇ ਜਾਣ ਦੀ ਤਾਰੀਖ਼,ਇੱਕ ਭਾਦੋਂ, ਭਾਦੋਂ ਵਦੀ ਏਕਮ, ਸੰਮਤ 1661 ਬਿਕ੍ਰਮੀ ਮੰਨੀ ਗਈ ਹੈ। ਇਸ ਬੀੜ ਦਾ ਪਹਿਲਾ ਪ੍ਰਕਾਸ਼ 17 ਭਾਦੋਂ, ਭਾਦੋਂ ਸੁਦੀ ਏਕਮ, ਸੰਮਤ 1661 ਬਿਕ੍ਰਮੀ ਨੂੰ ਦਰਬਾਰ ਸਾਹਿਬ ਵਿਖੇ ਕੀਤਾ ਗਿਆ ਸੀ। 'ਸੰਪੂਰਨਤਾ ਦਿਵਸ ਗੁਰੂ ਗ੍ਰੰਥ ਸਾਹਿਬ ਜੀ',ਉਹ ਦਿਹਾੜਾ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ, ਤਲਵੰਡੀ ਸਾਬੋ (ਤਖਤ ਦਮਦਮਾ ਸਾਹਿਬ) ਵਿਖੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਸੰਪੂਰਨ ਕੀਤਾ ਸੀ। ਇਹ ਦਿਹਾੜਾ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਪ੍ਰਵਿਸ਼ਟਿਆਂ ਮੁਤਾਬਕ, 14 ਭਾਦੋਂ ਨੂੰ ਮਨਾਇਆ ਜਾਂਦਾ ਹੈ। ਪਰ ਪੋਥੀ ਸਾਹਿਬ ਦਾ ਪਹਿਲਾ ਪ੍ਰਕਾਸ਼ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ, ਭਾਦੋਂ ਸੁਦੀ ਏਕਮਨੂੰ ਮਨਾਇਆ ਜਾਂਦਾ ਹੈ। ਇਸ ਕਾਰਨ ਇਸ ਦਿਹਾੜੇ ਦਾ ਪ੍ਰਵਿਸ਼ਟਾ ਅਤੇ ਤਾਰੀਖ ਹਰ ਸਾਲ ਬਦਲਦੀ ਰਹਿੰਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿੱਚ ਪਿਛਲੇ ਸਾਲ ਇਹ ਦਿਹਾੜਾ 23 ਭਾਦੋਂ (7 ਸਤੰਬਰ) ਦਾ ਦਰਜ ਸੀ, ਇਸ ਸਾਲ 12 ਭਾਦੋਂ (28 ਅਕਤੂਬਰ) ਅਤੇ ਅਗਲੇ ਸਾਲ 31 ਭਾਦੋਂ(16 ਸਤੰਬਰ) ਹੋਵੇਗਾ। ਜਦੋਂ ਕਿ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਮਨਾਉਣ ਕਾਰਨ ਹਰ ਸਾਲ 14 ਭਾਦੋਂ ਦਾ ਹੀ ਦਰਜ ਹੁੰਦਾ ਹੈ।(ਅਸਲ ਵਿੱਚ ਇਹ ਪ੍ਰਵਿਸ਼ਟਾ 15 ਭਾਦੋਂ ਹੈ। 15 ਭਾਦੋਂ, ਭਾਦੋਂ ਵਦੀ 3, ਸੰਮਤ 1763 ਬਿਕ੍ਰਮੀ, ਦਿਨ ਵੀਰਵਾਰ, 15 ਅਗਸਤ 1706 ਈ: ਜੂਲੀਅਨ)

ਕਈ ਸੱਜਣਾਂ ਨੂੰ ਵਦੀ-ਸੁਦੀ, ਪ੍ਰਵਿਸ਼ਟੇ, ਜੂਲੀਅਨ ਤੇ ਗਰੈਗੋਰੀਅਨ ਵਿੱਚ ਫਰਕ ਅਤੇ ਇਕ ਦੂਜੇ ਵਿੱਚ ਬਦਲੀ ਕਰਨ ਦੀ ਜਾਣਕਾਰੀ ਨਾ ਹੋਣ ਕਾਰਨ, ਕਈ ਵਾਰ ਬਹੁਤ ਹੀ ਹਾਸੋਂ ਹੀਣੀ ਸਥਿਤੀ ਪੈਦਾ ਹੋ ਜਾਂਦੀ ਹੈ। ਕੈਲੀਫੋਰਨੀਆ ਤੋਂ ਛੱਪਦੀ ਇਕ ਅਖ਼ਬਾਰ ਵਿਚ ਇਕ ਲੇਖ "ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਨਤਾ" ਪੜ੍ਹ ਰਿਹਾ ਸੀ। ਜਿਸ ਦਾ ਲੇਖਕ ਲਿਖਦਾ ਹੈ, "ਇਸ ਗ੍ਰੰਥ ਦੀ ਸੰਪੂਰਨਤਾ 30 ਅਗਸਤ, 1604 ਈ: ਨੂੰ ਹੋਈ। ਇਸੇ ਸਾਲ ਪਹਿਲੀ ਸਤੰਬਰ ਨੂੰ ਇਸ ਗ੍ਰੰਥ ਸਾਹਿਬ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਦੀ ਤਿਆਰ ਹੋਈ ਇਮਾਰਤ ਵਿਚ ਸਥਾਪਿਤ ਕਰਕੇ ਇਸ ਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ"। ਹੁਣ ਜੇ ਇਨ੍ਹਾਂ ਤਾਰੀਖਾਂ ਦੀ ਪੜਤਾਲ ਕਰੀਏ ਤਾਂ 30 ਅਗਸਤ, 1604 ਈ: (ਜੂਲੀਅਨ) 31 ਭਾਦੋਂ, ਸਾਵਣ ਸੁਦੀ 15 (ਪੁੰਨਿਆ) ਸੀ ਅਤੇ 1 ਸਤੰਬਰ ਨੂੰ 2 ਭਾਦੋਂ, ਭਾਦੋਂ ਵਦੀ ਤੀਜ ਬਣਦੀ ਹੈ।



Harjinder Singh Dilgeer
9h ·

ਪਲੀਜ਼ ਇਤਿਹਾਸ ਦਾ ਰੇਪ ਨਾ ਕਰੋ।

ਸੰਮਤ 1661 ਦੀ ਭਾਦੋਂ ਸੁਦੀ ਏਕਮ (17 ਭਾਦੋਂ) ਗਰੇਗੋਰੀਅਨ ਕੈਲੰਡਰ (ਜਿਸ ਨੂੰ ਕੁਝ ਅਗਿਆਨੀ ਲੋਕ ਈਸਾਈ ਕੈਲੰਡਰ ਕਹਿੰਦੇ ਹਨ ਤੇ ਅਜ ਸਾਰੀ ਦੁਨੀਆਂ ਵਰਤਦੀ ਹੈ) ਮੁਤਾਬਿਕ 16 ਅਗਸਤ 1604 ਸੀ। ਇਹ ਪੁਰੇਵਾਲ ਦੀ ਜੰਤਰੀ ਦੇ ਸਫ਼ਾ 136 'ਤੇ ਵੀ 16 ਅਗਸਤ ਹੈ। ਸੁਜਵਾਨ ਸਿੱਖਾਂ ਨੂੰ ਅਪੀਲ: ਤੁਸੀਂ ਇਹ ਪੁਰਬ 2022 ਵਿਚ ਜੰਮ ਜੰਮ ਪਹਿਲੀ ਸਤੰਬਰ ਨੂੰ ਮਨਾਓ, ਪਰ ਸਿੱਖ ਤਵਾਰੀਖ਼ ਨਾ ਵਿਗਾੜੋ।

2.

ਕੁਝ ਲੋਕ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ ਦੀਆਂ "ਵਧਾਈਆਂ" ਦੇ ਰਹੇ ਹਨ, (ਉਂਞ ਤਾਂ ਇਹ ਹਰ ਰੋਜ਼ ਕਿਸੇ ਨਾ ਕਿਸੇ ਦਿਨ ਦੀਆਂ "ਵਧਾਈਆਂ" ਦਾ ਡਰਾਮਾ ਕੀ ਹੈ!)

| ਗੁਰਪੁਰਬ | ਸਰਕਾਰੀ ਛੁੱਟੀ |
|---|---|
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੨ ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | ੧੩ ਭਾਦੋਂ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ ਭਾਦੋਂ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਜੀ | ੧੪ ਭਾਦੋਂ |

ਫੇਸ ਬੁਕ ਉੱਪਰ ਇਕ ਸਾਂਝੇ ਸੱਜਣ ਵੱਲੋਂ ਡਾ: ਹਰਜਿੰਦਰ ਸਿੰਘ ਦਿਲਗੀਰ ਦੀ ਇਕ ਲਿਖਤ ਭੇਜੀ ਗਈ ਹੈ, (ਮੈਨੂੰ ਤਾਂ ਡਾ: ਦਿਲਗੀਰ ਨੇ ਮੈਨੂੰ ਭਲੋਚਕ ਕੀਤਾ ਹੋਇਆ ਹੈ) ਜਿਸ ਵਿੱਚ ਉਹ ਲਿਖਦੇ ਹਨ,

"ਪਲੀਜ਼ ਇਤਿਹਾਸ ਦਾ ਰੇਪ ਨਾ ਕਰੋ। ਸੰਮਤ 1661 ਦੀ ਭਾਦੋਂ ਸੁਦੀ ਏਕਮ (17 ਭਾਦੋਂ) ਗਰੈਗੋਰੀਅਨ ਕੈਲੰਡਰ (ਜਿਸ ਨੂੰ ਕੁਝ ਅਗਿਆਨੀ ਲੋਕ ਈਸਾਈ ਕੈਲੰਡਰ ਕਹਿੰਦੇ ਹਨ ਤੇ ਅੱਜ ਸਾਰੀ ਦੁਨੀਆਂ ਵਰਤਦੀ ਹੈ) ਮੁਤਾਬਿਕ 16 ਅਗਸਤ 1604 ਸੀ। ਇਹ ਪੁਰੇਵਾਲ ਦੀ ਜੰਤਰੀ ਦੇ ਸਫ਼ਾ 136 'ਤੇ ਵੀ 16 ਅਗਸਤ ਹੈ। ਸੂਝਵਾਨ ਸਿੱਖਾਂ ਨੂੰ ਅਪੀਲ: ਤੁਸੀਂ ਇਹ ਪੁਰਬ 2022 ਵਿਚ ਜੰਮ-ਜੰਮ ਪਹਿਲੀ ਸਤੰਬਰ ਨੂੰ ਮਨਾਓ, ਪਰ ਸਿੱਖ ਤਵਾਰੀਖ਼ ਨਾ ਵਿਗਾੜੋ"।

ਇਸ ਸਬੰਧੀ ਬੇਨਤੀ ਹੈ ਕਿ ਡਾ: ਦਿਲਗੀਰ ਜੀ ਵੱਲੋਂ ਲਿਖੀ ਗਈ ਤਾਰੀਖ ਭਾਦੋਂ ਸੁਦੀ ਏਕਮ, 17 ਭਾਦੋਂ ਸੰਮਤ 1661 ਬਿਕ੍ਰਮੀ ਤਾਂ ਠੀਕ ਹੈ ਪਰ ਅੰਗਰੇਜੀ ਤਾਰੀਖ, "ਸੰਮਤ 1661 ਦੀ ਭਾਦੋਂ ਸੁਦੀ ਏਕਮ (17 ਭਾਦੋਂ) ਗਰੈਗੋਰੀਅਨ ਕੈਲੰਡਰ ਮੁਤਾਬਿਕ 16 ਅਗਸਤ 1604 ਸੀ",ਸਹੀਂ ਨਹੀਂ ਹੈ। ਇਸ ਤਾਰੀਖ ਦੀ ਪੜਤਾਲ ਕੀਤੀ ਤਾ ਇਹ ਤਾਰੀਖ ਗਲਤ ਸਾਬਿਤ ਹੋਈ ਹੈ। 16 ਅਗਸਤ 1604 ਈ: ਗਰੈਗੋਰੀਅਨ ਨੂੰ ਤਾਂ 7 ਭਾਦੋਂ, ਭਾਦੋਂ ਵਦੀ 6 ਸੀ। ਦੂਜੇ ਪਾਸੇ ,ਜੇ ਭਾਦੋਂ ਸੁਦੀ ਏਕਮ, 17 ਭਾਦੋਂ ਨੂੰ ਸਹੀ ਮੰਨ ਕੇ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਵੇਖੀਏ ਤਾਂ ਇਹ 26 ਅਗਸਤ 1604 ਈ: ਬਣਦੀ ਹੈ। ਡਾ ਦਿਲਗੀਰ ਜੀ, ਹੁਣ ਦੱਸੋ ਕਿ "ਇਤਿਹਾਸ ਦਾ ਰੇਪ" ਕੌਣ ਕਰ ਰਿਹਾ ਹੈ? ਜਿਨ੍ਹਾਂ ਨੂੰ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦੇ ਫ਼ਰਕ ਦਾ ਨਹੀਂ ਪਤਾ, ਉਹ ਪਿਛਲੇ ਦੋ ਦਹਾਕਿਆਂ ਤੋਂ ਨਾਨਕਸ਼ਾਹੀ ਕੈਲੰਡਰ ਦੀ ਅਲੋਚਨਾ ਕਰ ਰਹੇ ਹਨ। ਨਾਨਕਸ਼ਾਹੀ ਕੈਲੰਡਰ ਵਿੱਚ 17 ਭਾਦੋਂ ਦਰਜ ਹੈ। ਪਤਾ ਨਹੀਂ ਦਿਲਗੀਰ ਹੋਰਾਂ ਨੂੰ ਸ। ਪਾਲ ਸਿੰਘ ਪੁਰੇਵਾਲ ਵੱਲੋਂ ਬਣਾਈ 500 ਸਾਲਾਂ ਜੰਤਰੀ ਦੇ ਸਫ਼ਾ 136 'ਤੇ ਦਰਜ, 17 ਭਾਦੋਂ ਨੂੰ ਸਹੀ ਮੰਨਣ ਤੇ ਕੀ ਇਤਰਾਜ਼ ਹੈ?

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਜਿਹੜਾ ਆਪਣੇ ਖਿਤੇ ਵਿੱਚ ਲਾਗੂ ਸੀ, ਉਸ ਵਿੱਚ ਦੋਵੇਂ ਤਰ੍ਹਾਂ ਹੀ (ਵਦੀ-ਸੁਦੀਅਤੇ ਪ੍ਰਵਿਸ਼ਟੇ)ਤਾਰੀਖਾਂ ਲਿਖੀਆਂ ਜਾਦੀਆਂ ਸਨ। ਜਿਵੇ ਡਾ ਦਿਲਗੀਰ ਨੇ ਵੀ ਦੋਵੇਂ ਤਰ੍ਹਾਂ ਹੀ, "ਭਾਦੋਂ ਸੁਦੀ ਏਕਮ ਅਤੇ 17 ਭਾਦੋਂ" ਲਿਖੀ ਹੈ। ਅੰਗਰੇਜੀ ਕੈਲੰਡਰ ਤਾਂ ਬਹੁਤ ਪਿਛੋਂ ਪ੍ਰਚੱਲਤ ਹੋਇਆ ਹੈ। ਆਪਣੇ ਦੇਸ਼ ਵਿਚ ਜੂਲੀਅਨ ਕੈਲੰਡਰ ਕਦੇ ਵੀ ਲਾਗੂ ਨਹੀਂ ਹੋਇਆ। ਭਾਵੇ ਜੂਲੀਅਨ ਕੈਲੰਡਰ ਵਿੱਚ ਸੋਧ ਅਕਤੂਬਰ 1582 ਈ: ਵਿੱਚ ਹੋ ਗਈ ਸੀ ਅਤੇ ਇਹ ਗਰੈਗੋਰੀਅਨ ਕੈਲੰਡਰ ਬਣ ਗਿਆ ਸੀ, ਪਰ ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਪ੍ਰਵਾਨ ਕੀਤਾ ਸੀ। ਇਸ ਲਈ ਆਪਣੇ ਖਿਤੇ ਵਿੱਚ ਅੰਗਰੇਜਾਂ ਦੇ ਆਉਣ ਤੋਂ ਪਿਛੋਂ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਜੇ ਇਸ ਦਿਨ ਦੀ ਅੰਗਰੇਜੀ ਤਾਰੀਖ ਵੇਖਣੀ ਹੋਵੇ ਤਾਂ ਇਹ 16 ਅਗਸਤ 1604 ਈ:ਜੂਲੀਅਨ ਬਣਦੀ ਹੈ ਨਾਕਿ 16 ਅਗਸਤ 1604 ਈ:ਗਰੈਗੋਰੀਅਨ। ਡਾ ਦਿਲਗੀਰ ਵੱਲੋਂ ਇਸ ਨੂੰ 16 ਅਗਸਤ 1604 ਈ:ਗਰੈਗੋਰੀਅਨ ਲਿਖਣਾ, ਉਸ ਦਾ ਕੈਲੰਡਰ ਵਿਗਿਆਨ ਦੀ ਮੁੱਢਲੀ ਜਾਣਕਾਰੀ ਤੋਂ ਕੋਰੇ ਹੋਣ ਦਾ ਠੋਸ ਸਬੂਤ ਹੈ। ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, ਹਰ ਇਤਿਹਾਸਿਕ ਦਿਹਾੜੇ ਦੇ ਪ੍ਰਵਿਸ਼ਟੇ ਨੂੰ ਮੁੱਖ ਰੱਖਿਆ ਗਿਆ ਹੈ, ਵਦੀ-ਸੁਦੀ ਜਾਂ ਅੰਗਰੇਜੀ ਤਾਰੀਖਾਂ ਨੂੰ ਨਹੀਂ। ਇਸ ਲਈ ਨਾਨਕਸ਼ਾਹੀ ਕੈਲੰਡਰ ਵਿਚ, ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ 17 ਭਾਦੋਂ ਦਰਜ ਕੀਤਾ ਗਿਆ ਹੈ। ਹਰ ਸਾਲ ਇਸ ਦਿਨ ਗਰੈਗੋਰੀਅਨ ਕੈਲੰਡਰ ਦੀ 1 ਸਤੰਬਰ ਹੋਵੇਗੀ।ਜੇ ਗ੍ਰੰਥ ਸਾਹਿਬ ਦਾ ਸੰਪੂਰਨਤਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ ਹਰ ਸਾਲ 14 ਭਾਦੋਂ ਨੂੰ ਮਨਾਇਆ ਜਾ ਸਕਦਾ ਹੈ, ਜਿਸ ਉਪਰ ਡਾ ਦਿਲਗੀਰ ਨੇ ਕਦੇ ਇਤਰਾਜ਼ ਨਹੀਂ ਕੀਤਾ, ਤਾਂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਹਰ ਸਾਲ 17 ਭਾਦੋਂ ਨੂੰ ਮਨਾਉਣ ਤੇਇਤਰਾਜ਼ ਕਿਉਂ?

ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਮੁਤਾਬਕ ਪਿਛਲੇ ਸਾਲ ਇਹ ਦਿਹਾੜਾ 7 ਸਤੰਬਰ ਨੂੰ ਮਨਾਇਆ ਗਿਆ ਸੀ, ਇਸ ਸਾਲ ਇਹ ਦਿਹਾੜਾ 28 ਅਗਸਤ ਨੂੰ ਮਨਾਇਆ ਗਿਆ ਹੈ।ਮੈਂ, ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਪਿਛਲੇ 10 ਸਾਲਾਂ ਦੇ ਕੈਲੰਡਰਾਂ ਦੀ ਪੜਤਾਲ ਕੀਤੀ ਹੈ, ਇਹ ਦਿਹਾੜਾ ਕਦੇ ਵੀ ਡਾ ਦਿਲਗੀਰ ਵੱਲੋਂ ਦੱਸੀ ਗਈ ਤਾਰੀਖ ਨੂੰ ਨਹੀਂ ਮਾਇਆ ਗਿਆ।

ਇਸ ਤੇ ਤਾਂ ਡਾ ਦਿਲਗੀਰ ਨੇ ਇਤਰਾਜ਼ ਨਹੀਂ ਕੀਤਾ। ਜੇ ਹਰ ਸਾਲ ਅਸਲ ਪ੍ਰਵਿਸ਼ਟੇ ਭਾਵ 17 ਭਾਦੋਂ ਨੂੰ ਮਨਾਇਆ ਜਾਵੇ ਤਾਂ ਡਾ ਦਿਲਗੀਰ ਇਸ ਨੂੰ "ਇਤਹਾਸ ਨਾਲ ਰੇਪ" ਦੱਸਦਾ ਹੈ। ਹੁਣ ਇਨ੍ਹਾਂ ਨੂੰ ਇਮਾਨਦਾਰ ਕਿਵੇਂ ਮੰਨਿਆ ਜਾਵੇ? ਇਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਦਾ ਮਕਸਦ ਸਿਰਫ ਅਤੇ ਸਿਰਫ ਨਿੱਜੀ ਕਾਰਨਾਂ ਕਰਕੇ ਨਾਨਕਸ਼ਾਹੀ ਕੈਲੰਡਰ ਦਾ ਵਿਰੋਧ ਕਰਨਾ ਹੀ ਹੈ।

# ਪ੍ਰਕਾਸ਼ ਸਿੰਘ ਬਾਦਲ ਬਿਮਾਰ, ਪੀਜੀਆਈ ਚੰਡੀਗੜ੍ਹ 'ਚ ਕਰਵਾਇਆ ਦਾਖ਼ਲ

**ਚੰਡੀਗੜ੍ਹ** – ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਅਤੇ ਦੇਸ਼ ਦੇ ਦਿੱਗਜ ਨੇਤਾ ਪ੍ਰਕਾਸ਼ ਸਿੰਘ ਬਾਦਲ ਦੀ ਐਤਵਾਰ ਨੂੰ ਤਬੀਅਤ ਵਿਗੜ ਗਈ। ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਦਾਖ਼ਲ ਕਰਵਾਇਆ ਗਿਆ ਹੈ। ਉਨ੍ਹਾਂ ਨੂੰ ਪੀਜੀਆਈ ਦੇ ਐਡਵਾਂਸਡ ਕਾਰਡਿਅਕ ਸੈਂਟਰ 'ਚ ਦਾਖ਼ਲ ਕਰਵਾਇਆ ਗਿਆ ਹੈ। ਬਾਦਲ ਨੂੰ ਸਾਹ ਲੈਣ ਵਿੱਚ ਤਲਕੀਫ ਤੇ ਛਾਤੀ ਵਿੱਚ ਦਰਦ ਦੀ ਸ਼ਿਕ-ਾਇਤ ਹੈ। ਕਾਰਡੀਓਲਾਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਯਸ਼ਪਾਲ ਸ਼ਰਮਾ ਦੀ ਅਗਵਾਈ ਹੇਠ ਡਾਕਟਰਾਂ ਦੀ ਟੀਮ ਵੱਲੋਂ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ। ਜੁਲਾਈ 'ਚ ਵੀ ਬਾਦਲ ਨੂੰ ਪੀ-ਜੀਆਈ ਦਾਖ਼ਲ ਕਰਵਾਇਆ ਗਿਆ ਸੀ। ਉਦੋਂ ਵੀ ਉਨ੍ਹਾਂ ਛਾਤੀ ਵਿਚ ਦਰਦ ਦੀ ਸ਼ਿਕਾਇਤ ਸੀ। ਬਾਦਲ 94 ਸਾਲਾਂ ਦੇ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਹਨ।



ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਲੰਬੀ ਦੇ ਸਰਪੰਚ ਵਜੋਂ ਕੀਤੀ ਸੀ। ਉਹ 11 ਵਾਰ ਵਿਧਾਇਕ ਰਹਿ ਚੁੱਕੇ ਹਨ, ਇਸ ਤੋਂ ਇਲਾਵਾ ਉਹ ਲੋਕ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ। ਬਾਦਲ ਕੇਂਦਰੀ ਮੰਤਰੀ ਵੀ ਰਹੇ ਹਨ। ਹਾਲਾਂਕਿ ਇਸ ਵਾਰ ਆਮ ਆਦਮੀ ਪਾਰਟੀ ਦੀ ਹਨੇਰੀ 'ਚ ਪ੍ਰਕਾਸ਼ ਸਿੰਘ ਬਾਦਲ ਚੋਣ ਹਾਰ ਗਏ ਸਨ। ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ 1957 'ਚ ਵਿਧਾਇਕ ਬਣੇ ਅਤੇ ਫਿਰ 1970 'ਚ ਪਹਿਲੀ ਵਾਰ ਮੁੱਖ ਮੰਤਰੀ ਬਣੇ। ਜਦੋਂ ਮੋਰਾਰਜੀ ਦੇਸਾਈ ਪ੍ਰਧਾਨ ਮੰਤਰੀ ਸਨ, ਉਦੋਂ ਉਹ ਕੇਂਦਰੀ ਮੰਤਰੀ ਬਣੇ। ਉਨ੍ਹਾਂ ਨੂੰ ਖੇਤੀਬਾੜੀ ਤੇ ਸਿੰਚਾਈ ਮੰਤਰਾਲਾ ਦਿੱਤਾ ਗਿਆ। ਐਮਰਜੈਂਸੀ ਦੌਰਾਨ ਉਹ ਜੇਲ੍ਹ ਵੀ ਗਏ। ਉਹ ਪੰਥ ਰਤਨ ਪੁਰਸਕਾਰ ਨਾਲ ਸਨਮਾਨਿਤ ਹਨ।

# ਸ੍ਰੀ ਗੁਰੂ ਤੇਗ਼ ਬਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ

(ਸਫਾ 23 ਦੀ ਬਾਕੀ)

**ਹਵਾਲੇ ਤੇ ਟਿੱਪਣੀਆਂ**

1- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਮਹਲਾ 9, ਪੰਨਾ 219
2- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਧਨਾਸਰੀ, ਮਹਲਾ 9, ਪੰਨਾ 684
3- ਸਾਧੂ ਰਾਮ ਸ਼ਾਰਦਾ (ਡਾ.), 'ਗੁਰੂ ਤੇਗ਼ ਬਹਾਦਰ ਜੀ ਦੀ ਵੈਰਾਗ-ਮਈ ਬਾਣੀ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ ਪ੍ਰੈਸ, ਚੰਡੀਗੜ, 1996, ਪੰਨਾ 142
4- ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1427
5 -ਦੀਵਾਨ ਸਿੰਘ (ਡਾ.), 'ਗੁਰੂ ਤੇਗ਼ ਬਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ ਪ੍ਰੈਸ, ਚੰਡੀਗੜ, 1996, ਪੰਨਾ 150
6- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਤਿਲੰਗ, ਮਹਲਾ 9, ਪੰਨਾ 727
7- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 9, ਪੰਨਾ 631
8- ਉਹੀ
9- ਰਾਮ ਸਿੰਘ, 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ ਪ੍ਰੈਸ, ਚੰਡੀਗੜ, 1996, ਪੰਨਾ 125
10- ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1427
11- ਰਾਮ ਸਿੰਘ (ਪ੍ਰੋ.), 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਨਾ 126
12- ਤਾਰਨ ਸਿੰਘ, 'ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਗੁਰੂ ਤੇਗ਼ ਬਹਾਦਰ ਸ਼ਹੀਦੀ ਅੰਕ, ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 68
13- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 9, ਪੰਨਾ 633
14- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਸੰਤੁ, ਮਹਲਾ 9, ਪੰਨਾ 1186
15- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਗਉੜੀ, ਮਹਲਾ 9, ਪੰਨਾ 219
16- ਤਾਰਨ ਸਿੰਘ, ਗੁਰੂ ਤੇਗ਼ ਬਹਾਦਰ ਜੀਵਨ ਤੇ ਸਿੱਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 55
17- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਾਰੰਗ, ਮਹਲਾ 9, ਪੰਨਾ 1231
18- ਦੀਵਾਨ ਸਿੰਘ(ਡਾ.), 'ਗੁਰੂ ਤੇਗ਼ ਬਾਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਨਤਾ ਦਾ ਸੰਕਲਪ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਨਾ 152
19- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸਾਰੰਗ, ਮਹਲਾ 9, ਪੰਨਾ 1231
20- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਸੰਤੁ, ਮਹਲਾ 9, ਪੰਨਾ 1187
21- ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1429
22- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਜੈਜਾਵੰਤੀ, ਮਹਲਾ 9, ਪੰਨਾ 1352
23- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਤਿਲੰਗ, ਮਹਲਾ 9, ਪੰਨਾ 726
24- ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1427
25- ਉਹੀ
26- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਧਨਾਸਰੀ, ਮਹਲਾ 9, ਪੰਨਾ 684
27- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 9, ਪੰਨਾ 634
28- ਰਾਮ ਸਿੰਘ, ਬਾਣੀ ਗੁਰੂ ਤੇਗ਼ ਬਹਾਦਰ-ਵਿਸ਼ਾ ਤੇ ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ, 1998, ਪੰਨਾ 31
29- ਦੀਵਾਨ ਸਿੰਘ(ਡਾ.), 'ਗੁਰੂ ਤੇਗ਼ ਬਾਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਨਤਾ ਦਾ ਸੰਕਲਪ', ਗੁਰੂ ਤੇਗ਼ ਬਹਾਦਰ ਜੀਵਨ,ਸਮਾਂ ਤੇ ਰਚਨਾ, ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਨਾ 155
30- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਹਾਗੜਾ, ਮਹਲਾ 9, ਪੰਨਾ 537
31- ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੋਰਠਿ, ਮਹਲਾ 9, ਪੰਨਾ 631
32- ਤਾਰਨ ਸਿੰਘ, ਗੁਰੂ ਤੇਗ਼ ਬਹਾਦਰ ਜੀਵਨ ਤੇ ਸਿੱਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 70
33- ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮਹਲਾ 9, ਪੰਨਾ 1429




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

8 ਸਤੰਬਰ ਨੂੰ ਅੰਤਰ ਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸ ਸਬੰਧੀ ਪਿਛਲੇ ਕਈ ਸਾਲਾਂ ਵਾਂਗ ਹੀ ਵੱਖ ਵੱਖਥਾਵਾਂ ਤੇ ਸਰਕਾਰੀਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸਾਖਰਤਾ ਦੇ ਮਹੱਤਵ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖਿਆ ਸਮਾਜਿਕ-ਆਰਥਿਕ ਵਿਕਾਸ ਦਾ ਅਧਾਰ ਹੈ ਅਤੇ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ ਫਿਰ ਵੀ ਅਜੇ ਤੱਕ ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫਿਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ ਲੱਗਭੱਗ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ ਲੱਗਭੱਗ 100 ਫਿਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫਿਸਦੀ ਤੋਂ ਵੱਧ ਹੈ। 2011 ਦੀ ਮਰਦਮ ਸ਼ੁਮਾਰੀ ਦੇ ਉਦੇਸ਼ਲ ਈ ਸੱਤ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਜੋ ਕਿਸੇ ਵੀ ਭਾਸ਼ਾ ਨੂੰ ਸਮਝ ਕੇ ਪੜ੍ਹ ਅਤੇ ਲਿਖ ਸਕਦਾ ਹੈ ਨੂੰ ਪੜਿਆ ਲਿਖਿਆ ਮੰਨਿਆ ਜਾਂਦਾ ਹੈ। ਜਿਹੜਾ ਵਿਅਕਤੀ ਸਿਰਫ਼ ਪੜ੍ਹ ਸਕਦਾ ਹੈ ਪਰ ਲਿਖ ਨਹੀਂ ਸਕਦਾ, ਉਹ ਪੜਿਆ-ਲਿਖਿਆ ਨਹੀਂ ਹੈ। 1991 ਤੋਂ ਪਹਿਲਾਂ ਦੀ ਜਨਗਣਨਾ ਵਿੱਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਤੌਰ 'ਤੇ ਅਨਪੜ੍ਹ ਮੰਨਿਆ ਜਾਂਦਾ ਸੀ। 2011 ਦੀ ਮਰਦਮਸ਼ੁਮਾਰੀ ਦੇ ਨਤੀਜੇ ਦੱਸਦੇ ਹਨ ਕਿ ਦੇਸ਼ ਵਿੱਚ ਸਾਖਰਤਾ ਵਿੱਚ ਵਾਧਾ ਹੋਇਆ ਹੈ। ਦੇਸ਼ ਵਿੱਚ ਸਾਖਰਤਾ ਦਰ 74.04 ਫੀਸਦੀ ਹੈ। ਇਹ ਸਾਖਰਤਾ ਦਰ ਪੁਰਸ਼ਾਂ ਲਈ 82.14 ਅਤੇ ਔਰਤਾਂ ਲਈ 65.46 ਹੈ। ਕੇਰਲ ਨੇ 93.91 ਪ੍ਰਤੀਸ਼ਤ ਸਾਖਰਤਾ ਦਰ ਦੇ ਨਾਲ ਸਿਖਰ ਤੇ ਰਹਿ ਕੇ ਆਪਣੀ ਸਥਿਤੀ ਨੂੰ ਬਰਕਰਾਰ ਰੱਖਿਆ, ਲਕਸ਼ਦੀਪ 92.28 ਪ੍ਰਤੀਸ਼ਤ ਅਤੇ ਮਿਜ਼ੋਰਮ 91.58 ਪ੍ਰਤੀਸ਼ਤ ਦੇ ਨੇੜੇ ਹੈ। 63.82 ਫੀਸਦੀ ਦੀ ਸਾਖਰਤਾ ਦਰ ਦੇ ਨਾਲ ਬਿਹਾਰ ਦੇਸ਼ ਵਿੱਚ ਅਰੁਣਾਚਲ ਪ੍ਰਦੇਸ਼ 66.95 ਫੀਸਦੀ ਅਤੇ ਰਾਜਸਥਾਨ 67.06 ਫੀਸਦੀ ਤੋਂ ਬਾਅਦ ਆਖਰੀ ਸਥਾਨ ਤੇ ਹੈ। ਦੁਨੀਆਂ ਦੀ ਔਸਤ ਸਾਖਰਤਾ ਦਰ 84 ਫਿਸਦੀ ਹੈ ਪਰ ਸਾਡਾ ਦੇਸ਼ ਅਜੇ ਇਸਤੋਂ ਪਿੱਛੇ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫਿਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫਿਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫਿਸਦੀ ਹੈ। ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 8 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 8 ਸਤੰਬਰ ਨੂੰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਪਹਿਲੀ ਵਾਰ 8 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ।




ਇਸ ਸਾਲ ਦਾ ਅੰਤਰ ਰਾਸ਼ਟਰੀ ਸਾਖਰਤਾ ਦਿਵਸ ਵਿਸ਼ਵ ਭਰ ਵਿੱਚ "ਸਾਖਰਤਾ ਸਿਖਲਾਈ ਸਥਾਨਾਂ ਨੂੰ ਬਦਲਣ'' ਦੇ ਥੀਮ ਅਧੀਨ ਮਨਾਇਆ ਜਾ ਰਿਹਾ ਹੈ ਅਤੇ ਸਾਰਿਆਂ ਲਈ ਗੁਣਵਤਾ, ਬਰਾਬਰ ਅਤੇ ਸੰਮਿਲਿਤ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਸਾਖਰਤਾ ਸਿੱਖਣ ਦੀਆਂ ਥਾਵਾਂ ਦੀ ਬੁਨਿਆਦੀ ਮਹੱਤਤਾ ਤੇ ਮੁੜ ਵਿਚਾਰ ਕਰਨ ਦਾ ਮੌਕਾ ਹੋਵੇਗਾ। ਯੂਨੈਸਕੋ ਅਨੁਸਾਰ ਵਿਸ਼ਵ ਭਰ ਵਿੱਚ 773 ਮਿਲੀਅਨ ਨੌਜਵਾਨਾਂ ਵਿੱਚ ਅਜੇ ਵੀ ਸਾਖਰਤਾ ਦੀ ਘਾਟ ਹੈ ਅਤੇ ਇਸ ਵਾਰ ਅੰਤਰਰਾਸ਼ਟਰੀ ਸਾਖਰਤਾ ਦਿਵਸ ਇੱਕ ਪਹਿਲ ਹੈ ਜੋ ਨੌਜਵਾਨਾਂ ਨੂੰ ਸਾਖਰ ਕਰਨ ਅਤੇ ਸਾਖਰਤਾ ਦੀ ਸਹੀ ਵੰਡ ਲਈ ਜਾਗਰੁਕਤਾ ਫੈਲਾਂਉਦੀ ਹੈ। ਇਸਦੇ ਨਾਲ ਹੀ ਸਾਖਰਤਾ ਸੰਸੁਕਤ ਰਾਸ਼ਟਰ ਦੇ ਸਥਾਈ ਵਿਕਾਸ ਦੇ ਟੀਚਿਆਂ ਅਤੇ ਸੰਯੁਕਤ ਰਾਸ਼ਟਰ ਦੇ ਨਿਰੰਤਰ ਵਿਕਾਸ 2030 ਦੇ ਏਜੰਡੇ ਦਾ ਮੁੱਖ ਹਿੱਸਾ ਹੈ। ਅੰਤਰ ਰਾਸ਼ਟਰੀ ਸਾਖਰਤਾ ਦਿਵਸ ਤਰੱਕੀ ਦਾ ਮੁਲੰਕਣ ਕਰਨ ਦਾ ਇੱਕ ਮੌਕਾ ਹੈ ਅਤੇ ਸਾਖਰਤਾ ਨੂੰ ਇੱਕ ਜ਼ਰੂਰੀ ਮਨੁੱਖੀ ਅਧਿਕਾਰ ਵਜੋਂ ਮਨਾਉਣ ਵੱਲ ਗਤੀ ਵਧਾਉਣ ਦਾ ਮੌਕਾ ਹੈ ਜੋ ਸਾਡੇ ਸਮਾਜਾਂ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਦਰਅਸਲ ਬ੍ਰਾਜ਼ੀਲ ਦੇ ਬੁੱਧੀਜੀਵੀ ਅਤੇ ਸਿੱਖਿਅਕ ਪਾਉਲੋ ਫਰੇਇਰ ਦਾ ਹਵਾਲਾ ਦੇਣ ਲਈ, ਜਿਸਨੇ ਬਾਲਗ ਸਿੱਖਿਆ ਲਈ ਆਪਣਾ ਬਹੁਤ ਸਾਰਾ ਜੀਵਨ ਸਮਰਪਿਤ ਕੀਤਾ, ਸਾਖਰਤਾ "ਆਜ਼ਾਦੀ ਦਾ ਅਭਿਆਸ, ਉਹ ਸਾਧਨ ਹੋਣਾ ਚਾਹੀਦਾ ਹੈ ਜਿਸ ਦੁਆਰਾ ਮਰਦ ਅਤੇ ਔਰਤਾਂ ਅਸਲੀਅਤ ਨਾਲ ਗੰਭੀਰ ਅਤੇ ਰਚਨਾਤਮਕ ਤੌਰ ਤੇ ਨਜਿੱਠਦੇ ਹਨ ਅਤੇ ਖੋਜ ਕਰਦੇ ਹਨ ਕਿ ਕਿਵੇਂ ਹਿੱਸਾ ਲੈਣਾ ਹੈ''। ਅਸੀਂ ਇਕੱਠੇ ਮਿਲ ਕੇ ਇਸ ਖੇਤਰ ਵਿੱਚ ਬਹੁਤ ਕੁਝ ਪ੍ਰਾਪਤ ਕੀਤਾ ਹੈ। 1979 ਵਿੱਚ ਦੁਨੀਆ ਦੀ ਸਿਰਫ 68% ਆਬਾਦੀ ਪੜ੍ਹਨਾ ਅਤੇ ਲਿਖਣਾ ਜਾਣਦੀ ਸੀ। 2020 ਵਿੱਚ, ਇਹ ਅੰਕੜਾ ਵੱਧ ਕੇ 86.7% ਹੋ ਗਿਆ ਸੀ। ਇਸ ਤਰੱਕੀ ਦੇ ਬਾਵਜੂਦ, ਦੁਨੀਆ ਭਰ ਦੇ 771 ਮਿਲੀਅਨ ਨੌਜਵਾਨਾਂ ਅਤੇ ਬਾਲਗਾਂ ਕੋਲ ਅਜੇ ਵੀ ਬੁਨਿਆਦੀ ਸਾਖਰਤਾ ਹੁਨਰ ਨਹੀਂ ਹਨ ਜਿਨ੍ਹਾਂ ਵਿੱਚੋਂ 60% ਲੜਕੀਆਂ ਅਤੇ ਔਰਤਾਂ ਹਨ। ਕੋਵਿਡ-19 ਇਸ ਮੁੱਦੇ ਨੂੰ ਹੋਰ ਵਧਾ ਰਿਹਾ ਹੈ। ਸਕੂਲ ਬੰਦ ਹੋਣ ਅਤੇ ਮਹਾਂਮਾਰੀ ਕਾਰਨ ਹੋਣ ਵਾਲੀਆਂ ਰੁਕਾਵਟਾਂ ਨੇ ਸੰਭਾਵਤ ਤੌਰ ਤੇ ਸਿੱਖਣ ਦੇ ਨੁਕਸਾਨ ਅਤੇ ਸਕੂਲ ਛੱਡਣ ਦਾ ਕਾਰਨ ਬਣਾਇਆ ਹੈ। ਇਹ ਖਾਸ ਤੌਰ ਤੇ ਕਮਜ਼ੋਰ ਆਬਾਦੀ ਲਈ ਸੱਚ ਹੈ। ਇਸ ਜ਼ਰੂਰੀ ਸਥਿਤੀ ਦੇ ਜਵਾਬ ਵਿੱਚ, ਯੂਨੈਸਕੋ ਅਤੇ ਇਸਦੇ ਮੈਂਬਰ ਰਾਜ ਇਹ ਯਕੀਨੀ ਬਣਾਉਣ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਦੁੱਗਣਾ ਕਰ ਰਹੇ ਹਨ ਕਿ ਹਾਲ ਹੀ ਦੇ ਦਹਾਕਿਆਂ ਵਿੱਚ ਹੋਈ ਤਰੱਕੀ ਨੂੰ ਉਲਟਾ ਨਾ ਕੀਤਾ ਜਾਵੇ ਸਗੋਂ ਹੋਰ ਮਜ਼ਬੂਤ ਕੀਤਾ ਜਾਵੇ। ਉਦਾਹਰਨ ਲਈ ਬਾਲਗ ਸਿੱਖਿਆ ਦੇ ਮਹੱਤਵਪੂਰਨ ਵਿਸ਼ੇ ਤੇ ਯੂਨੈਸਕੋ ਦੇ ਮੈਂਬਰ ਰਾਜਾਂ ਨੇ ਆਪਣੀ ਵਚਨਬੱਧਤਾ ਨੂੰ ਨਵਿਆਇਆ ਹੈ। ਐਕਸ਼ਨ ਲਈ ਮੈਰਾਕੇਚ ਫਰੇਮਵਰਕ ਨੂੰ ਅਪਣਾਉਣ ਦੁਆਰਾ ਇਸ ਸਾਲ ਸਾਖਰਤਾ ਜੋ ਕਿ ਬਾਲਗ ਸਿੱਖਿਆ ਅਤੇ ਸਿੱਖਿਆ ਨੂੰ ਸਾਰੇ ਟਿਕਾਊ ਵਿਕਾਸ ਟੀਚਿਆਂ ਲਈ ਇੱਕ ਮੁੱਖ ਡਰਾਈਵਰ ਵਜੋਂ ਮਾਨਤਾ ਦਿੰਦਾ ਹੈ। ਇਸ ਤੋਂ ਇਲਾਵਾ ਯੂਨੈਸਕੋ ਨੇ ਨਿਊਯਾਰਕ ਵਿੱਚ ਇਸ ਸਤੰਬਰ ਵਿੱਚ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਦੁਆਰਾ ਬੁਲਾਏ ਗਏ ਪਰਿਵਰਤਨ ਸਿੱਖਿਆ ਸੰਮੇਲਨ ਲਈ ਰਾਹ ਪੱਧਰਾ ਕਰਨ ਲਈ ਇੱਕ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਇਸ ਪ੍ਰੋਗਰਾਮ ਵਿੱਚ 150 ਤੋਂ ਵੱਧ ਸਿੱਖਿਆ ਮੰਤਰੀਆਂ ਨੂੰ ਇਸ ਗੱਲ ਦੀ ਪੁਸ਼ਟੀ ਕਰਨ ਲਈ ਇਕੱਠਾ ਕੀਤਾ ਕਿ ਕੱਲ੍ਹ ਦੀ ਸਿੱਖਿਆ ਲਾਜ਼ਮੀ ਤੌਰ ਤੇ ਸ਼ਾਮਲ ਹੋਣੀ ਚਾਹੀਦੀ ਹੈ ਅਤੇ ਸਭ ਤੋਂ ਕਮਜ਼ੋਰ ਵਿਅਕਤੀਆਂ ਤੇ ਕੇਂਦ੍ਰਿਤ ਹੋਣੀ ਚਾਹੀਦੀ ਹੈ। ਉਹਨਾਂ ਨੂੰ ਨਾ ਸਿਰਫ਼ ਬੁਨਿਆਦੀ ਹੁਨਰ ਸਗੋਂ ਸਮਕਾਲੀ ਸੰਸਾਰ ਨੂੰ ਨੈਵੀਗੇਟ ਕਰਨ ਲਈ ਕੁੰਜੀਆਂ ਵੀ ਦਿੱਤੀਆਂ ਗਈਆਂ ਹਨ। ਸੰਮੇਲਨ ਨੇ ਜੀਵਨ ਭਰ ਸਿੱਖਣ ਲਈ ਇੱਕ ਜ਼ਰੂਰੀ ਸਾਧਨ ਵਜੋਂ ਸਾਖਰਤਾ ਦੇ ਨਵੇਂ ਰੂਪ ਡਿਜੀਟਲ ਸਾਖਰਤਾ ਦੇ ਮਹੱਤਵ ਦੀ ਪੁਸ਼ਟੀ ਕੀਤੀ ਹੈ। ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਜਸ਼ਨ ਦੇ ਜ਼ਰੀਏ ਯੂਨੈਸਕੋ ਸਿੱਖਿਆ ਦੇ ਖੇਤਰ ਅਤੇ ਇਸ ਤੋਂ ਬਾਹਰ ਦੇ ਸਾਰੇ ਕਲਾਕਾਰਾਂ ਨੂੰ ਸਾਖਰਤਾ ਦੀ ਭੂਮਿਕਾ ਤੇ ਮੁੜ ਵਿਚਾਰ ਕਰਨ ਲਈ ਕਹਿੰਦਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜ੍ਹਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿੱਚ ਕਰੋੜ੍ਹਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਬਹੁਤੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫੀਸਦੀ ਹੈ। 100 ਫਿਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ੍ਹ ਲੋਕ ਰਹਿੰਦੇ ਹਨ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਸਿੱਖਿਆ ਤੋਂ ਬਾਂਝੇ ਰਹੇ ਹਨ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਅਤੇ ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੂਗੋਵਾਲੀਆ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਨੇ ਸਿੱਖਿਆ ਤੋਂ ਬਾਂਝੇ ਲੋਕਾਂ ਲਈ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਵਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਭਾਰਤੀ ਸੰਵਿਧਾਨ ਵਿੱਚ ਵੀ ਨਾਗਰਿਕਾਂ ਦੀ ਸਿੱਖਿਆ ਲਈ ਵਿਸ਼ੇਸ਼ ਤੌਰ ਤੇ ਕਿਹਾ ਗਿਆ। ਜਿਵੇਂ ਕਿ ਆਰਟੀਕਲ 30 ਅਨੁਸਾਰ ਘੱਟ ਗਿਣਤੀਆਂ ਅਪਣੇ ਲਈ ਵਿੱਦਿਅਕ ਅਦਾਰੇ ਸਥਾਪਿਤ ਕਰ ਸਕਦੇ ਹਨ, ਮੁੱਢਲੇ ਅਧਿਕਾਰਾਂ ਅਨੁਸਾਰ ਵੀ ਵਿਦਿੱਅਕ ਅਦਾਰਿਆਂ ਵਿੱਚ ਕਿਸੇ ਤਰ੍ਹਾਂ ਦੇ ਪੱਖਪਾਤ ਦੀ ਸੱਖਤ ਮਨਾਹੀ ਹੈ, ਆਰਟੀਕਲ 21 ਏ ਵਿੱਚ ਸੋਧ ਕਰਕੇ 6 ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਜਰੂਰੀ ਅਤੇ ਮੁੱਫਤ ਸਿੱਖਿਆ ਨੂੰ ਮੁੱਢਲੇ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ, ਆਰਟੀਕਲ 15,17 ਅਤੇ 46 ਸਦੀਆਂ ਤੋਂ ਲਿਤਾੜ੍ਹੇ ਕਮਜੋਰ ਵਰਗਾਂ ਦੇ ਸਿੱਖਿਆ ਦੇ ਹਿੱਤਾਂ ਦੀ ਸੁਰੱਖਿਆ ਲਈ ਹਨ। ਭਾਰਤ ਵਿੱਚ ਅਜੇ ਵੀ ਪੜ੍ਹਨ ਦੀ ਉਮਰ ਵਾਲੇ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ ਅਤੇ ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਭਾਰਤ ਵਿੱਚ ਅਜਾਦੀ ਵੇਲੇ ਔਸਤਨ ਸਾਖਰਤਾ ਦਰ 18 ਫਿਸਦੀ ਸੀ ਜੋ ਕਿ 2011 ਵਿੱਚ ਵੱਧਕੇ 74.04 ਪਹੁੰਚੀ ਹੈ ਪਰਵਿਸ਼ਵ ਪੱਧਰ ਦੀ ਸਾਖਰਤਾ ਦਰ 84 ਫਿਸਦੀ ਤੋਂ ਅਜੇ ਵੀ ਘੱਟ ਹੈ।ਦੇਸ਼ ਦੇ ਵੱਖ ਵੱਖ ਰਾਜਾਂ ਦੀ ਸਾਖਰਤਾ ਦਰ ਵਿੱਚ ਵੀ ਕਾਫੀ ਅੰਤਰ ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭ ਤੋਂ ਘੱਟ ਸਿਰਫ 63.82 ਫਿਸਦੀ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫਿਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫਿਸਦੀ ਹੈ। ਪੇਂਡੂ ਖੇਤਰ ਵਿੱਚ ਸਾਖਰ ਲੋਕਾਂ ਦੀ ਗਿਣਤੀ 1.09 ਕਰੋੜ ਹੈ। ਇਹ ਕੁੱਲ ਪੇਂਡੂ ਆਬਾਦੀ ਦਾ 71.42% ਹੈ। ਭਾਰਤ ਵਿੱਚ ਪੇਂਡੂ ਸਾਖਰਤਾ ਦਰ 67.8% ਹੈ। ਸ਼ਹਿਰੀ ਖੇਤਰ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ 77 ਲੱਖ ਹੈ। ਇਹ ਕੁੱਲ ਸ਼ਹਿਰੀ ਆਬਾਦੀ ਦਾ 83.18 ਫੀਸਦੀ ਹੈ। ਭਾਰਤ ਵਿੱਚ, ਸ਼ਹਿਰੀ ਸਾਖਰਤਾ ਦਰ 84.1% ਹੈ। ਇਹ ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਪੇਂਡੂ ਸਾਖਰਤਾ ਆਲ ਇੰਡੀਆ ਔਸਤ ਨਾਲੋਂ ਵੱਧ ਹੈ, ਪਰ ਸ਼ਹਿਰੀ ਆਬਾਦੀ ਵਿੱਚ ਇਹ ਘੱਟ ਹੈ। ਪੰਜਾਬ ਦੀ ਲੱਗਭੱਗ 23.3 ਫਿਸਦੀ ਜਨਸੰਖਿਆ ਅਜੇ ਵੀ ਅਨਪੜ੍ਹ ਹੈ। ਪੰਜਾਬ ਦੇ 7 ਜ਼ਿਲ੍ਹਿਆ ਦੀ ਸਾਖਰਤਾ ਦਰ 60 ਫਿਸਦੀ ਤੋਂ 70 ਫਿਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫਿਸਦੀ ਹੈ, ਸਾਹਬਜਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 84.9 ਫਿਸਦੀ ਹੈ, ਰੂਪਨਗਰ ਜ਼ਿਲ੍ਹੇ ਦੀ ਸਾਖਰਤਾ ਦਰ 83.3 ਫਿਸਦੀ ਹੈ, ਲੁਧਿਆਣਾ ਜ਼ਿਲ੍ਹੇ ਦੀ ਸਾਖਰਤਾ ਦਰ 82.5 ਫਿਸਦੀ ਹੈ, ਜਲੰਧਰ ਜ਼ਿਲ੍ਹੇ ਦੀ ਸਾਖਰਤਾ ਦਰ 82.4 ਫਿਸਦੀ ਹੈ, ਗੁਰਦਾਸਪੁਰ ਜ਼ਿਲ੍ਹੇ ਦੀ ਸਾਖਰਤਾ ਦਰ 81.1 ਫਿਸਦੀ ਹੈ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫਿਸਦੀ ਹੈ, ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਸਾਖਰਤਾ ਦਰ 80.3 ਫਿਸਦੀ ਹੈ, ਕਪੂਰਥਲਾ ਜ਼ਿਲ੍ਹੇ ਦੀ ਸਾਖਰਤਾ ਦਰ 80.2 ਫਿਸਦੀ ਹੈ, ਅਮ੍ਰਿੰਤਸਰ ਜ਼ਿਲ੍ਹੇ ਦੀ ਸਾਖਤਰਾ ਦਰ 77.2 ਫਿਸਦੀ ਹੈ, ਪਟਿਆਲਾ ਜ਼ਿਲ੍ਹੇ ਦੀ ਸਾਖਰਤਾ ਦਰ 76.3 ਫਿਸਦੀ ਹੈ, ਮੋਗਾ ਜ਼ਿਲ੍ਹੇ ਦੀ ਸਾਖਰਤਾ ਦਰ 71.6 ਫਿਸਦੀ ਹੈ, ਫਰੀਦਕੋਟ ਜ਼ਿਲ੍ਹੇ ਦੀ ਸਾਖਰਤਾ ਦਰ 70.6 ਫਿਸਦੀ ਹੈ, ਬਠਿੰਡਾ ਜ਼ਿਲ੍ਹੇ ਦੀ ਸਾਖਰਤਾ ਦਰ 69.9 ਫਿਸਦੀ ਹੈ, ਫਿਰੋਜ਼ਪੁਰ ਜ਼ਿਲ੍ਹੇ ਦੀ ਸਾਖਰਤਾ ਦਰ 69.8 ਫਿਸਦੀ ਹੈ, ਤਰਨਤਾਰਨ ਜ਼ਿਲ੍ਹੇ ਦੀ ਸਾਖਰਤਾ ਦਰ 69.4 ਫਿਸਦੀ ਹੈ, ਬਰਨਾਲਾ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫਿਸਦੀ ਹੈ, ਸੰਗਰੂਰ ਜ਼ਿਲ੍ਹੇ ਦੀ ਸਾਖਰਤਾ ਦਰ 68.9 ਫਿਸਦੀ ਹੈ, ਮੁਕਤਸਰ ਸਾਹਿਬ ਦੀ ਸਾਖਰਤਾ ਦਰ ਸਿਰਫ 66.8 ਫਿਸਦੀ ਹੈ, ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ 62.8 ਫਿਸਦੀ ਹੈ। ਪੰਜਾਬ ਦੇ ਗੁਆਂਢੀ ਸੂਬਿਆਂ ਚੰਡੀਗੜ੍ਹ ਵਿੱਚ ਸਾਖਰਤਾ ਦਰ 86.43 ਫਿਸਦੀ, ਹਰਿਆਣਾ ਵਿੱਚ 76.64 ਫਿਸਦੀ, ਹਿਮਾਚਲ ਪ੍ਰਦੇਸ਼ ਵਿੱਚ 83.78 ਫਿਸਦੀ ਹੈ, ਜੰਮੂ ਅਤੇ ਕਸ਼ਮੀਰ ਵਿੱਚ 68.74 ਫਿਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ। ਸਿੱਖਿਆ ਬਜ਼ਟ ਵਿੱਚ ਹੋ ਰਹੀ ਕਟੋਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ। ਪਿਛਲੇ ਸਮੇਂ ਦੋਰਾਨ ਸੈਂਕੜ੍ਹੇ ਸਕੂਲ ਬੰਦ ਹੋ ਚੁੱਕੇ ਹਨ। ਅੱਜ ਵੀ ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ। ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਅਤੇ ਅਕਸਰ ਹੀ ਬਾਰਿਸ਼ਾਂ, ਗਰਮੀਆਂ, ਅਤੇ ਠੰਡ ਵਿੱਚ ਸਕੂਲ ਬੰਦ ਕਰਨੇ ਪੈਂਦੇ ਹਨ ਪਰ ਫਿਰਵੀ ਉਨ੍ਹਾਂ ਦੀ ਜਗ੍ਹਾ ਤੇ ਨਵੀਆਂ ਸਕੂਲ ਦੀਆਂ ਇਮਾਰਤਾਂ ਨਹੀਂ ਬਣਾਈਆਂ ਜਾ ਰਹੀਆਂ ਹਨ। ਸਰਕਾਰ ਵਲੋਂ ਦੇਸ਼ ਵਿੱਚ ਅਨਪੜ੍ਹਤਾ ਨੂੰ ਖਤਮ ਅਤੇ ਸਿੱਖਿਆ ਦਾ ਚਾਨਣ ਫੈਲਾਉਣ ਲਈ ਰਾਸ਼ਟਰੀ ਸਾਖਰਤਾ ਮਿਸ਼ਨ ਚਲਾਇਆ ਗਿਆ ਅਤੇ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ। ਸਰਕਾਰ ਵਲੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀਹੈ। ਸਰਕਾਰ ਸਿੱਖਿਆ ਤੋਂ ਵੀ ਹੋਲੀ ਹੋਲੀ ਅਪਣੇ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ। ਅੱਜ ਅੰਤਰਰਾਸ਼ਟਰੀ ਸਾਖਰਤਾ ਦਿਵਸ ਤੇ ਸਰਕਾਰਾਂ ਨੂੰ ਗੰਭੀਰਤਾ ਨਾਲ ਨਾਲ ਸੋਚਣ ਦੀ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਢੁਕਵੇਂ ਕਦਮ ਚੁੱਕੇ ਜਾਣ ਜਿਸ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਤੇ ਲਾਗੂ ਕੀਤੀਆਂ ਜਾਣ ਜਿਸ ਨਾਲ ਦੇਸ਼ ਦੇ ਨਾਗਰਿਕਾਂ ਨੂੰ ਵਿਕਸਿਤ ਦੇਸ਼ਾਂ ਬਰਾਬਰ ਸਿੱਖਿਅਤ ਕਰਕੇ ਸਮੱਸਿਆਵਾਂ ਤੇ ਕਾਬੂ ਪਾਇਆ ਜਾ ਸਕੇ ਅਤੇ ਦੇਸ਼ ਨੂੰ ਸਮਾਜਿਕ-ਆਰਥਿਕ ਵਿਕਾਸ ਦੀਆਂ ਲੀਹਾਂ ਤੇ ਤੇਜ਼ੀ ਨਾਲ ਤੋਰਿਆ ਜਾ ਸਕੇ।

# ਖੇਡ ਮੇਲਿਆਂ ਦੀ ਸ਼ਾਨ ਹੈ - ਜੱਬਰ ਸਿੰਘ ਗਰੇਵਾਲ



ਇਕਬਾਲ ਸਿੰਘ ਜੱਬੋਵਾਲੀਆ
+1 (917) 375-6395

ਗੁਰੂਆਂ ਪੀਰਾਂ ਪੈਗੰਬਰਾਂ ਪੰਜਾਬ ਦੀ ਧਰਤੀ ਦੇ ਜਾਏ ਜਿਥੇ ਵੀ ਮਰਜ਼ੀ ਚਲੇ ਆਪਣੀਆਂ ਖੇਡਾਂ,ਵਿਰਸਾ ਵਿਰਾਸਤ, ਸਭਿਆਚਾਰ ਅਤੇ ਦਾਨੀਂ ਸੁਭਾਅ ਦੇ ਸੱਜਣ ਹਮੇਸ਼ਾਂ ਦਿਲਾਂ 'ਚ ਵਸਾਈ ਰੱਖਦੇ ਹਨ। ਗੱਲ ਕਰਦੇ ਹਾਂ ਅੱਜ ਨਿਓਜਰਸੀ ਰਹਿੰਦੇ ਲੁਧਿਆਣੇਂ ਦੇ ਗਰੇਵਾਲਾਂ ਦੇ ਬੱਬਰਸ਼ੇਰ ਜੱਬਰ ਸਿੰਘ ਗਰੇਵਾਲ ਦੀ। ਜਿਸ ਦਾ ਨਿਓਜਰਸੀ ਤੋਂ ਇਲਾਵਾ ਨਿਓਯਾਰਕ, ਓਹਾਇਓ, ਫਿਲਾਡੈਲਫੀਆਂ ਤੇ ਹੋਰ ਸਟੇਟਾਂ 'ਚ ਵੱਡਾ ਨਾਂ ਹੈ। ਹਰ ਖੇਡ ਮੇਲੇ 'ਚ ਉਹਦੀ ਸ਼ਮੂਲੀਅਤ ਜਰੂਰੀ ਹੁੰਦੀ ਐ। ਉਹ ਵੀ ਕਦੇ ਘੌਲ ਨਹੀਂ ਕਰਦਾ। ਓਹਦੀ ਇਕ ਲੱਤ ਨਿਓਜਰਸੀ ਤੇ ਦੂਜੀ ਨਿਓਯਾਰਕ ਹੁੰਦੀ ਹੈ।ਦੋਨਾਂ ਸਟੇਟਾਂ ਵਿਚਾਲੇ ਪੈਂਦਾਂ ਵੱਡਾ ਸਮੁੰਦਰ ਪਾਰ ਕਰਨਾ ਓਹਦੇ ਲਈ ਆਮ ਜੇਹੀ ਗੱਲ ਹੈ ਜਿਵੇਂ ਸਤਲੁਜ ਦਰਿਆ ਪਾਰ ਕਰਕੇ ਲੁਧਿਆਣੇਂ ਤੋਂ ਫਿਲੌਰ ਜਾਣਾ ਹੋਵੇ। ਉਹ ਹਮੇਸ਼ਾਂ ਪੱਬਾਂ ਭਾਰ ਰਹਿੰਦੈ। ਕਬੱਡੀ ਦਾ ਉਹ ਵੱਡਾ ਆਸ਼ਕ ਹੈ। ਕਬੱਡੀ ਦੀ ਚਿਣਗ ਉਹਦੇ 'ਚ ਕੁੱਟ ਕੁੱਟ ਭਰੀ ਹੋਈ ਐ। ਕਬੱਡੀ ਸੰਸਥਾਵਾਂ ਦੇ ਨਾਲ ਉਹ ਚਟਾਨ ਬਣ ਕੇ ਖੜ੍ਹ ਜਾਂਦੈ ਤੇ ਤਨ ਦੇਹੀ ਦੀ ਬਾਜ਼ੀ ਲਾ ਦਿੰਦੈ। ਪੰਜਾਬੀਆਂ ਦੀ ਮਨ ਭਾਉਂਦੀਆਂ ਖੇਡਾਂ ਤਾਂ ਹੋਰ ਵੀ ਨੇ ਪਰ ਕਬੱਡੀ ਦੇ ਪੰਜਾਬੀ ਕੁਝ ਜਿਆਦਾ ਹੀ ਦੀਵਾਨੇ ਨੇ। ਓਹਦੇ ਥਾਪੜੇ ਨਾਲ ਕਬੱਡੀ ਕਲੱਬਾਂ ਵੀ ਸਿਰੇ ਦੇ ਮੈਚ ਕਰਾਉਣ ਲਈ ਸਿਰ ਧੜ੍ਹ ਦੀ ਬਾਜ਼ੀ ਲਾ ਦਿੰਦੀਆਂ ਨੇ। ਜੱਬਰ ਸਿੰਘ ਦੇ ਟੂਰਨਾਂਮੈਂਟਾਂ ਵਿੱਚ ਪਹੁੰਚਦੇ ਹੀ ਕਮੇਟੀਆਂ ਦਾ ਹੌਸਲਾ ਦੂਣਾ ਤੀਣਾ ਹੋ ਜਾਂਦੈ ਤੇ ਮਾਈਕ ਤੋਂ ਅਨਾਓਸਮੈਂਟਾਂ ਹੋਣ ਲੱਗ ਪੈਂਦੀਆਂ ਨੇ-ਲਓ ਜੀ ਆ ਗਿਆ ਖੇਡ ਮੇਲਿਆਂ ਦੀ ਸ਼ਾਨ, ਖੇਡ ਮੇਲਿਆਂ ਦੀ ਰੌਣਕ ਜੱਬਰ ਸਿੰਘ ਗਰੇਵਾਲ। ਖਿਡਾਰੀਆਂ ਤੋਂ ਹੁਣ ਪੈਸਿਆਂ ਦੀ ਬਾਰਸ਼ ਹੋਵੇਗੀ, ਦੇਖੀ ਜਾਣਾ..। ਫਿਰ ਵਾਕਿਆ ਹੀ ਡਾਲਰਾਂ ਦਾ ਮੀਂਹ ਵਰਨ ਲੱਗ ਜਾਂਦੈ..। ਕਜ਼ਨ ਭਰਾ ਜੀਤੀ ਗਰੇਵਾਲ ਵੀ ਹਮੇਸ਼ਾਂ ਓਹਦੇ ਨਾਲ ਹੀ ਪ੍ਰਛਾਵੇਂ ਵਾਂਗ ਰਹਿੰਦੈ ਤੇ ਸਾਹਾਂ 'ਚ ਸਾਹ ਭਰੀ ਰੱਖਦੈ।

**ਜੱਬਰ ਸਿੰਘ ਦੇ ਗੈਸ ਸਟੇਸ਼ਨ ਨੇ**

ਗੈਸ ਸਟੇਸ਼ਨਾਂ ਦਾ ਬਿਜ਼ਨਸ ਕਰਦੇ ਉਹਨੂੰ ਤੇਈ ਸਾਲ ਹੋ ਗਏ ਨੇ।ਆਪਣੀ ਨੇਕ ਕਮਾਈ ਦਾ ਵੱਧ ਤੋਂ ਵੱਧ ਦਸਵੰਧ ਖੇਡ ਮੇਲਿਆਂ ਦੇ ਲੇਖੇ ਲਾਓਂਦੈ। ਬੜੇ ਬੜੇ ਬਿਜ਼ਨਸਾਂ, ਬਿਲਡਿੰਗਾਂ ਪੈਸੇ ਵਾਲੇ ਬੈਠੇ ਨੇ ਪਰ ਪੁੰਨ ਦਾਨ ਵੀ ਕਿਸੇ ਕਿਸੇ ਦੇ ਹਿਸੇ ਹੀ ਆਓਂਦੈਂ ਜੋ ਜੱਬਰ ਸਿੰਘ ਦੇ ਹਿੱਸੇ ਆਇਆ ਹੈ। ਉਹਦੇ ਬਜ਼ੁਰਗ ਬਾਬੇ ਵੀ ਬੜੇ ਦਾਨੀਂ ਸੁਭਾਅ ਦੇ ਸਨ। ਦਾਦਾ ਜੀ ਪਹਿਲਵਾਨ ਸੁੱਚਾ ਸਿੰਘ ਪਾਕਿਸਤਾਨੋਂ ਆ ਕੇ ਜਿਲ੍ਹਾ ਲੁਧਿਆਣਾ 'ਚ ਪੈਂਦੇਂ ਮੰਡੀ ਅਹਿਮਦਗੜ੍ਹ ਕੋਲ ਧੂਲਕੋਟ ਪਿੰਡ ਜਾ ਵਸੇ ਸਨ।ਪਿਤਾ ਸ. ਮਲਕੀਤ ਸਿੰਘ ਵੀਹ ਸਾਲ ਪਿੰਡ ਧੂਲਕੋਟ ਦੇ ਸਰਪੰਚ ਰਹੇ। ਪਿੰਡ ਦੇ ਵਿਕਾਸ ਨੂੰ ਹਮੇਸ਼ਾਂ ਪਹਿਲ ਦਿੰਦੇਂ ਰਹੇ। ਸਰਕਾਰੇ ਦਰਵਾਰੇ ਪੂਰੀ ਪਹੁੰਚ ਸੀ। ਲੋਕਾਂ ਦੇ ਰੁਕੇ ਕਾਰਜ਼ ਸਿੱਧ ਕੀਤੇ। ਲੋਕ ਮਨਾਂ ਵਿੱਚ ਵਿਸ਼ਵਾਸ ਪੈਦਾ ਕੀਤਾ। ਬਜ਼ੁਰਗਾਂ ਦੀਆਂ ਦੁਆਵਾਂ ਦਾ ਹੀ ਅੱਗੇ ਤੋਂ ਅੱਗੇ ਅਸਰ ਹੁੰਦਾ ਅਮਰੀਕਾ ਤੱਕ ਜਾ ਪਹੁੰਚਿਆ। ਉਹਨੇ ਕਦੇ ਹੱਥ ਨਹੀਂ ਘੁੱਟਿਆ, ਹਮੇਸ਼ਾਂ ਖੋਲ੍ਹ ਕੇ ਰੱਖਿਆ। ਜੋ ਜੀਅ ਆਵੇ ਸੋ ਰਾਜੀ ਜਾਵੇ ਵਾਲੀ ਕਹਾਵਤ ਸਿੱਧ ਕੀਤੀ ਹੋਈ ਹੈ।

ਉਹ ਪੰਜਾਬ ਦੀ ਮਿੱਟੀ ਨਾਲ ਹਮੇਸ਼ਾਂ ਜੁੜਿਆ ਰਹਿੰਦੈ। ਕਿਸੇ ਵੀ ਲੋੜਵੰਦ ਨੂੰ ਅੱਜ ਤੱਕ ਕਦੇ ਪਿੱਠ ਨਹੀਂ ਮੋੜੀ ਸਗੋਂ ਬਰਾਬਰ ਤੋਂ ਮੂਹਰੇ ਜਾ ਖੜ੍ਹਦੈ। ਖੇਡ ਮੇਲੇ ਹੋਣ ਜਾਂ ਸਮਾਜਿਕ ਭਲਾਈ ਦੇ ਕੰਮ ਜਾਂ ਗੁਰੂ ਘਰਾਂ ਲਈ ਦਾਨ ਜਾਂ ਕੋਈ ਲੋੜਵੰਦ ਹੋਵੇ ਫਿਕਰ ਨਾ ਕਰ, ਮੈਂ ਹੈਗਾ ਕਹਿ ਦਿੰਦੈ।ਬੜੇ ਸਾਲ ਪਹਿਲਾਂ ਉਹਦੇ ਜਿਗਰੀ ਮਿੱਤਰ ਮੱਖਣ ਸਿੰਘ ਗਰੇਵਾਲ ਦੀ ਮੌਤ ਨੇ ਉਹਨੂੰ ਝੰਜੋੜ ਕੇ ਰੱਖ ਦਿਤਾ ਸੀ। ਉਹਦੀ ਯਾਦ ਵਿੱਚ ਲੁਧਿਆਣੇਂ ਸਟੇਡੀਅਮ ਵਾਸਤੇ ਵਾਹਵਾ ਮਾਇਆ ਦਾਨ ਕੀਤੀ ਸੀ। ਜੱਬਰ ਸਿੰਘ ਗਰੇਵਾਲ ਹਰ ਇਕ ਦੇ ਕੰਮ ਆਓਣਾ ਆਪਣਾ ਫਰਜ਼ ਸਮਝਦੈ। ਭਲੇ ਦੇ ਕਾਰਜ਼ ਜਿੰਦਗੀ ਦੇ ਆਖਰੀ ਸਵਾਸਾਂ ਤੱਕ ਨਿਭਾਓਣ ਦੀ ਮੰਨ ਵਿੱਚ ਧਾਰੀ ਹੋਈ ਹੈ। ਹਰ ਇਕ ਦੇ ਦੁਖ ਸੁਖ 'ਚ ਸ਼ਰੀਕ ਹੋਣਾ ਆਪਣਾ ਫ਼ਰਜ਼ ਸਮਝਦੈ। ਆਪਣੇਂ ਵੱਡ ਵਡੇਰਿਆਂ ਦੇ ਆਸ਼ੀਰਵਾਦ ਤੇ ਥਾਪੜੇ ਨੂੰ ਕਦੇ ਨਹੀਂ ਭੁੱਲਦਾ। ਮਾਤਾ ਮਨਜੀਤ ਕੌਰ ਗਰੇਵਾਲ ਦੀਆਂ ਚੰਗੀਆਂ ਸਿਖਿਆਵਾਂ ਨੂੰ ਹਮੇਸ਼ਾਂ ਦਿਲ 'ਚ ਸਮੋਈ ਰੱਖਦੈ।

ਕਬੱਡੀ ਦਾ ਹਰਫ਼ਮੌਨ ਮੌਲਾ ਆਸ਼ਕ ਮੇਲਿਆਂ ਲਈ ਸਾਰੀਆਂ ਸੇਵਾਵਾਂ ਨਿਛਾਵਰ ਕਰ ਦਿੰਦਾ। ਨਿਓਯਾਰਕ, ਨਿਓਜਰਸੀ, ਓਹਾਇਓ, ਫ਼ਿਲਾਡੈਲਫੀਆ ਅਤੇ ਸਟੇਟਾਂ ਤੋਂ ਇਲਾਵਾ ਪੰਜਾਬ ਦੇ ਕਬੱਡੀ ਮੇਲਿਆਂ 'ਚ ਹਮੇਸ਼ਾਂ ਉਹਦੀ ਓਡੀਕ ਰਹਿੰਦੀ ਐ। ਜਿਵੇਂ ਲਾੜੇ ਬਿਨਾਂ ਬਰਾਤ ਅਧੂਰੀ ਹੁੰਦੀ ਐ, ਐਨ ਉਸੇ ਤਰ੍ਹਾਂ ਹੀ ਜੱਬਰ ਸਿੰਘ ਬਿਨਾਂ ਖੇਡ ਮੇਲੇ ਅਧੂਰੇ ਸਮਝੇ ਜਾਂਦੇ ਨੇ। ਬੜੇ ਮਾਣ ਨਾਲ ਖੇਡ ਕਲੱਬਾਂ ਕਹਿੰਦੀਆਂ ਨੇ ਜੱਬਰ ਸਿੰਘ ਉਹਨਾਂ ਨਾਲ ਐ ਹੁਣ ਕੋਈ ਪ੍ਰਵਾਹ ਨਹੀਂ। ਇਸੇ ਸਾਲ ਦੇ ਮਹੀਂਨੇਂ ਦਸ ਜੁਲਾਈ ਨੂੰ ਹੋਏ ਐਨ ਵਾਈ ਸੀ ਕਬੱਡੀ ਕਲੱਬ ਨਿਓਯਾਰਕ ਦੇ ਕਬੱਡੀ ਮੇਲੇ ਵਿੱਚ ਜੱਬਰ ਸਿੰਘ ਦਾ ਬੜਾ ਵੱਡਾ ਸਾਥ ਸੀ। ਕਲੱਬ ਦੇ ਸੱਜਣਾਂ ਨਾਲ ਮੌਢੇ ਨਾਲ ਮੌਢਾ ਜੋੜ ਕੇ ਖੜ੍ਹ ਗਿਆ। ਐਨ ਵਾਈ ਸੀ  ਕਬੱਡੀ ਕਲੱਬ ਨੂੰ ਹੈਰੀ ਪੁਆਰ ਤੇ ਰਾਜ ਪੁਆਰ ਤੇ ਪਿਤਾ ਸ. ਦਰਬਾਰਾ ਸਿੰਘ ਪੁਆਰ ਜੀ ਦਾ ਆਸ਼ੀਰਵਾਦ ਤੇ ਵੱਡਾ ਥਾਪੜਾ ਸੀ। ਹੁਣ ਦਸ ਸਤੰਬਰ ਨੂੰ ਨਿਓਯਾਰਕ ਦੇ ਸਮੋਕੀ ਪਾਰਕ ਵਿਖੇ ਹੋਣ ਵਾਲਾ ਵੱਡਾ ਕਬੱਡੀ ਮੇਲਾ ਵੀ ਮਾਲਵਾ ਬ੍ਰਦਰਜ਼ ਐਸੋਸੀਏਸ਼ਨ, ਪੰਜਾਬੀ ਵਿਰਸਾ ਸਪੋਰਟਸ ਕਲੱਬ ਅਤੇ ਸੰਤ ਪ੍ਰੇਮ ਸਿੰਘ ਕਲਚਰਲ ਐਸੋਸੀਏਸ਼ਨ ਨਿਓਯਾਰਕ ਦੇ ਸਾਂਝੇ ਜਤਨਾ ਸਦਕਾ ਇਹ ਕਬੱਡੀ ਮੇਲਾ ਕਰਵਾਇਆ ਜਾ ਰਿਹੈ। ਹੋਣ ਵਾਲੇ ਉਸ ਕਬੱਡੀ ਮੇਲੇ ਦੀ ਨਿਓਯਾਰਕ ਟਰਾਈ ਸਟੇਟ ਦੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਬੇਸਬਰੀ ਨਾਲ ਓਡੀਕ ਹੈ।

ਖੇਡ ਸ਼ੌਕ ਪਾਲਣੇ ਬੜੇ ਔਖੇ,
ਆਪਾ ਆਪ ਬਰਬਾਦ ਕਰਨਾ ਪੈਂਦਾਂ ਏ।
ਤਨ ਮਨ ਧਨ ਦੀ ਨਾ ਪ੍ਰਵਾਹ ਹੁੰਦੀ,
ਹਰ ਮੁਸੀਬਤ ਨੂੰ ਜਰਨਾ ਪੈਂਦਾਂ ਏ।
ਖੇਡਾਂ ਦੇ ਆਸ਼ਕਾਂ ਨੂੰ ਇਕਬਾਲ ਸਿੰਹ,
ਘਰ ਫੂਕ ਤਮਾਸ਼ਾ ਕਰਕੇ,
ਸ਼ੌਕਾਂ ਨੂੰ ਸਾਕਾਰ ਕਰਨਾ ਪੈਂਦਾਂ ਏ।






### ਅਮਰੀਕੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਵਿਸ਼ਵ ਮਜ਼ਦੂਰ ਦਿਵਸ ਦਾ ਜਨਮਦਾਤਾ ਅਮਰੀਕਾ



ਡਾ ਚਰਨਜੀਤ ਸਿੰਘ ਗੁਮਟਾਲਾ
91-94175-33060

ਦੁਨੀਆਂ ਭਰ ਵਿਚ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਤੇ ਕਨੇਡਾ ਵਿਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਸਾਲ ਇਨ੍ਹਾਂ ਦੋਵਾਂ ਮੁਲਕਾਂ ਵਿਚ ਇਹ ਦਿਨ 5 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਦੋਵਾਂ ਦੇਸ਼ਾਂ ਵਿਚ ਕੌਮੀ ਛੁੱਟੀ ਹੁੰਦੀ ਹੈ।ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ? ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਉਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ, ਉਸੇ ਤਰ੍ਹਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ਼ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਉਰੋ ਸਥਾਪਤ ਕਰਨ, ਜ਼ੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿੱਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ।

ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।



5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ।ਐਸ। ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ। ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿੱਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲੀਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ।

ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲੀਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫ਼ਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫ਼ਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫ਼ਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿੱਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫ਼ਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ।

1893 ਵਿੱਚ ਉਹਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ 'ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ ਘੱਟ ਦਰ ਨਿਸ਼ਚਿਤ ਕਰਨ ਲੱਗੀ।

# ਮੇਰੇ ਅਧਿਆਪਕ



ਗੁਰਪ੍ਰੀਤ ਸਿੰਘ ਧਨੋਆ
9988001972

ਜ਼ਿਲ੍ਹਾ ਬਠਿੰਡਾ ਦੀ ਤਹਿਸੀਲ ਰਾਮਪੁਰਾ ਫੂਲ ਦੀ ਹਦੂਦ ਅੰਦਰ ਪੈਂਦੇ, ਪਿੰਡ ਕੋਠਾਗੁਰੂ ਦੇ ਮੇਨ ਬੱਸ ਸਟੈਂਡ ਉਪਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਇਮਾਰਤ ਬਣੀ ਹੋਈ ਹੈ, ਉਸਦਾ ਜਿਕਰ ਮੈ ਜਦੋਂ ਵੀ ਬਠਿੰਡਾ ਤੋਂ ਪਿੰਡ ਜਾਵਾਂ, ਮੇਰੇ ਨਾਲ ਕਿਸੇ ਵੀ ਵਹੀਕਲ ਤੇ ਬੈਠੇ ਹੋਏ ਵਿਅਕਤੀ/ਬੱਚਿਆਂ ਆਦਿ ਨਾਲ ਨਾ ਕਰਾਂ, ਸਾਇਦ ਇਹ ਕਦੇ ਵੀ ਨਹੀ ਹੋਇਆ । ਜਿੱਥੇ ਸਾਲ 1989-1993 ਤੱਕ ਅੰਗਰੇਜ਼ੀ ਦੇ ਅੱਖਰ 'ਐਲ' ਨੁਮਾ ਬਣੀ ਇਮਾਰਤ ਵਿੱਚ ਬਣੇ ਉਹਨਾਂ ਕਮਰਿਆਂ ਦੇ ਅੱਗੇ ਖਾਲ੍ਹੀ ਜਗ੍ਹਾ (ਪਾਰਕ ) ਵਿੱਚ ਪੀਰੀਅਡ ਖਤਮ ਹੋਣ ਤੋਂ ਬਾਅਦ ਬੈਠੇ ਉਹਨਾਂ ਸਤਿਕਾਰਯੋਗ ਅਧਿਆਪਕ ਸਾਹਿਬਾਨਾਂ ਨੂੰ ਜਦੋਂ ਅੱਜ 29 ਸਾਲ ਬਾਅਦ ਵੀ ਜਹਿਨ ਵਿੱਚ ਯਾਦ ਕਰਦੇ ਹਾਂ ਤਾਂ ਮਨ ਨੂੰ ਬਹੁਤ ਨਿੱਘਾ ਸਕੂਨ ਮਿਲਦਾ ਹੈ ਅਤੇ ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਮੈ ਉਹਨਾਂ ਸਾਰੇ ਹੀ ਵਿਲੱਖਣ ਸੂਝ ਬੂਝ ਦੇ ਧਾਰਨੀ, ਚਾਨਣ ਦੇ ਮੁਨਾਰਿਆਂ ਪਾਸੋਂ ਜਿੰਦਗੀ ਵਿੱਚ ਅਗਾਂਹਵਧੂ, ਹੌਸਲਾਮਈ ਸੋਚ ਦੀ ਪ੍ਰੇਰਨਾ ਹਾਸਲ ਕੀਤੀ ਹੈ । ਸਭ ਤੋਂ ਪਹਿਲਾਂ ਇਹਨਾਂ ਚਾਨਣ ਦੇ ਮੁਨਾਰੇ, ਗਿਆਨ ਗੁਰੂ ਜੋ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ, ਨੂੰ ਮੇਰੇ ਵੱਲੋਂ ਦਿਲੋਂ ਸਿਜਦਾ ਕੀਤਾ ਜਾਂਦਾ ਹੈ । ਸਾਡੇ ਮਨਾਂ ਵਿੱਚ ਸਦਾ ਅਮਿੱਟ ਛਾਪ ਛੱਡਣ ਵਾਲੀਆਂ ਇਹਨਾਂ ਸਤਿਕਾਰਤ ਸਖਸ਼ੀਅਤਾਂ ਨੂੰ ਅੱਜ ਦੇ ਦਿਨ ਅਧਿਆਪਕ ਦਿਵਸ ਉਪਰ ਯਾਦ ਕਰਨਾ ਹਰ ਸਿਖਿਆਰਥੀ ਲਈ ਬੜੇ ਫਖਰ ਵਾਲੀ ਗੱਲ ਹੈ।

ਕਿਸ ਗਿਆਨ ਗੁਰੂ ਦੀ ਵਿਆਖਿਆ ਪਹਿਲਾਂ ਸ਼ੁਰੂ ਕਰਾਂ ਇਹ ਵੀ ਇੱਕ ਵੱਡਾ ਸਵਾਲ ਹੈ, ਕਿਉਂਕਿ ਪੰਜਾਬ ਦੇ ਬਸ਼ਿੰਦੇ ਹਾਂ ਇਸ ਲਈ ਗੱਲ ਵੀ ਪਹਿਲਾਂ ਪੰਜਾਬੀ ਦੀ ਹੀ ਕਰਨੀ ਬਣਦੀ ਹੈ, ਇਸ ਲਈ ਪਹਿਲਾਂ ਯਾਦ ਹੀ ਗਿਆਨੀ ਇੰਦਰ ਸਿੰਘ ਵਾਸੀ ਘਣੀਆਂ ਜ਼ਿਲ੍ਹਾ ਫਰੀਦਕੋਟ ਅਤੇ ਪੰਜਾਬੀ ਤੋਂ ਬਾਅਦ ਅੰਗਰੇਜ਼ੀ ਦੇ ਅਧਿਆਪਕ ਸ੍ਰੀ ਜਸਵੰਤ ਸਿੰਘ ਵਾਸੀ ਪਿੰਡ ਘਣੀਆਂ ਜ਼ਿਲ੍ਹਾਂ ਫਰੀਦਕੋਟ ਜੀ ਨੂੰ ਕਰਨਾ ਬਣਦਾ ਹੈ । ਗਿਆਨੀ ਇੰਦਰ ਸਿੰਘ ਜੀ ਇੱਕ ਸਾਦਗੀ ਭਰਪੂਰ ਅਤੇ ਸ਼ਾਤ ਸੁਭਾਅ ਦੇ ਮਾਲਕ ਸਨ ਅਤੇ ਸ੍ਰੀ ਜਸਵੰਤ ਸਿੰਘ ਥੋੜਾ ਸਖਤ ਲਹਿਜੇ ਵਾਲੇ ਸਨ । ਦੋਨਾਂ ਨੇ ਪਿੰਡ ਘਣੀਆਂ ਤੋ ਇੱਕਠੇ ਆਉਣਾ ਹੁੰਦਾ ਸੀ, ਇਸ ਲਈ ਕਦੇ ਚੇਤਕ ਸਕੂਟਰ ਤਾਂ ਕਦੇ ਰਾਜਦੂਤ ਦੀ ਅਵਾਜ ਸੁਣਨ ਨੂੰ ਮਿਲਦੀ ਸੀ । ਪਿੰਡ ਕੋਠਾ ਗੁਰੂ ਦੇ ਸਕੂਲ ਵਿੱਚੋਂ ਘਣੀਆਂ ਤੋਂ ਵਾਇਆ ਮਲੂਕਾ, ਕੋਠਾ ਗੁਰੂ ਆਉਣ ਵਾਲੀ ਸੜ੍ਹਕ ਰਾਹੀ ਹੀ ਇਹ ਦੋਨੋਂ ਅਧਿਆਪਕ ਸਾਹਿਬਾਨ ਕਦੇ ਅਲੱਗ-ਅਲੱਗ ਵਹੀਕਲਾਂ ਤੇ ਅਤੇ ਕਦੇ-ਕਦੇ ਦੋਨੋਂ ਇੱਕ ਹੀ ਵਹੀਕਲ ਆਉਂਦੇ ਸਨ, ਮੇਰੇ ਵਰਗੇ ਸਿਖਿਆਰਥੀ ਅਕਸਰ ਵੇਖਦੇ ਹੁੰਦੇ ਸੀ ਕਿ ਕੀ ਅੱਜ ਦੋਨੋਂ ਅਧਿਆਪਕ ਸਾਹਿਬਾਨ ਆ ਰਹੇ ਹਨ ਜਾਂ ਇੱਕ ਹੀ ਨੇ, ਕਿਉਂਕਿ ਉਸ ਸਮੇਂ ਉਮਰ ਹੀ ਅਜਿਹੀ ਹੁੰਦੀ ਸੀ, ਜੇਕਰ ਕਿਸੇ ਦਿਨ ਇੱਕ ਹੀ ਅਧਿਆਪਕ ਸਾਹਿਬ ਆਉਂਦੇ ਵਿਖ ਜਾਂਦੇ ਤਾਂ ਇੰਝ ਲਗਦਾ ਸੀ ਪਤਾ ਨਹੀ ਕਿ ਮਿਲ ਗਿਆ ਹੋਵੇ । ਠੀਕ ਹੈ ਕਿ ਅੱਜ ਗਿਆਨੀ ਇੰਦਰ ਸਿੰਘ ਜੀ ਪੰਜਾਬੀ ਅਧਿਆਪਕ ਜੀ ਦੁਆਰਾ ਦਿੱਤੀ ਗਈ ਸਿੱਖਿਆ ਦੀ ਬਦੌਲਤ ਪੰਜਾਬੀ ਲਿੱਪੀ ਦੀਆਂ ਮਾਤਰਾਵਾਂ, ਬਿੰਦੀ, ਟਿੱਪੀ ਆਦਿ ਦੀ ਜਾਣਕਾਰੀ ਹੈ ਪਰ ਇਸਦੇ ਉਲਟ ਸ੍ਰੀ ਜਸਵੰਤ ਸਿੰਘ ਜੀ ਵਰਗੇ ਮਿਹਨਤੀ ਅਧਿਆਪਕ ਸਾਹਿਬ ਜੀ ਦੀ ਮਿਹਨਤ ਦੇ ਬਾਵਜੂਦ ਮੈਂ ਉਹਨਾਂ ਦੀ ਮਿਹਨਤ ਤੇ ਪੂਰਨ ਤੌਰ ਤੇ ਖਰਾ ਨਹੀ ਉਤਰ ਸਕਿਆ ਹਾਂ, ਫਿਰ ਵੀ ਅੱਜ ਦੇ ਸਮੇਂ ਦੇ ਕਾਰਨ ਅਜੋਕੇ ਸਮੇਂ ਦੀ ਬਹੁਤ ਚਰਚਿਤ ਭਾਸ਼ਾ ਨੂੰ ਸਮਝਣ ਵਿੱਚ ਕੁਝ ਹੱਦ ਤੱਕ ਪਰਪੱਕ ਹੋ ਪਾਇਆ ਹਾਂ ।

ਗਣਿਤ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਆਤਮਤੇਜ ਸ਼ਰਮਾ ਜੀ ਦੇ ਸੁਭਾਅ ਦੀ ਕਿੱਥੋਂ ਸ਼ੁਰੂਆਤ ਕਰਾਂ, ਇਹ ਵੀ ਇੱਕ ਮੁਸ਼ਕਲ ਪ੍ਰਸ਼ਨ ਹੈ । ਮਿਠਾਸ ਅਤੇ ਸਾਦਗੀ ਉਹਨਾਂ ਦੀ ਸ਼ਖਸੀਅਤ ਨੂੰ ਚਾਰ ਚੰਨ ਲਾਉਦੀ ਸੀ ਅਤੇ ਅੱਜ ਵੀ ਲਾਉਦੀ ਹੈ । ਉਹਨਾਂ ਦੁਆਰਾ ਕਲਾਸ ਅੰਦਰ ਪੜ੍ਹਾਉਣ ਸਮੇ ਵਰਤੇ ਜਾਂਦੇ ਸ਼ਬਦ ਸੱਜਣ ਅਤੇ ਬੱਚੂ ਅੱਜ ਵੀ ਜਦੋਂ ਯਾਦ ਆਉਂਦੇ ਹਨ ਤਾਂ ਧੁਰ ਅੰਦਰ ਤੱਕ ਵਿਲੱਖਣ ਤਰੰਗ ਛਿੜਦੀ ਹੈ । ਜਦੋਂ ਉਹਨਾਂ ਦੁਆਰਾ ਕੋਈ ਪ੍ਰਸ਼ਨ ਸਮਝਾਏ ਜਾਣ ਤੇ ਬਹੁਤੇ ਵਿਦਿਆਰਥੀਆਂ ਵੱਲੋਂ ਅਣਗੌਲਿਆਂ ਕਰਨ ਦੀ ਗੱਲ ਉਹਨਾਂ ਵੱਲੋਂ ਵੇਖੀ ਜਾਂਦੀ ਤਾਂ ਉਹਨਾਂ ਵੱਲੋਂ ਆਪਣੇ ਕੋਲ ਬੁਲਾਉਣਾ ਅਤੇ ਗੱਲਾਂ ਕਰਦੇ ਹੀ ਦੋਨੋ ਹੱਥ ਇੱਕਠੇ ਕਦੋਂ ਗੱਲਾਂ ਤੇ ਆ ਵਜਦੇ ਸਨ ਦਾ ਕਦੇ ਭੋਰਾ ਵੀ ਅੰਦਾਜ਼ਾ ਨਹੀ ਸੀ ਲੱਗਦਾ। ਸ਼ਾਇਦ ਅਸੀ ਉਸ ਸਜ਼ਾ ਦੇ ਉਸ ਸਮੇਂ ਹੱਕਦਾਰ ਵੀ ਹੁੰਦੇ ਸੀ ਇਸ ਲਈ ਦਿੱਤੀ ਗਈ ਸਜ਼ਾ ਦਾ ਕਦੇ ਵੀ ਅਫਸੋਸ ਨਹੀ ਹੈ । ਅੱਜ ਪਤਾ ਲੱਗਦਾ ਕਿ ਬਦਾਮ ਜਾਂ ਦਿਮਾਗੀ ਸ਼ਕਤੀ ਤੇਜ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਆਦਿ ਉਕਤ ਸਜ਼ਾ ਦੀ ਗੂੰਜ ਤੋਂ ਕਿਤੇ ਥੱਲ੍ਹੇ ਹਨ । ਮਾਸਟਰ ਜੀ ਅਤੇ ਮੇਰਾ ਪਿੰਡ ਇੱਕ ਹੀ ਸੀ, ਇਸ ਲਈ ਅਕਸਰ ਗਾਹੇ-ਵਗਾਹੇ ਉਹਨਾਂ ਨਾਲ ਮੇਲ੍ਹ ਹੁੰਦਾ ਰਹਿੰਦਾ ਹੈ । ਅੱਜ ਤੱਕ ਕਦੇਂ ਅਜਿਹਾ ਸਮਾਂ ਨਹੀ ਆਇਆ ਕਿ ਮਾਸਟਰ ਜੀ ਸਾਹਮਣੇ ਹੋਣ, ਉਹਨਾਂ ਦਾ ਧਿਆਨ ਮੇਰੇ ਵਿੱਚ ਹੋਵੇ ਜਾਂ ਨਾ ਹੋਵੇ, ਮੇਰੇ ਕਦਮ ਉਹਨਾਂ ਵੱਲ ਜਾਣ ਨੂੰ ਝਿਜਕੇ ਹੋਣ। ਮੈਂ ਮਾਸਟਰ ਜੀ ਦੀ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ ।

ਵਿਗਿਆਨ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਜਗਦੀਸ਼ ਰਾਏ ਜੀ ਦਾ ਵਿਗਿਆਨ ਵਿਸ਼ੇ ਨੂੰ ਪੜ੍ਹਾਉਣ ਦਾ ਇੱਕ ਵੱਖਰਾ ਹੀ ਤਰੀਕਾ ਸੀ । ਉਹ ਵਿਦਿਆਰਥੀਆਂ ਨੂੰ ਅਕਸਰ ਹੀ ਲੈਬ ਅੰਦਰ ਲਿਆ ਕੇ ਵਿਗਿਆਨ ਦੀ ਬਾਰੀਕੀਆਂ ਬਾਰੇ ਜਾਣੂ ਕਰਵਾਉਂਦੇ ਰਹਿੰਦੇ ਹਨ । ਅੱਜ ਕੱਲ ਉਹ ਆਪਣੇ ਬੇਟਿਆਂ ਕੋਲ ਬਠਿੰਡਾ ਵਿਖੇ ਰਹਿੰਦੇ ਹਨ ਪਰੰਤੂ ਬਾਵਜੂਦ ਮੈਂ ਖੁਦ ਬਠਿੰਡਾ ਦਾ ਵਸਨੀਕ ਹੋਣ ਦੇ ਉਹਨਾਂ ਨੂੰ ਕਦੇ ਜਿੰਦਗੀ ਦੇ ਰੁਝੇਵਿਆਂ ਕਾਰਨ ਮਿਲ ਨਹੀ ਸਕਿਆ, ਕੋਸਿਸ਼ ਕਰਾਂਗਾ ਕਿ ਰੁਝੇਵਿਆਂ ਨੂੰ ਥੋੜ੍ਹਾ ਵਿਰਾਮ ਦੇ ਕੇ ਉਹਨਾਂ ਨਾਲ ਮੁਲਾਕਾਤ ਕਰਕੇ ਉਹਨਾਂ ਦੀ ਸਿਹਤ ਆਦਿ ਬਾਰੇ ਜਾਣ ਸਕਾਂ ।

ਹਿੰਦੀ ਵਿਸ਼ੇ ਨਾਲ ਸਬੰਧਤ ਮਾਸਟਰ ਮਨੋਹਰ ਲਾਲ ਜੀ ਹਿੰਦੀ ਅਧਿਆਪਕ ਜੋ ਅੱਜ ਇਸ ਦੁਨੀਆਂ ਵਿੱਚ ਨਹੀ ਰਹੇ, ਹੱਸਮੁੱਖ ਸੁਭਾਅ ਦੇ ਮਾਲਕ ਸਨ । ਮੇਰਾ ਨਿੱਜੀ ਤੌਰ ਤੇ ਹਿੰਦੀ ਵਿਸ਼ੇ ਨਾਲ ਉਸ ਸਮੇਂ ਕਾਫੀ ਲਗਾਵ ਸੀ, ਜਿਸ ਕਾਰਨ ਬਹੁਤ ਘੱਟ ਮੌਕੇ ਅਜਿਹੇ ਹੋਣਗੇ ਕਿ ਮੇਰੇ ਹਿੰਦੀ ਵਿਸ਼ੇ ਵਿੱਚੋਂ ਨੰਬਰ 70-80 ਦੇ ਦਰਮਿਆਨ ਨਾ ਆਏ ਹੋਣ । ਮੈਨੂੰ ਇਸ ਗੱਲ ਦਾ ਹਮੇਸ਼ਾ ਅਫਸੋਸ ਰਹੇਗਾ ਕਿ ਪਿਛਲੇ ਸਾਲ ਉਹਨਾਂ ਦੀ ਅੰਤਿਮ ਅਰਦਾਸ ਵਿੱਚ ਵੀ ਸ਼ਾਮਲ ਨਹੀ ਹੋ ਸਕਿਆ ।

ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਨਾਲ ਸਬੰਧਤ ਅਧਿਆਪਕਾਂ ਸ੍ਰੀਮਤੀ ਮਲਕੀਤ ਕੌਰ ਜੀ ਜੋ ਕਿ ਕੈਂਸਰ ਵਰਗੀ ਨਾ ਮੁਰਾਦ ਬਿਮਾਰੀ ਨੂੰ ਦਲੇਰਾਨਾ ਢੰਗ ਨਾਲ ਹਰਾਉਣ ਉਪਰੰਤ, ਇੱਕ ਵਾਰ ਫਿਰ ਤੋਂ ਇਸ ਨਾ-ਮੁਰਾਦ ਬਿਮਾਰੀ ਦੇ ਕਲੇਵੇ ਵਿੱਚ ਆ ਜਾਣ ਕਾਰਨ ਕੁਝ ਹੀ ਸਮੇਂ ਅੰਦਰ ਜਨਵਰੀ 2021 ਦੌਰਾਨ ਕੈਨੇਡਾ ਦੀ ਧਰਤੀ ਤੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਚੁੱਕੇ ਹਨ । ਜਦੋਂ ਅਸੀ ਛੇਵੀਂ ਕਲਾਸ ਵਿੱਚ ਦਾਖਲ ਹੋਏ ਤਾਂ ਉਸੇ ਹੀ ਸਮੇਂ ਇਹਨਾਂ ਵੱਲੋਂ ਸਾਡੇ ਸਕੂਲ ਵਿਖੇ ਜੁਆਇਨ ਕੀਤਾ ਗਿਆ । ਸੁਭਾਅ ਕਾਫੀ ਸਖਤ ਸੀ, ਪੜ੍ਹਾਉਣ ਦਾ ਜਜਬਾ ਲਾ-ਜਵਾਬ ਸੀ ਪਰੰਤੂ ਸਮਾਜਿਕ ਸਿੱਖਿਆ ਦੇ ਵੱਡੇ ਵੱਡੇ ਪ੍ਰਸ਼ਨ ਅਕਸਰ ਦਿਮਾਗ ਦੇ ਬਾਹਰੋਂ ਹੀ ਗੁਜਰ ਜਾਂਦੇ ਸੀ ਅਤੇ ਮੈਡਮ ਦੀ ਸਜ਼ਾ ਦਾ ਡਰ ਅਕਸਰ ਬਣਿਆ ਰਹਿੰਦਾ ਸੀ । ਅੱਜ ਵੀ ਉਹ ਸਜ਼ਾ ਦਿਮਾਗ ਨੂੰ ਤਰੋ ਤਾਜਾ ਕਰ ਦਿੰਦੀ ਹੈ। ਪੜ੍ਹਾਈ ਲਿਖਾਈ ਦੇ ਨਾਲ ਨਾਲ ਸਿਹਤ ਦੀ ਗੱਲ ਕਰਨੀ ਵੀ ਜ਼ਰੂਰੀ ਹੈ ਇਸ ਲਈ ਸਰੀਰਕ ਸਿੱਖਿਆ ਦੇ ਵਿਸ਼ੇ ਨਾਲ ਸਬੰਧਤ ਅਧਿਆਪਕ ਸ੍ਰੀ ਗੁਰਮੇਲ ਸਿੰਘ ਪੀ।ਟੀ।ਆਈ ਵਾਸੀ ਜਲਾਲ ਇੱਕ ਕੜਕ ਰੋਹਬ ਵਾਲੇ ਅਧਿਆਪਕ ਸਨ, ਜਦੋਂ ਸਵੇਰ ਵੇਲੇ ਪ੍ਰਾਰਥਣਾ ਸਭਾ ਹੁੰਦੀ ਸੀ ਤਾਂ ਕਿਸੇ ਵਿਦਿਆਰਥੀ ਦੀ ਹਿੰਮਤ ਨਹੀ ਸੀ ਕਿ ਲਾਈਨ ਨੂੰ ਟੇਢੀ ਕਰ ਦੇਵੇ, ਪ੍ਰਾਰਥਣਾ ਸਮੇਂ ਅਕਸਰ ਲਾਈਨਾਂ ਵਿਚਕਾਰ ਚੱਕਰ ਲਗਾਉਂਦੇ ਰਹਿੰਦੇ ਸਨ । ਕਈ ਵਾਰ ਅਜਿਹਾ ਸਮਾਂ ਵੀ ਹੁੰਦਾ ਸੀ ਕਿ ਕੁੱਝ ਅਧਿਆਪਕ ਵੱਖ ਵੱਖ ਕਾਰਨਾਂ ਕਰਕੇ ਛੁੱਟੀ ਤੇ ਹੁੰਦੇ ਸਨ ਤਾਂ ਉਹ ਕਮਰਿਆਂ ਦੇ ਅੱਗੇ ਖਾਲੀ ਥਾਂ ਵਿੱਚ ਬਣੇ ਪਾਰਕ ਵਿੱਚ ਬੈਠ ਜਾਂਦੇ ਸਨ, ਛੇਵੀ ਕਲਾਸ ਤੋਂ ਦਸਵੀਂ ਕਲਾਸ ਦੇ ਕਿਸੇ ਵੀ ਕਮਰੇ ਵਿੱਚੋਂ ਉੱਚੀ ਅਵਾਜ਼ ਤਾਂ ਕੀ ਆਉਣੀ ਹੁੰਦੀ ਸੀ, ਲਗਦਾ ਹੁੰਦਾ ਸੀ ਕਿ ਜਿਵੇਂ ਕਿਸੇ ਕਮਰੇ ਅੰਦਰ ਕੋਈ ਵਿਦਿਆਰਥੀ ਹੀ ਨਾ ਹੋਵੇ, ਕਿਉਂਕਿ ਉਹ ਸਰੀਰਕ ਸਿੱਖਿਆ ਦੇ ਅਧਿਆਪਕ ਸਨ ਇਸ ਲਈ ਕਦੇ-ਕਦੇ ਸਕੂਲ ਦੇ ਵਿਦਿਆਰਥੀਆਂ ਪਾਸੋਂ ਸਕੂਲ ਦੇ ਚੌਗਿਰਦੇ ਦੀ ਸਾਂਭ-ਸੰਭਾਲ ਅਤੇ ਖੂਬਸੂਰਤੀ ਵਾਲਾ ਕੰਮ ਵੀ ਕਰਵਾ ਲੈਂਦੇ ਸਨ, ਚੌਗਿਰਦੇ ਦੀ ਸਾਂਭ-ਸੰਭਾਲ ਦੇ ਦਿੱਤੇ ਗੁਣ ਅੱਜ ਵੀ ਬਾਖੂਬੀ ਯਾਦ ਨੇ ਅਤੇ ਮੌਜੂਦਾ ਸਮੇਂ ਦੌਰਾਨ ਕੰਮ ਵੀ ਆ ਰਹੇ ਹਨ ।

ਅੱਜ ਅਧਿਆਪਕ ਦਿਵਸ ਤੇ ਮੌਜੂਦਾ ਸਮੇਂ ਦੌਰਾਨ ਨੌਕਰੀ ਕਰ ਰਹੇ ਅਧਿਆਪਕ ਸਾਹਿਬਾਨ, ਪੜ੍ਹਾਈ ਕਰ ਰਹੇ ਬੱਚਿਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਇਹੀ ਅਪੀਲ ਕਰਾਂਗਾ ਕਿ ਅਧਿਆਪਕ ਅਤੇ ਬੱਚਿਆਂ ਦਰਮਿਆਨ ਪੜ੍ਹਾਈ ਤੋਂ ਉਪਰ ਉੱਠ ਕੇ ਆਪਸੀ ਸਾਂਝ, ਹਯਾ ਅਤੇ ਇੱਕ ਦੂਜੇ ਦੀ ਇੱਜ਼ਤ ਕਰਨ ਦੀ ਭਾਵਨਾ ਦਾ ਹੋਣਾ ਬਹੁਤ ਲਾਜਮੀ ਹੈ ਕਿਉਂਕਿ ਬਹੁਤਾ ਸਮਾਜਿਕ ਗਿਆਨ ਅਜਿਹਾ ਵੀ ਹੁੰਦਾ ਹੈ ਜੋ ਸਾਨੂੰ ਕਿਤਾਬਾਂ ਵਿੱਚੋਂ ਨਹੀ ਮਿਲਦਾ । ਅੰਤ ਵਿੱਚ ਮੈਂ ਉਹਨਾਂ ਸਤਿਕਾਰਯੋਗ ਸਖਸ਼ੀਅਤਾਂ ਅਧਿਆਪਕਾਂ ਜੋ ਅੱਜ ਇਸ ਦਨਿਆਵੀ ਦੁਨੀਆ ਵਿੱਚ ਸਾਡੇ ਵਿਚਕਾਰ ਨਹੀ ਹਨ ਦੀ ਆਤਮਿਕ ਸ਼ਾਤੀ ਲਈ ਅਰਦਾਸ ਕਰਦਾ ਹਾਂ ਤੇ ਜੋ ਇਸ ਦੁਨਿਆਵੀ ਦੁਨੀਆਂ ਵਿਚਕਾਰ ਹਨ ਦੀ ਲੰਬੀ ਉਮਰ ਅਤੇ ਸਿਹਤਯਾਬੀ ਲਈ ਪ੍ਰਮਾਤਮਾ ਅੱਗੇ ਦੁਆ ਕਰਦਾ ਹਾਂ।

# ਸਿੱਖਿਆ ਦੇ ਨਾਮ ਉੱਤੇ ਸ਼ੇਰਨੀ ਦਾ ਦੁੱਧ ਜਾ ਜ਼ਹਿਰ



ਹਰਦੀਪ ਸਿੰਘ ਚੁੰਬਰ
+91-94636-01616

ਅਧਿਆਪਕ ਦਿਵਸ ਕੇਵਲ ਉਹਨਾ ਨੂੰ ਹੀ ਮੁਬਾਰਕ ਜਿਹੜੇ ਸਮਤਾ ਸਮਾਨਤਾ, ਭਾਈਚਾਰਾ ਅਤੇ ਸਮਾਜ ਵਿੱਚ ਨਿਆਇ ਨੂੰ ਸਥਾਪਿਤ ਕਰਦੇ ਹਨ ਅਤੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਅਧਿਆਪਕ ਜਿਹੜੇ ਮਾਨਵਤਾ ਦੀ ਰਾਖੀ ਲਈ ਸਭ ਕੁਝ ਕਰ ਰਹੇ ਹਨ, ਜਾ ਕੀਤਾ ਹੈ।ਬ੍ਰਾਹਮਣਵਾਦ ਦੀ ਸਿੱਖਿਆ ਨਾਲ ਜਾਤੀਵਾਦ ਦਾ ਬੀਜ ਸਕੂਲਾਂ ਵਿੱਚ ਅਧਿਆਪਕ ਵੀ ਬੀਜ ਦਿੰਦੇ ਹਨ, ਤਾਜ਼ਾ ਰਾਜਸਥਾਨ ਦੇ ਸਕੂਲ ਵਿੱਚ ਮਾਸਟਰ ਦੇ ਪਾਣੀ ਘੜੇ ਛੂਹ ਦੇਣਾ 9 ਸਾਲ ਦੇ ਬੱਚੇ ਨੂੰ ਆਪਣੇ ਮਾਸਟਰ ਦੇ ਹੱਥੋਂ ਜਾਨ ਗਵਾਉਣੀ ਪਈ। ਸਕੂਲਾਂ ਵਿੱਚ ਛੂਤਛਾਤ ਦੇ ਬੀਜ ਬੀਜੇ ਜਾਣ ਦੀਆਂ ਹਜਾਰਾਂ ਘਟਨਾਵਾਂ ਹਨ ਦੁਪਹਿਰ ਦੇ ਖਾਣੇ ਦੀ ਵਿਵਸਥਾ ਵਿੱਚ ਜਾ ਹੋਰ ਕਈ ਤਰਾਂ ਨਾਲ ਹਰ ਰੋਜ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ।

ਸਿੱਖਿਆ ਸ਼ੇਰਨੀ ਦਾ ਦੁੱਧ ਤਾਂ ਹੀ ਹੋ ਸਕਦੀ ਹੈ ਜੇਕਰ ਇਹ ਸਿੱਖਿਆ ਸਮੁੱਚਾ ਮਾਨਵਤਾ ਦਾ ਸਮਤਾ ਸਮਾਨਤਾ ਭਾਈਚਾਰੇ ਨੂੰ ਵਧਾਉਣ ਵਾਲੇ ਅਤੇ ਸਭ ਨੂੰ ਬਰਾਬਰ ਇਨਸਾਫ਼ ਦੇਣ ਦੇ ਮਕਸ਼ਦ ਨਾਲ ਦਿੱਤੀ ਗਈ ਹੋਵੇ। ਦ੍ਰੋਣ ਵਰਗੇ ਗੁਰੂਆਂ ਦੀ ਸਿੱਖਿਆ ਪੱਖਪਾਤ ਪੈਦਾ ਕਰਦੀ, ਊਚ ਨੀਚ ਪੈਦਾ ਕਰਦੀ ਹੈ। ਅਜਿਹੇ ਗੁਰੂਆਂ ਦਾ ਮਕਸਦ ਪੱਖਪਾਤੀ, ਸਵਾਰਥੀ ਅਤੇ ਮਾਨਵਤਾ ਵਿਰੋਧੀ ਹੁੰਦਾ ਹੈ। ਅਜਿਹੀ ਸਿੱਖਿਆਦ੍ਰੋਣ ਦਾ ਨਾਮ ਲੌ ਕੇਏਕਲਵਿਆ ਨੇਬੇਸ਼ੱਕ ਇਹ ਸਿੱਖਿਆ ਕਿਸੇ ਵੀ ਢੰਗ ਨਾਲ ਕਿਉਂ ਨਾ ਲਈ ਹੋਵੇ, ਇਹ ਸਿੱਖਿਆਏਕਲਵਿਆ ਅਤੇ ਉਸਦੇ ਸਮਾਜ ਲਈ ਦੁੱਧ ਨਹੀ ਜ਼ਹਿਰ ਹੀ ਹੁੰਦੀ ਹੈ।

ਬ੍ਰਾਹਮਣਵਾਦ ਦੀ ਸਿੱਖਿਆ ਸਮਾਜ ਨੂੰ ਜਾਤੀਆਂ ਧਰਮਵਰਣਾਂ ਵਿੱਚ ਵੰਡਦੀ ਹੈ। ਜਾਤੀ ਵਰਣ ਸ਼ੋਸ਼ਣ ਦਾ ਸਾਧਨ ਹੈ। ਇਸ ਨੇ ਹਜਾਰਾਂ ਸਾਲ ਤੱਕ ਭਾਰਤੀ ਮੂਲ ਦੇ ਆਵਰਣ ਲੋਕਾਂ ਨੂੰ ਅਛੂਤ ਬਣਾਇਆ ਅਤੇ ਬੇਦਖ਼ਲ ਕੀਤਾ। ਅਛੂਤਤਾ ਸੰਸਾਰ ਦੀਆਂ ਗੁਲਾਮੀ ਦੀਆਂ ਕਿਸਮਾਂ ਵਿੱਚੋਂ ਸਭ ਨਾਲੋਂ ਮਾੜੀ ਕਿਸਮ ਦੀ ਗੁਲਾਮੀ ਹੈ। ਗੁਲਾਮੀ ਜੀਵਨ ਦੇ ਕਿਸੇ ਵੀ ਪੜਾਅ ਵਿੱਚ ਹੋ ਸਕਦੀ ਹੈ ਅਤੇ ਗੁਲਾਮ ਅਜ਼ਾਦ ਹੋ ਕੇ ਸੰਸਾਰ ਦੇ ਦੂਜੇ ਲੋਕਾਂ ਦੀ ਤਰਾਂ ਰਹਿ ਸਕਦਾ ਹੈ, ਉਸ ਨਾਲ ਵਿਤਕਰਾ ਨਹੀਂ ਹੁੰਦਾ ਉਸ ਦੀ ਔਲਾਦ ਦਾ ਗੁਲਾਮ ਹੋਣਾ ਯਕੀਨੀ ਨਹੀਂ ਹੁੰਦਾ। ਲੇਕਿਨ ਅਛੂਤਤਾਮਨੁੱਖ ਦੇ ਖਾਸ ਜਾਤੀ ਅਤੇ ਮਾਪਿਆਂ ਦੇ ਅਛੂਤ ਹੋਣ ਕਾਰਨ ਨਵਜਨਮੇਂ ਬੱਚੇ ਦੇਜਨਮ ਲੈਣ ਨਾਲ ਹੀ ਤਹਿ ਹੋ ਜਾਂਦੀ ਹੈ, ਮੌਤ ਵੀ ਉਸ ਮਨੁੱਖ ਨੂੰ ਇਸ ਤੋਂ ਬਾਹਰ ਨਹੀਂ ਕੱਢ ਸਕਦੀ।

ਇਹ ਪੀੜ੍ਹੀ ਦਰ ਪੀੜ੍ਹੀ ਹਮੇਸ਼ਾ ਚਲਣ ਵਾਲੀ ਕੀ ਬ੍ਰਾਹਮਣਵਾਦੀ ਵਿਵਸਥਾ ਹੈ।

ਬਹੁਤ ਸਾਰੇ ਸਵਾਰਥੀ ਕਿਸਮ ਦੇ ਅਛੂਤ ਲੋਕ ਜੋ ਬ੍ਰਾਹਮਣਵਾਦ ਦੀ ਸਿੱਖਿਆ ਕਿਸੇ ਧਾਰਮਿਕ, ਰਾਜਨੀਤਿਕ ਜਾ ਹੋਰ ਸਮਾਜਿਕ ਸੰਸਥਾਵਾਂ ਨਾਲ ਜੁੜ ਕੇ ਜਾਣੇ ਜਾ ਅਣਜਾਣੇ ਵਿੱਚ ਲੈਣੀ ਸੁਰੂ ਕਰ ਦਿੰਦੇ ਹਨ। ਬਹੁਤ ਸਾਰੀਆਂ ਸੰਸਥਾਵਾਂ



ਜੋ ਬ੍ਰਾਹਮਣਵਾਦੀ ਲੋਕਾਂ ਦੇ ਅਧੀਨ ਸਮਾਜ ਭਲਾਈ ਦੀਆਂ ਚਲਦੀਆਂ ਹਨ। ਉਹ ਲੋਕ ਬ੍ਰਾਹਮਣਵਾਦ ਦੀ ਬਿਮਾਰੀ ਦੇ ਵਾਇਰਸ"ਸਮਾਜ ਭਲਾਈ ਦੀ ਚਾਟ" ਦੇ ਨਾਲ ਜਾਤੀਵਾਦ ਦੀ ਬਿਮਾਰੀ ਨੂੰ "ਆਟੇ ਵਿੱਚ ਨਮਕ" ਵਰਗੇ ਅਨੁਪਾਤ ਨਾਲ ਮਿਲਾਕੇ ਜਿੰਦਾ ਰੱਖਦੇ ਹਨ। ਬਹੁਤ ਸਾਰੇ ਸਵਾਰਥੀ ਲੋਕ ਉਹਨਾ ਬ੍ਰਾਹਮਣਵਾਦੀ ਸੰਸਥਾਵਾਂ ਦਾ ਹਿੱਸਾ ਬਣਕੇ ਅਛੂਤਾਂ ਦੀ ਅਛੂਤਤਾ, ਐਸਸੀ ਐਸਟੀ ਅਤੇ ਗੁਲਾਮੀ ਨੂੰ ਪੱਕੇ ਤੌਰ ਤੇ ਬਣਾਈਰੱਖਣ ਵਿੱਚ ਮਦਦ ਕਰਦੇ ਹਨ। ਉਹਨਾ ਦੀ ਸਿੱਖਿਆ ਲੈ ਕੇ ਜੋ ਉਹ ਕਰਮ ਕਰਦੇ ਹਨ ਉਸ ਨਾਲ ਸਮਾਜ ਦਾ ਗੁਲਾਮ ਬਣੇ ਰਹਿਣਾ ਪੱਕਾ ਤਹਿ ਹੈ।

ਏਕਲਵਿਆ ਦੇ ਵਾਰਸ ਕਹਾਉਣ ਵਾਲਿਓ ਆਪਣੇ ਬੁੱਧ ਤੋਂ ਕੰਮ ਲਵੋ, ਆਪਣੇਵਿਵੇਕ ਤੋਂ ਕੰਮ ਲਵੋ। ਬ੍ਰਾਹਮਣਵਾਦ ਨੂੰ ਢੋਣ ਵਾਲੇ ਲੋਕ ਅੰਬੇਡਕਰਵਾਦੀ ਨਹੀਂ ਹੋ ਸਕਦੇ। ਬ੍ਰਾਹਮਣਵਾਦ ਨੂੰ ਢੋਣ ਦਾ ਮਤਲਬ ਉਹ ਕਰਮ ਕਾਂਡ ਜਿਹਨਾਂ ਵਿੱਚ ਪਾਖੰਡਵਾਦ ਹੋਵੇ, ਜਿਹੜਾ ਬੁੱਧੀ ਅਤੇ ਵਿਵੇਕ ਤੋਂ ਕੰਮ ਲਏ ਬਿਨਾ ਕੀਤਾ ਜਾਵੇ। ਜਿਸ ਤਰਾਂ ਉਹ ਤਿਉਹਾਰ ਜਿਹੜੇ ਉਹਨਾ (ਐਸਸੀ ਐਸਟੀ) ਦੇ ਆਪਣੇ ਪੂਰਵਜਾਂ ਦੀ ਹਾਰ ਦੀ ਖ਼ੁਸ਼ੀ ਵਿੱਚ ਮਨਾਏ ਜਾਂਦੇ ਹੋਣ, ਉਹਨਾਂ ਨੂੰ ਮਨਾਉਣ ਲਗੇ ਰਹਿਣਾ। ਬ੍ਰਾਹਮਣਵਾਦ ਸਮਾਜ ਨੂੰ ਤੋੜਦਾ ਹੈ, ਅੰਬੇਡਕਰਵਾਦ ਸਮਾਜ ਨੂੰ ਜੋੜਦਾ ਹੈ। ਬਹੁਤ ਉੱਚ ਪੜ੍ਹੇ ਲਿਖੇ ਕਈ ਡਾਕਟਰ ਜਾ ਹੋਰ ਉੱਚ ਅਫਸਰ ਕਹਾਉਣ ਵਾਲੇ ਲੋਕ ਵੀ ਪਾਰਟੀਆਂ ਅੰਬੇਡਕਰ ਦੇ ਨਾਮ ਉੱਤੇ ਬਣਾਉਂਦੇ ਹਨ, ਸੇਵਾ ਬ੍ਰਾਹਮਣਵਾਦ ਅਤੇ ਬ੍ਰਾਹਮਣਵਾਦੀ ਪਾਰਟੀਆਂ ਦੀ ਕਰਦੇ ਹਨ। ਅਸਲ ਵਿੱਚ ਉਹ ਹੀ ਸਮੁੱਚੇ ਸਮਾਜ ਦੇ ਦੋਸ਼ੀ ਹੁੰਦੇ ਹਨ। ਕਿਸੇ ਗਰੀਬ ਅਨਪੜ੍ਹ ਜੇ ਕਰ ਇਹੋ ਕੰਮ ਕਰਦਾ ਹੈ ਉਹ ਇਸ ਦਾ ਐਨਾ ਵੱਡਾ ਦੋਸ਼ੀ ਨਹੀਂ ਹੋ ਸਕਦਾ।

ਸਾਡੀ ਰੁਜ਼ਗਾਰ ਪ੍ਰਾਪਤੀ ਦੀ ਸਿੱਖਿਆ ਦੇ ਨਾਲ ਦਿਮਾਗ ਵਿੱਚ ਜਾਣੇ ਅਣਜਾਣੇ ਬ੍ਰਾਹਮਣਵਾਦ, ਜਾਤੀਵਾਦ, ਵਿਤਕਰਾਵਾਦ, ਉੱਚ-ਨੀਚ ਵੀ ਬਹੁਤ ਸੂਖਮ ਢੰਗ ਨਾਲ ਭਰ ਦਿੱਤਾ ਜਾਂਦਾ ਹੈ ਕਿ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਸੁੱਧ ਸਿੱਖਿਆ ਦਾ ਨਾਲ ਜ਼ਹਿਰ ਵੀ ਖਾ ਰਿਹਾ ਹੈ। ਆਈਏਐਸ ਵਰਗੇ ਕੰਪੀਟੀਸ਼ਨ ਤੱਕ ਦੇ ਲਿਖਤ ਅਤੇ ਇੰਟਰਵਿਊ ਦੇ ਸਵਾਲ ਜਵਾਬ ਵਿੱਚ ਬਹੁਤ ਵਾਰ ਅਜਿਹੀ ਝਲਕ ਅਕਸਰ ਮਿਲ ਜਾਂਦੀ ਹੈ।ਜਿਸ ਕਾਰਨ ਉਹ ਪਾਠ ਜਿਹੜੇ ਫਿਰਕਾਪ੍ਰਸਤੀ ਨੂੰ ਦਿਮਾਗ ਵਿੱਚ ਭਰਦੇ ਹਨ ਬੱਚਿਆਂ ਨੂੰ ਬਿਨਾ ਕੁੱਝ ਸੋਚੇ ਸਮਝੇ ਪ੍ਰੀਖਿਆ ਵਿੱਚ ਸਫਲ ਹੋਣ ਲਈ ਰਟਣੇ ਪੈਂਦੇ ਹਨ।

ਬਹੁਤ ਸਾਰੇ ਆਪਣੇ ਆਪ ਨੂੰ ਉੱਚ ਸਿੱਖਿਆ ਪ੍ਰਾਪਤ ਕਰ ਚੁੱਕੇ ਵੱਡੇ ਔਹਦਿਆਂ ਵਾਲੇ ਲੋਕ ਦੋਗ਼ਲੇ ਹੋ ਜਾਂਦੇ ਹਨ ਉਹ ਇੱਕ ਹੱਥ ਅੰਬੇਡਕਰ ਨੂੰ ਫੜ ਰੱਖਦੇ ਹਨ, ਦੂਜੇ ਹੱਥ ਵਿੱਚ ਉਹਨਾ ਦੇ ਸਮਾਜ ਨੂੰ ਹਜਾਰਾਂ ਸਾਲਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਬਣਾਉਂਦੇ ਆ ਰਹੇ ਸਿਸ਼ਟਮ ਨੂੰ ਫੜੀ ਰੱਖਦੇ ਹਨ। ਇਹ ਸਭ ਨਾਲੋਂ ਵੱਡੇ ਧੋਖੇਬਾਜ਼ ਹੁੰਦੇ ਹਨ, ਬਹੁਤ ਸਾਰੇ ਮੂਰਖ ਹੁੰਦੇ ਹਨ, ਬਹੁਤ ਸਾਰੇ ਸਮਾਜ ਦੇ ਗੱਦਾਰ ਵੀ ਹੁੰਦੇ ਹਨ। ਬਹੁਤ ਸਾਰੇਗਰੀਬ ਐਸਸੀ ਐਸਟੀ ਲੋਕ ਉਹਨਾਂ ਉੱਤੇ ਆਪਣੇ ਹੋਣ ਦਾ ਕਾਰਨ ਭਰੋਸਾ ਕਰਦੇ ਹੁੰਦੇ ਹਨ। ਉਹ ਸਮਝ ਹੀ ਨਹੀਂ ਪਾ ਰਹੇ ਹੁੰਦੇ ਕਿ ਉਹਨਾ ਦੇ ਆਪਣੇ ਹੀ ਉਹਨਾ ਨਾਲ ਧੋਖਾ ਕਰ ਰਹੇ ਹੁੰਦੇ ਹਨ ਜਾਣੇ ਵਿੱਚ ਜਾ ਅਣਜਾਣੇ ਵਿੱਚ।

ਸੱਤਾ ਬਹੁਤ ਸਾਰੀ ਇਸ ਤਰਾਂ ਦੀ ਸਿੱਖਿਆ, ਕੰਮ ਅਤੇ ਔਹਦੇਦਾਰੀਆਂ ਅਜਿਹੇ ਲੋਕਾਂ ਨੂੰ ਦੇਣ ਦੀ ਵਿਵਸਥਾਕੋਸ਼ਿਸ਼ ਕਰਦੀ ਹੈ ਕਿ ਜਿਹੜੇ ਗੁਲਾਮਾਂ ਨੂੰ ਗੁਲਾਮ ਬਨਾਉਣ ਅਤੇ ਬਣਾਈ ਰੱਖਣ ਵਿੱਚ ਬਹੁਤ ਵਧੀਆ ਕਾਰਗਰ ਸਿੱਧ ਹੋਣ, ਜੋ ਆਪਣੇ ਗੁਲਾਮ ਸਮਾਜ ਨੂੰ ਸੱਤਾ ਦੀ ਗੁਲਾਮੀ ਕਰਨ ਕਰਵਾਉਣ ਵਿੱਚ ਸਹਿਯੋਗੀ ਬਣੇ ਰਹਿਣ।

ਹਾਲਾਤ ਇਹ ਹਨ ਕਿ ਜਦੋਂ ਸੱਤਾ ਹੀ ਧਰਮ ਦਾ ਪ੍ਰਚਾਰ ਪਸਾਰ ਕਰਨ ਵਿੱਚ ਲਗੀ ਹੋਵੇ ਤਾਂ ਇਸ ਤੋਂ ਬਚਣਾ ਨਾਮੁਮਕਿਨ ਹੋ ਜਾਂਦਾ ਹੈ। ਇਸ ਦਾ ਹੱਲ ਇਕੋ ਹੈ ਏਕਲਵਿਆ ਦਾ ਵਾਰਸ ਸਮਾਜ ਅੰਬੇਡਕਰ ਹੀਨੂੰ ਪੜ੍ਹੇ, ਜਾਣੇ, ਸਮਝੇ, ਫਿਰ ਉਸ ਦੇ ਧਰਮ ਕਰਮ ਦੇ ਰਾਹ ਉੱਚੇ ਚਲੇ। ਭਾਰਤ ਵਿੱਚ ਅੰਗਰੇਜਾਂ ਦੀ ਸਰਕਾਰ ਨਾਂ ਹੁੰਦੀ ਸ਼ਾਇਦ ਅੰਬੇਡਕਰ ਵੀ ਹੁੰਦੇ ਹੋਏ ਵੀ ਕੁੱਝ ਨਾ ਕਰ ਪਾਉਂਦੇ। ਮੁਗਲ ਸ਼ਾਸਕ ਨਾਂ ਹੁੰਦੇ ਤਾਂ ਗੁਰੂ ਰਵਿਦਾਸ ਅਤੇ ਭਗਤੀ ਮੂਵਮੈਂਟਜਨਮ ਹੀ ਨਾਂ ਲੈਂਦੀ। ਭਾਰਤ ਵਿੱਚ ਕਮਿਊਨਿਯਮ ਫੇਲ ਹੋਣ ਦਾ ਕਾਰਨ ਹੈ, ਕਮਿਊਨਿਸਟਨੇਤਾਵਾਂ ਵਿੱਚ ਬ੍ਰਾਹਮਣਵਾਦ ਦਾ ਹੋਣਾ।






ਜੈ ਵਾਲਮੀਕੀ ਜੀ।
ਹਰ ਹਰ ਵਾਲਮੀਕੀ ਜੀ।
ਅਜਰ ਅਮਰ ਤ੍ਰੈਕਾਲ ਦ੍ਰਸ਼ੀ ਸ੍ਰਿਸ਼ਟੀ ਕਰਤਾ
ਭਗਵਾਨ ਵਾਲਮੀਕ ਜੀ ਦੀ ਮੇਹਰ ਸਦਕਾ

ਅਮਰ ਸ਼ਹੀਦ ਰੰਘਰੇਟਾ ਗੁਰੂ ਕਾ ਬੇਟਾ ਧੰਨ ਧੰਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ)
ਜੋ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗਲ਼ ਨਾਲ ਲਾ ਕੇ ਰੰਘਰੇਟੇ ਗੁਰੂ ਕੇ ਬੇਟੇ ਦੇ ਨਾਂਮ ਨਾਲ ਨਵਾਜਿਆ ਸੀ।

ਜੋ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਸਨ ਜਿਨਾ ਦਾ ਜਨਮ ਦਿਹਾੜਾ
11 ਸਤੰਬਰ 2022 ਦਿਨ ਐਤਵਾਰ ਨੂੰ
ਮਹਾਂਰਿਸ਼ੀ ਵਾਲਮੀਕ ਟੈਂਪਲ
84/86 ਪਰਸੀ ਐਵੀਨੀਉ
ਯੂਬਾ ਸਿਟੀ ਕੈਲੀਫੋਨੀਆ
ਵਿਖੇ ਬਹੁਤ ਹੀ ਪਿਆਰ, ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆਂ ਜਾ ਰਿਹਾ ਹੈ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿਰਪਾ ਕਰਕੇ ਪਰਿਵਾਰ ਸਮੇਤ ਪਹੁੰਚ ਕੇ ਰੌਣਕ ਨੂੰ ਵਧਾਓ ਅਤੇ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ
ਪਾਠ ਸ੍ਰੀ ਯੋਗਵਸ਼ਿਸ਼ਟ ਜੀ
11 ਸਤੰਬਰ ਦਿਨ ਐਤਵਾਰ ਸਵੇਰੇ 11ਵਜੇ:
ਸ਼ਬਦ ਕੀਰਤਨ ਸਵੇਰੇ 12 ਵਜੇ:
ਗੁਰੂ ਕਾਂ ਲੰਗਰ ਦੁਪਹਿਰ 1 ਵਜੇ।

ਵੱਲੋਂ
ਮਹਾਂਰਿਸ਼ੀ ਵਾਲਮੀਕ ਸਭਾ ਯੂਬਾਸਿਟੀ
ਕੈਲੀਫੋਰਨੀਆ ਯੂ ਐਸ ਏ
ਪ੍ਰਧਾਨ: ਸ੍ਰੀ ਜਗਜੀਤ ਗਿੱਲ ..530 3151425
ਸੈਕਟਰੀ: ਸ੍ਰੀ ਸੰਤੋਖ ਗਿੱਲ ..530 740 3056
ਖ਼ਜ਼ਾਨਚੀ: ਸ੍ਰੀ ਵਿਨੋਦ ਗਿੱਲ..

ਪਹੁੰਚ ਰਹੇ ਕਲਾਕਾਰ
ਭੁਪਿੰਦਰ ਭਿੰਦਾ
ਅਮਰਜੀਤ ਲਾਲੀ
ਜੀਵਨ ਰੱਤੂ
ਵਿਸ਼ਾਲ ਸ਼ਰਬਤੀ
ਜਸਵਿੰਦਰ ਮਧਾਰਾ


# ਵਿਰਸੇ ਦਾ ਰਾਖਾ 'ਤਰਸੇਮ ਸਿੰਘ'



ਤਸਵਿੰਦਰ ਸਿੰਘ ਬੜੈਚ
91-98763-22677

ਬੇਸ਼ੱਕ ਸਾਡੀਆਂ ਪੁਰਾਤਨ ਵਸਤੂਆਂ ਅੱਜ ਲੋਪ ਹੁੰਦੀਆਂ ਜਾ ਰਹੀਆਂ ਹਨ ਪਰ ਪੁਰਾਤਨ ਵਿਰਸੇ ਨੂੰ ਪਿਆਰ ਕਰਨ ਵਾਲੇ ਕਈ ਜਨੂੰਨੀ ਲੋਕ ਅੱਜ ਵੀ ਪੁਰਾਤਨ ਵਸਤੂਆਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾ ਕੇ ਰੱਖਦੇ ਹਨ। ਅਜਿਹਾ ਹੀ ਇੱਕ ਸ਼ਖਸ ਹੈ ਤਹਿਸੀਲ ਅਜਨਾਲਾ ਦੇ ਪਿੰਡ ਪਠਾਣ ਨੰਗਲ ਦਾ ਤਰਸੇਮ ਸਿੰਘ। ਜਿਸ ਨੇ ਪੁਰਾਤਨ ਵਿਰਸੇ ਨਾਲ ਸਬੰਧਿਤ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ (ਰਿਕਾਰਡਾਂ) ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੱਭਰੂ ਨੇ ਇਕੱਲੇ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆਂ ਨੂੰ ਹੀ ਨਹੀਂ ਸਾਂਭਿਆ ਹੋਇਆ, ਉਸ ਕੋਲ ਪੁਰਾਣਾ ਵੀ ਸੀ ਆਰ ਵੀ ਹੈ ਤੇ ਉਸਦੀਆਂ ਵੀਡੀਓ ਕੈਸਟਾਂ ਸੰਭਾਲੀਆਂ ਹੋਈਆਂ ਹਨ, ਟੇਪ ਰਿਕਾਰਡ ਵੀ ਹੈ ਤੇ ਉਸਦੀਆਂ ਆਡੀਓ ਕੈਸਟਾਂ ਵੀ ਹਨ। ਇਸ ਤੋਂ ਇਲਾਵਾ ਉਸਦੇ ਕੋਲ ਬਲੈਕ ਐਂਡ ਵਾਈਟ ਟੀ ਵੀ, ਡੀ ਵੀ ਡੀ, ਡੈੱਕ, ਮੈਕਰੋ ਕੈਸਿਟ ਰਿਕਾਰਡ ਵੀ ਸੰਭਾਲ ਕੇ ਰੱਖੇ ਹੋਏ ਹਨ। ਤਰਸੇਮ ਸਿੰਘ ਨੂੰ ਫੋਟੋਗ੍ਰਾਫੀ ਦਾ ਵੀ ਸ਼ੌਂਕ ਹੈ, ਡੀ ਐਸ ਐਲ ਆਰ ਵੀ ਰੱਖਿਆ ਹੋਇਆ ਹੈ। ਤਰਸੇਮ ਸਿੰਘ ਦੇ ਤਵਿਆਂ



ਵਾਲੇ ਅਨਮੋਲ ਵਿਰਾਸਤੀ ਖਜ਼ਾਨੇ ਵਿੱਚ ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ, ਅਮਰਜੋਤ, ਕੇ ਦੀਪ, ਜਗਮੋਹਣ ਕੌਰ, ਕੁਲਦੀਪ ਮਾਣਕ, ਰਾਜਿੰਦਰ ਰਾਜਨ, ਕਰਮਜੀਤ ਧੂਰੀ, ਦੀਦਾਰ ਸੰਧੂ, ਸਨੇਹਲਤਾ, ਫਕੀਰ ਸਿੰਘ ਫਕੀਰ, ਸ਼ੀਤਲ ਸਿੰਘ ਸ਼ੀਤਲ, ਨਰਿੰਦਰ ਬੀਬਾ, ਹਜ਼ਾਰਾ ਸਿੰਘ ਰਮਤਾ, ਗੁਰਪਾਲ ਸਿੰਘ ਪਾਲ, ਸੁਰਿੰਦਰ ਕੌਰ, ਅਮਰ ਸਿੰਘ ਸ਼ੌਂਕੀ, ਯਮਲਾ ਜੱਟ, ਹਰਚਰਨ ਗਰੇਵਾਲ, ਸੀਮਾਂ, ਰੰਗੀਲਾ ਜੱਟ, ਸਵਰਨ ਲਤਾ, ਕਰਨੈਲ ਗਿੱਲ, ਕੁਮਾਰੀ ਲਾਜ, ਮੁਹੰਮਦ ਸਦੀਕ, ਰਣਜੀਤ ਕੌਰ ਆਦਿ ਗਾਇਕਾਂ ਦੇ ਰਿਕਾਰਡ ਮੌਜੂਦ ਹਨ ਜੋ ਸੰਗੀਤਕ ਖ਼ਜ਼ਾਨੇ ਨੂੰ ਚਾਰ ਚੰਨ ਲਗਾਉਂਦੇ ਹਨ। ਤਬਸੇਮ ਸਿੰਘ ਦੇ ਸੰਗੀਤਕ ਖ਼ਜ਼ਾਨੇ ਵਿੱਚ ਕੁੱਝ ਕੁ ਚੋਣਵੇਂ ਗੀਤ 'ਸਾਹਿਬਾਂ ਵਾਜਾਂ ਮਾਰਦੀ', 'ਦਸ਼ਮੇਸ਼ ਗੁਰੂ ਦੇ ਲਾਲਾਂ ਨੂੰ ਨਾ ਮਾਰ ਸੂਬਿਆ', 'ਦੁਨੀਆਂ ਚਹੁੰ ਦਿਨਾਂ ਦਾ ਮੇਲਾ', 'ਕਿਉਂ ਫੜੀ ਸਿਪਾਹੀਟਾ ਨੇ ਭੈਣੋਂ ਇਹ ਹੰਸਾਂ ਦੀ ਜੋੜੀ', 'ਪਾਲੀ ਪਾਣ ਪਾਣੀ ਖੂਹ ਤੋਂ ਭਰੇ', 'ਲੈ ਜਾ ਛੱਲੀਆਂ ਭੁੰਨਾਂ ਲਈ ਦਾਣੇ', ' ਟਾਂਗਾ ਚੱਲਿਆ ਏ ਸ਼ਹਿਰ ਕੁਰਾਲੀ', 'ਵੇ ਤੂੰ ਗੋਲੀਆਂ ਸੀ ਖੇਡਦਾ',' ਮੱਛਰਦਾਨੀ ਲੈ ਦੇ ਵੇ', 'ਮੁਕਲਾਵਾ ਤੇਰਾ ਆਇਆ ਬੱਲੀਏ', 'ਮਿੱਤਰਾਂ ਦੀ ਲੂਣ ਦੀ ਡਲੀ', 'ਸੋਨੇ ਦੇ ਤਵੀਤ ਵਾਲਿਆ' ਵਾਂਗ ਹੋਰ ਵੀ ਬਹੁਤ ਵਿਸ਼ਵ ਪ੍ਰਸਿੱਧ ਗੀਤ ਉਸਦੇ ਸੰਗੀਤਕ ਖਜ਼ਾਨੇ ਵਿੱਚ ਸੁਰੱਖਿਅਤ ਪਏ ਹਨ।

ਇਸ ਤੋਂ ਇਲਾਵਾ ਉਸਨੇ ਕੁੱਝ ਕੁ ਹਿੰਦੀ ਤਵੇ ਵੀ ਸੰਭਾਲੇ ਹੋਏ ਹਨ। ਸਰਦਾਰ ਜਸਵੰਤ ਸਿੰਘ ਦੇ ਲਾਡਲੇ ਤਰਸੇਮ ਸਿੰਘ ਕੋਲ 70-80 ਸਾਲ ਪਹਿਲਾਂ ਦੀ ਬਣੀ ਹੋਈ ਚਾਬੀ ਨਾਲ ਚੱਲਣ ਵਾਲੀ ਇੱਕ ਗ੍ਰਾਮੋਫੋਨ ਮਸ਼ੀਨ ਵੀ ਸਾਂਭੀ ਹੋਈ ਹੈ। ਆਪਣੀ ਵਿਰਾਸਤ ਦੇ ਇਨ੍ਹਾਂ ਚਿੰਨਾਂ ਨੂੰ ਸਾਂਭਣ ਲਈ ਸ਼ੁਦਾਈ ਤਰਸੇਮ ਸਿੰਘ ਨੇ ਇਹ ਸਮਾਨ ਬਹੁਤ ਮਿਹਨਤ ਨਾਲ ਪ੍ਰਾਪਤ ਕੀਤਾ ਹੈ। ਤਰਸੇ ਸਿੰਘ ਕੋਲ ਭਾਂਵੇ ਆਮਦਨ ਦੇ ਸੀਮਤ ਵਸੀਲੇ ਹਨ ਪਰ ਫਿਰ ਵੀ ਉਹ ਦੂਰ ਦੁਰਾਡੀਆਂ ਥਾਵਾਂ ਤੋਂ ਇਹੋ ਜਿਹੀਆਂ ਸੰਗੀਤਕ ਵਸਤਾਂ ਇਕੱਠੀਆਂ ਕਰਦਾ ਰਹਿੰਦਾ ਹੈ। ਸੰਗੀਤ ਦੀ ਇਸ ਪੁਰਾਤਨ ਵਿਰਾਸਤ ਨੂੰ ਸੰਭਾਲ ਰਹੇ ਪੰਜਾਬੀ ਸੱਭਿਆਚਾਰ ਦੇ ਸ਼ੈਦਾਈ ਤਰਸੇਮ ਸਿੰਘ ਨੇ ਕਿਹਾ ਕਿ ਕਿਸੇ ਵੀ ਸੱਭਿਆਚਾਰ ਵਿੱਚ ਲਗਾਤਾਰ ਤਬਦੀਲੀਆ ਆਉਂਦੀਆਂ ਰਹਿੰਦੀਆਂ ਹਨ, ਸਮੇਂ ਦੇ ਨਾਲ ਨਾਲ ਵਿਕਾਸ ਦੀ ਹੋੜ ਵਿਚ ਜਾਂ ਸਾਇੰਸ ਦੀ ਉਨਤੀ ਸਦਕਾ ਮਨੁੱਖ ਪੁਰਾਣੀਆਂ ਵਸਤੂਆਂ ਤੋਂ ਕੁਦਰਤੀ ਤੌਰ ਤੇ ਦੂਰ ਹੁੰਦਾ ਚਲਿਆਂ ਜਾਂਦਾ ਹੈ।

ਆਪਣੇ ਸੱਭਿਆਚਾਰ ਨੂੰ ਸਮਾਜ ਦਾ ਅਨਿੱਖੜਵਾਂ ਅੰਗ ਬਣਾਉਣ ਲਈ, ਮਨੁੱਖ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੁਰਾਤਨ ਸੱਭਿਆਚਾਰ ਨਾਲ ਜੋੜੀ ਰੱਖਣਾ ਬਹੁਤ ਜਰੂਰੀ ਹੈ। ਇਸੇ ਕਾਰਜ ਹਿੱਤ ਹੀ ਮੈਂ ਪੰਜਾਬੀ ਵਿਰਸੇ ਦੀਆਂ ਵਿਸਰਦੀਆਂ ਜਾ ਰਹੀਆਂ ਇਨ੍ਹਾਂ ਪੁਰਾਤਨ ਸੰਗੀਤਕ ਵਸਤੂਆਂ ਨੂੰ ਸਾਂਭ ਰਿਹਾ ਹਾਂ ਤਾਂ ਕਿ ਸਾਡੀ ਅਜੋਕੀ ਪੀੜ੍ਹੀ ਨੂੰ ਇਹਨਾਂ ਸਭ ਦੇ ਬਾਰੇ ਗਿਆਨ ਹੋ ਸਕੇ।

ਸੰਪੂਰਨਤਾ ਦਿਵਸ 'ਤੇ ਵਿਸ਼ੇਸ ਲੇਖ

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ - ਸੰਪੂਰਨਤਾ



ਸੰਤੋਖ ਸਿੰਘ ਸੰਧੂ
+64 22 071 0935

ਅੱਜ ਸਿੱਖ ਜਗਤ ਆਪਣੇ ਸਦਜੀਵਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਮਨਾ ਰਿਹਾ ਹੈ । ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦੋ ਵਾਰ ਹੋਈ ਸੀ। ਪਹਿਲੀ ਵਾਰ ਸ਼੍ਰੀ ਗੁਰੂ ਅਰਜੁਨ ਦੇਵ ਜੀ ਨੇ ਆਪਣੇ ਸਮੇਤ ਪੰਜ ਸਿੱਖ ਗੁਰੂਆਂ, 15 ਭਗਤਾਂ, 4 ਸਿੱਖ ਸੰਤਾਂ ਅਤੇ 13 ਭੱਟਾਂ ਦੀ ਉਚਾਰੀ ਹੋਈ ਬਾਣੀ ਦਾ ਸੰਕਲਨ ਕਰਕੇ ਉਸ ਵੇਲੇ ਦੇ ਉੱਘੇ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਕੋਲੋਂ ਲਿਖਵਾ ਕੇ ਇੱਕ ਗ੍ਰੰਥ ਤਿਆਰ ਕਰਵਾਇਆ। ਇਸ ਗ੍ਰੰਥ ਦੀ ਸੰਪੂਰਨਤਾ 30 ਅਗਸਤ 1604 ਈ: ਨੂੰ ਹੋਈ । ਇਸੇ ਸਾਲ ਪਹਿਲੀ ਸਤੰਬਰ ਨੂੰ ਇਸ ਗ੍ਰੰਥ ਸਾਹਿਬ ਨੂੰ ਸੱਚ ਖੰਡ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਦੀ ਤਿਆਰ ਹੋਈ ਇਮਾਰਤ ਵਿੱਚ ਸਥਾਪਿਤ ਕਰਕੇ ਇਸਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਇਸ ਤਰ੍ਹਾਂ ਸੱਚ ਖੰਡ ਸ਼੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਵਿਖੇ ਗੁਰਬਾਣੀ ਦੇ ਨਿਰੰਤਰ ਨਿਤਨੇਮ ਅਤੇ ਕੀਰਤਨ ਦੀ ਸ਼ੁਰੂਆਤ ਹੋਈ। ਇਸ ਨਿਤਨੇਮ ਦੀ ਖਾਸੀਅਤ ਇਹ ਸੀ ਕਿ ਇਸ ਧਾਰਮਿਕ ਅਸਥਾਨ ਵਿਖੇ ਕਿਸੇ ਵੀ ਵਰਣ ਜਾਂ ਜਾਤ ਦੇ ਮਨੁੱਖ ਦੇ ਪ੍ਰਵੇਸ਼ ਕਰਨ ਦੀ ਮਨਾਹੀ ਨਹੀਂ ਸੀ, ਜਿਵੇਂ ਕਿ ਇਸਤੋਂ ਪਹਿਲਾਂ ਤਥਾਕਥਿਤ ਦਲਿਤ ਜਾਂ ਸ਼ੂਦਰ ਵਰਣ ਦੇ ਲੋਕਾਂ ਦੇ ਧਾਰਮਿਕ ਅਸਥਾਨਾਂ ਵਿੱਚ ਪ੍ਰਵੇਸ਼ ਕਰਨ ਦੀ ਮਨਾਹੀ ਹੁੰਦੀ ਸੀ। ਇਸ ਤਰ੍ਹਾਂ ਸਮਾਜ ਦੇ ਸਾਰੇ ਵਰਣਾਂ ਅਤੇ ਜਾਤਾਂ ਦੇ ਲੋਕ ਇੱਥੇ ਬਿਨਾ ਝਿਜਕ ਆ ਕੇ ਗੁਰਬਾਣੀ ਅਤੇ ਕੀਰਤਨ ਦਾ ਰਸ ਮਾਨਣ ਲੱਗੇ। ਗੁਰੂ ਸਾਹਿਬ ਨੇ ਉਸ ਵੇਲੇ ਨੀਂਵੇਂ ਵਰਗ ਦੇ ਲੋਕਾਂ ਉਤੇ ਲੱਗੀਆਂ ਹੋਈਆਂ ਪੁਰਾਣੀਆਂ ਅਤੇ ਤਰਕਹੀਣ ਬੰਦਸ਼ਾਂ ਨੂੰ ਖ਼ਤਮ ਕਰਕੇ ਸ਼੍ਰੀ ਹਰਿਮੰਦਰ ਸਾਹਿਬ ਨੂੰ ਸਾਂਝੀਵਾਲਤਾ ਦਾ ਕੇਂਦਰ ਬਣਇਆ ਸੀ। ਉਸ ਵੇਲੇ ਦੇ ਦਲਿਤ ਜਾਣੇ ਜਾਂਦੇ ਪਰ ਉੱਚ ਕੋਟੀ ਦੇ ਵਿਦਵਾਨਾਂ, ਪ੍ਰਭੂ ਭਗਤੀ ਦੇ ਸੱਚੇ ਸੁੱਚੇ ਪੈਰੋਕਾਰਾਂ ਅਤੇ ਮਨੁੱਖ ਜਾਤੀ ਨੂੰ ਇੱਕ ਰੂਪ ਸਮਝਣ ਅਤੇ ਕਹਿਣ ਵਾਲੇ ਭਗਤਾਂ - ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਨਾਮ ਦੇਵ ਜੀ ਦੀ ਬਾਣੀ ਨੂੰ ਗੁਰੂ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਯੋਗ ਥਾਂ ਦੇ ਕੇ ਨਿਵਾਜਿਆ।

ਇਸ ਗ੍ਰੰਥ ਸਾਹਿਬ ਦਾ ਨਾਂ ਆਦਿ ਗ੍ਰੰਥ ਕਰਕੇ ਲਿਆ ਜਾਂਦਾ ਹੈ।ਗੁਰੂ ਗ੍ਰੰਥ ਸਾਹਿਬ ਦੀ ਇਹ ਬੀੜ ਅੱਜ ਵੀ ਜਲੰਧਰ ਤੋਂ ਉਤਰ-ਪੱਛਮ ਦੀ ਦਿਸ਼ਾ ਵਿੱਚ ਕੋਈ 15 ਕਿਲੋਮੀਟਰ ਦੂਰ ਸਥਿੱਤ ਕਸਬੇ ਕਰਤਾਰਪੁਰ ਵਿੱਚ ਧੀਰਮੱਲੀਆਂ ਦੇ ਪਰਿਵਾਰ ਕੋਲ ਮੌਜੂਦ ਅਤੇ ਸੁਰੱਖਿਅਤ ਪਈ ਹੋਈ ਹੈ। ਇਹ ਬੀੜ ਮੌਜੂਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਵਗਾਮੀ ਸਰੂਪ ਹੈ।

ਦੂਸਰੀ ਵਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਸਵੇਂ ਗੁਰੂ, ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਨ 1704 ਤੋਂ 1706ਵਿੱਚ ਕੀਤੀ ਗਈ । ਜਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗ਼ਲ ਹਕੂਮਤ ਜਾਂ ਜ਼ਾਲਿਮ ਔਰੰਗਜ਼ੇਬ ਸਰਕਾਰ ਨਾਲ ਲਗਾਤਾਰ ਖੂੰਨੀ ਯੰਗਾਂ ਤੋਂ ਫੁਰਸਤ ਮਿਲੀ ਤਾਂ ਗੁਰੂ ਜੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਆ ਕੇ ਨਿਵਾਸ



ਕੀਤਾ। ਦੱਸਿਆ ਜਾਂਦਾ ਹੈ ਕਿ ਇਸ ਦੌਰਾਨ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਕਰਤਾਰਪੁਰ ਭੇਜ ਕੇ ਧੀਰਮੱਲੀ ਪਰਿਵਾਰ ਤੋਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੰਗੀ। ਪ੍ਰਚਲਤ ਮਾਨਤਾ ਹੈ ਕਿ ਧੀਰਮੱਲੀ ਪਰਿਵਾਰ ਨੇ ਉਹ ਬੀੜ ਦੇਣ ਤੋਂ ਨਾਂਹ ਕਰਦਿਆਂ ਕਿਹਾ ਕਿ ਜੇ ਗੋਬਿੰਦ ਸਿੰਘ ਗੁਰੂ ਹੈ ਤਾਂ ਉਹ ਖੁਦ ਨਵਾਂ ਗ੍ਰੰਥ ਤਿਆਰ ਕਰ ਲਵੇ। ਗੁਰੂ ਗੋਬਿੰਦ ਸਿੰਘ ਜੀ ਤਾਕਤ ਨਾਲ ਵੀ ਉਹ ਆਦਿ ਗ੍ਰੰਥ ਸਾਹਿਬ ਦੀ ਬੀੜ ਹਾਸਿਲ ਕਰ ਸਕਦੇ ਸਨ ਪਰ ਉਨ੍ਹਾਂ ਨੇ ਭਰਾ-ਮਾਰੂ ਕਲੇਸ਼ ਤੋਂ ਗੁਰੇਜ ਕਰਦੇ ਹੋਇਆਂ ਅੰਤਰ-ਧਿਆਨ ਸਮਾਧੀ ਵਿੱਚ ਬੈਠ ਕੇ ਬਾਣੀ ਦਾ ਉਚਾਰਣ ਕਰਦਿਆਂ ਭਾਈ ਮਨੀ ਸਿੰਘ ਨੂੰ ਨਾਲ ਨਾਲ ਲਿਖਣ ਲਈ ਕਿਹਾ। ਇੰਝ ਸੰਨ 1706 ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੂਬਹੂ ਉਚਾਰ ਕੇ ਨਵਾਂ ਗ੍ਰੰਥ ਸਾਹਿਬ ਤਿਆਰ ਕੀਤਾ ਗਿਆ। ਇਸ ਨਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 59 ਸ਼ਬਦ ਅਤੇ 57 ਸਲੋਕ ਜੋੜੇ ਗਏ। ਫਿਰ ਦਮਦਮਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਜਦ ਸੰਨ 1708 ਵਿੱਚ ਨੰਦੇੜ (ਦੱਖਣ) ਵੱਲ ਜਾਣ ਲੱਗੇ ਤਾਂ ਇਹ ਨਵਾਂ ਗੁਰੂ ਗ੍ਰੰਥ ਸਾਹਿਬ ਨਾਲ ਲੈ ਗਏ। ਉਥੇ 20 ਅਕਤੂਬਰ 1708 ਨੂੰ ਉਸ ਨਵੇਂ ਗ੍ਰੰਥ ਨੂੰ ਸਦਜੀਵਤ ਗੁਰੂ ਦਾ ਦਰਜਾ ਦਿੱਤਾ। ਉਸਤੋਂ ਬਾਅਦ ਨਵੇਂ ਗੁਰੂ ਗ੍ਰੰਥ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਜੋਂ ਮਾਨਤਾ ਸ਼ੁਰੂ ਹੋਈ। ਇਸ ਦਿਹਾੜੇ ਨੂੰ ਹਰ ਸਾਲ ਗੁਰ ਗੱਦੀ ਦਿਵਸ ਕਰਕੇ ਮਨਾਇਆ ਜਾਂਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਵਿੱਚ ਸਭ ਤੋਂ ਵੱਧ ਸਨਮਾਨਿਤ ਗ੍ਰੰਥ ਹੈ। ਇਸ ਵਿੱਚ ਗੁਰਬਾਣੀ ਦੇ 5894 ਸ਼ਬਦ ਦਰਜ । ਇਸ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ਨ ਸਰੂਪ ਸੰਨ 1864 ਵਿੱਚ ਤਿਆਰ ਹੋਇਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ 1430 ਅੰਕ ਹਨ ਅਤੇ 33 ਖੰਡ ਹਨ। ਪਹਿਲੇ ਤਿੰਨ ਖੰਡ ਪ੍ਰਾਰਥਨਾ ਦੇ ਹਨ, ਜਿਨ੍ਹਾਂ ਵਿੱਚ ਪਹਿਲਾ ਖੰਡ ਸ਼੍ਰੀ ਜਪੁਜੀ ਸਾਹਿਬ (ਸਵੇਰ ਵੇਲੇ ਦੀ ਪ੍ਰਾਰਥਨਾ), ਦੂਸਰਾ ਖੰਡ ਸ਼੍ਰੀ ਸੋਦਰੁ ਰਹਿਰਾਸ ਸਾਹਿਬ (ਸ਼ਾਮ ਵੇਲੇ ਦੀ ਪ੍ਰਾਰਥਨਾ) ਅਤੇ ਤਸਿਰਾ ਖੰਡ ਕੀਰਤਨ ਸੋਹਿਲਾ (ਸੌਣ ਵੇਲੇ ਦੀ ਪ੍ਰਾਰਥਨਾ) ਅਤੇ ਸੰਪਨ ਖੰਡ ਵਿੱਚ ਸਲੋਕ ਤੇ ਮੁਦਾਵਣੀ ਸਾਹਿਬ ਦੀ ਬਾਣੀ ਦਰਜ ਹੈ।

**ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼:**

1. ਪ੍ਰਮਾਤਮਾ ਇੱਕ ਹੀ ਹੈ : ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਸਮੁੱਚੇ ਬ੍ਰਹਿਮੰਡ ਦਾ ਮਾਲਿਕ ਪ੍ਰਭੂ ਇੱਕ ਹੀ ਹੈ। ਮਨੁੱਖਾ ਸਮਾਜ ਨੇ ਪ੍ਰਮਾਤਮਾ ਨੂੰ ਆਪਣੇ ਧਰਮ, ਜਾਤ, ਨਸਲ, ਦੇਸ ਅਤੇ ਖਿੱਤੇ ਅਨੁਸਾਰ ਵੰਡ ਕੇ ਆਪਣੀ ਮਾਨਤਾ ਮੁਤਾਬਕ ਪ੍ਰਭੂ ਦੇ ਵੱਖ ਵੱਖ ਨਾਮ ਰੱਖ ਲਏ ਸਨ। ਇੰਝ ਇਹ ਇੱਕ ਭਰਮ ਬਣ ਗਿਆ ਕਿ ਸਭਨਾਂ ਦਾ ਪ੍ਰਭੂ ਵੱਖਰਾ ਵੱਖਰਾ ਹੈ।
2. ਪ੍ਰਭੂ ਸਦਾ ਸੱਚ ਅਤੇ ਸਭਨਾ ਅੰਦਰ ਵੱਸਦਾ ਹੈ : ਗੁਰਬਾਣੀ ਵਿੱਚ ਪ੍ਰਭੂ ਦੀ ਹੋਂਦ ਉਤੇ ਬੜਾ ਜ਼ੋਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ ਕਿ ਪ੍ਰਭੂ ਇੱਕ ਸੱਚਾਈ ਹੈ ਅਤੇ ਉਸਦਾ ਘਟ ਘਟ ਵਿੱਚ ਵਾਸ ਹੈ।
3. ਸਾਰੇ ਮਨੁੱਖ ਬਰਾਬਰ ਹਨ: ਮਨੁੱਖ ਨੇ ਇਸ ਸ੍ਰਿਸ਼ਟੀ ਉਤੇ ਮਨੁੱਖਾਂ ਵਿਚਕਾਰ ਧਰਮਾਂ, ਫਿਰਕਿਆਂ, ਊਚ, ਨੀਚ ਦੇ ਨਾਂ ਉਤੇ ਵੰਡੀਆਂ ਪਾਈਆਂ ਹੋਈਆਂ ਹਨ । ਗੁਰਬਾਣੀ ਵਿੱਚ ਇਨ੍ਹਾਂ ਵੰਡੀਆਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸਭ ਮਨੁੱਖਾਂ ਨੂੰ ਬਰਾਬਰ ਮੰਨਿਆਂ ਗਿਆ ਹੈ।
4. ਮਰਦ ਤੇ ਔਰਤ ਵਿੱਚ ਕੋਈ ਉਤਮ ਅਤੇ ਕੋਈ ਘਟੀਆ ਨਹੀਂ ਹੈ : ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਸੀ। ਔਰਤਾਂ ਨੂੰ ਮਰਦਾਂ ਤੋਂ ਘਟੀਆ ਮੰਨਿਆਂ ਜਾਂਦਾ ਸੀ। ਇਹ ਵਿਤਕਰਾ ਅੱਜ ਵੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਕੁਰੀਤੀ ਦੀ ਸਖ਼ਤ ਨਿਖੇਧੀ ਕੀਤੀ ਹੈ।
5. ਪੰਜ ਵੱਕਾਰਾਂ ਉਤੇ ਕਾਬੂ: ਮਨੁੱਖ ਦੇ ਜੀਵਨ ਵਿੱਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨਾਂ ਦੇ ਪੰਜ ਵੱਕਾਰ ਹਨ। ਇਨ੍ਹਾਂ ਵੱਕਾਰਾਂ ਵਿੱਚ ਲਿਪਤ ਹੋ ਕੇ ਮਨੁੱਖ ਕਈ ਤਰ੍ਹਾਂ ਦੇ ਪਾਪ ਕਰਦਾ ਹੋਇਆ ਪ੍ਰਭੂ ਤੋਂ ਦੂਰ ਹੋ ਜਾਂਦਾ ਹੈ। ਗੁਰਬਾਣੀ ਮਨੁੱਖ ਨੂੰ ਇਨ੍ਹਾਂ ਵੱਕਾਰਾਂ ਨੂੰ ਕਾਬੂ ਵਿੱਚ ਰੱਖਦਿਆਂ ਸਦਾ ਪ੍ਰਭੂ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੰਦੀ ਹੈ।
6. ਸਦਾ ਪ੍ਰਭੂ ਦੇ ਹੁਕਮ ਵਿੱਚ ਰਹੋ : ਦੁਖ ਸੁਖ ਜ਼ਿੰਦਗੀ ਦਾ ਹਿੱਸਾ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਦੀ ਨਸੀਹਤ ਕੀਤੀ ਗਈ ਹੈ।
7. ਸਦਾ ਪ੍ਰੇਮ, ਦਯਾ, ਨਿਮਰਤਾ ਤੇ ਹਮਦਰਦੀ ਧਾਰਨ ਕਰੋ: ਗੁਰਰਬਾਣੀ ਵਿੱਚ ਮਨੁੱਖ ਨੂੰ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਉਤੇ ਬਹੁਤ ਜ਼ੋਰ ਦਿੱਤਾ ਗਿਆ ਹੈ।

# ਜਦੋਂ ਮੇਰੇ ਨਾਲ ਏਟੀਐਮ.'ਚੋਂ ਪੈਸੇ ਕਢਵਾਉਣ ਸਮੇਂ ਠੱਗੀ ਵੱਜੀ



ਮੇਜਰ ਸਿੰਘ ਨਾਭਾ
91-94635-53962

ਬੈਂਕ ਪ੍ਰਣਾਲੀ ਨੇ ਆਪਣੇ ਗਾਹਕਾਂ ਦੀਆਂ ਸਹੂਲਤਾਂ ਲਈ ਸਮੇਂ ਸਮੇਂ ਸਿਰ ਨਵੀਆਂ ਮੱਲ੍ਹਾਂ ਮਾਰੀਆਂ ਹਨ ਜਿਨ੍ਹਾਂ 'ਚੋਂ ਇੱਕ ਹੈ ਏ. ਟੀ. ਐਮ. ( ਆਟੋਮੇਟਿਡ ਟੇਲਰ ਮਸ਼ੀਨ ) ਸਿਸਟਮ। ਇਹ ਪਹਿਲਾਂ ਪਹਿਲਾਂ ਬਾਹਰਲੇ ਦੇਸ਼ਾਂ 'ਚ ਕੰਮ ਕਰਕੇ ਕਮਾਈ ਕਰਨ ਲਈ ਜਾਣ ਵਾਲਿਆ ਤੇ ਵਾਪਿਸ ਆਉਣ ਤੇ ਸੁਣ ਕੇ ਹੈਰਾਨੀ ਹੁੰਦੀ ਸੀ ਕਿ ਉਹ ਆਪਣੇ ਪੈਸੇ ਆਪਣੇ ਅਕਾਊਂਟ ਵਿੱਚੋਂ ਸੜਕ ਤੇ ਜਾਂਦੇ ਹੀ ਇੱਕ ਮਸੀਨ ਵਿੱਚੋਂ ਕਢਵਾ ਲੈਂਦੇ ਹਨ। ਭਾਰਤ ਅੰਦਰ ਪਹਿਲਾ ਏ. ਟੀ. ਐਮ. ਸਿਸਟਮ 1987 ਵਿੱਚ ਮੁਬੰਈ ਵਿਖੇ 'ਹਾਂਗਕਾਂਗ ਐਂਡ ਸੰਘਈ ਬੈਂਕਿੰਗ ਕਾਰਪੋਰੇਸਨ' ਇੱਕ ਬਾਹਰਲੇ ਬੈਂਕ ਨੇ ਸ਼ੁਰੂ ਕੀਤਾ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪਹਿਲੇ ਏ.ਟੀ.ਐਮ. ਦਾ ਉ-ਦਘਾਟਨ 1988 ਵਿੱਚ ਦਿੱਲੀ ਵਿਖੇ ਕੀਤਾ। ਉਸ ਸਮੇਂ ਵਿਰੋਧੀ ਪਾਰਟੀਆਂ ਵਲੋਂ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਕਿਉਂ ਕਿ ਉਨ੍ਹਾਂ ਦਾ ਤਰਕ ਸੀ ਕਿ ਇਸ ਨਾਲ ਬੇਰੁਜ਼ਗਾਰੀ ਵੱਧੇਗੀ, ਜੋ ਠੀਕ ਵੀ ਲੱਗਦਾ ਸੀ। ਪਰ ਇਹ ਸਿਸਟਮ ਲੋਕਾਂ ਲਈ ਵੱਡੀ ਸਹੂਲਤ ਦੇਣ 'ਚ ਸਫਲ ਹੋਇਆ ਜਿਸ ਨਾਲ ਬੈਂਕਿੰਗ ਪ੍ਰਣਾਲੀ ਦੇ ਕੰਮ ਨੂੰ ਸੁਖਾਲਾ ਬਣਾ ਦਿੱਤਾ, ਭਾਵੇਂ ਬੇਰੁਜ਼ਗਾਰੀ 'ਚ ਜਰੂਰ ਵਾਧਾ ਹੋਇਆ, ਪਰ ਇਹ ਕਰਨਾ ਬਾਹਰਲੇ ਦੇਸ਼ਾਂ ਦੇ ਮੁਕਾਬਲੇ ਸਮੇਂ ਦੀ ਲੋੜ ਸੀ ।

ਹੋਲੀ ਹੋਲੀ ਇਨ੍ਹਾਂ ਏ.ਟੀ.ਐਮ. ਮਸ਼ੀਨਾਂ ਦਾ ਜਾਲ ਸਾਰੇ ਭਾਰਤ ਵਿੱਚ ਪਿੰਡਾਂ ਤੱਕ ਵੀ ਫੈਲ ਚੁੱਕਾ ਹੈ। ਇਸ ਮਸ਼ੀਨ ਨਾਲ ਪੈਸੇ ਕਢਵਾਉਣੇ, ਜਮ੍ਹਾਂ ਕਰਵਾਉਣੇ, ਮਿੰਨੀ ਸਟੇਟਮੇਂਟ, ਬੇਲੇਂਸ ਆਦਿ ਦਾ ਪਤਾ ਕਰਨ ਦੀ ਸਹੂਲਤ ਹੁੰਦੀ ਹੈ। ਇਹ ਸਹੂਲਤ ਨੂੰ ਮਾਣਨ ਲਈ ਇੱਕ ਬੈਂਕ ਵਲੋਂ ਜਾਰੀ ਪਿੰਨ (ਪਰਸਨਲ ਅਡੈਂਟੀਫੀਕੇਸ਼ਨ ਨੰਬਰ) ਕੋਡ ਦੀ ਵਰਤੋਂ ਕੀਤੀ ਜਾਣੀ ਹੁੰਦੀ ਹੈ। ਇਸ ਨੂੰ ਕਿਸੇ ਦੇ ਸਾਹਮਣੇ ਨਹੀਂ ਵਰਤਣਾ ਚਾਹੀਦਾ ਕਿਉਂ ਕਿ ਕਈ ਵਾਰ ਠੱਗ ਕਿਸਮ ਦੇ ਲੋਕ ਇਸ ਦੀ ਦੁਰਵਰਤੋਂ ਕਰ ਸਕਦੇ ਹਨ। ਵੱਖ- ਵੱਖ ਬੈਂਕਾਂ ਦੀਆਂ ਇਨ੍ਹਾਂ ਮਸ਼ੀਨਾਂ ਦੇ ਫੰਕਸ਼ਨਾਂ ਵਿੱਚ ਥੌੜ੍ਹਾ ਬਹੁਤਾ ਫਰਕ ਹੁੰਦਾ ਹੈ। ਕਿਸੇ ਵੀ ਬੈਂਕ ਦੇ ਕਾਰਡ ਦੀ ਕਿਸੇ ਵੀ ਏ.ਟੀ.ਐਮ. ਮਸ਼ੀਨ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ।

ਬੈਂਕ ਹੁਣ ਏ.ਟੀ.ਐਮ. ਕਮ ਕਰੈਡਿਟ ਕਾਰਡ ਵੀ ਜਾਰੀ ਕਰਨ ਲੱਗ ਗਏ ਜਿਸ ਨਾਲ ਗਾਹਕ ਸਾਪਿੰਗ ਕਰਨ ਸਮੇਂ ਵਰਤੋਂ ਕਰ ਸਕਦਾ ਹੈ। ਇਸ ਦੀ ਵਰਤੋਂ ਕਰਦੇ ਸਮੇਂ ਕਈ ਗੱਲ੍ਹਾਂ ਦੀ ਸਾਵਧਾਨੀ ਰੱਖਣੀ ਚਾਹੀਦਾ ਹੈ। ਆਪਣਾ ਕਾਰਡ ਆਪ ਹੀ ਵਰਤਣਾ ਚਾਹੀਦਾ ਹੈ ਕਿਸੇ ਹੋਰ ਨੂੰ ਵਰਤੋਂ ਕਰਨ ਲਈ ਨਹੀਂ ਦੇਣਾ ਚਾਹੀਦਾ, ਅਕਸਰ ਕਈ ਲੋਕ ਮਸ਼ੀਨਾਂ ਦੇ ਫੰਕਸ਼ਨਾਂ ਦੀ ਪੂਰੀ ਜਾਣਕਾਰੀ ਨਾ ਹੋਣ ਕਰਕੇ ਨਾਲ ਖੜ੍ਹੇ ਨੂੰ ਪੈਸੇ ਕੱਢਣ ਲਈ ਦੇ ਦਿੰਦੇ ਹਨ, ਪਿੰਨ ਕੋਡ ਵੀ ਉਸ ਨੂੰ ਹੀ ਦੱਸ ਦਿੰਦੇ ਹਨ। ਇਸ ਤਰ੍ਹਾਂ ਕਈ ਵਾਰ ਇਹ ਠੱਗ ਕਿਸਮ ਦੇ ਲੋਕ ਜਾਣ ਬੁਝ ਕੇ ਪੈਸੇ ਕਢਵਾਉਣ ਦਾ ਢੱਕਵੰਜ ਕਰਕੇ ਅੰਦਰ ਖੜ੍ਹੇ ਰਹਿੰਦੇ ਹਨ ਅਤੇ ਭੋਲੇ ਭਾਲੇ ਲੋਕਾਂ ਨੂੰ ਪੈਸੇ ਨਿਕਾਲਣ ਵਿੱਚ ਮਦਦ ਕਰਨ ਦੇ ਬਹਾਨੇ ਕਾਰਡ ਬਦਲ ਕੇ ਜਾਂ ਮਸ਼ੀਨ ਨੂੰ ਕੰਟੀਨਿਯੂ ਰੱਖ ਕੇ ਪੈਸਿਆਂ ਦਾ ਰਗੜਾ ਲਾ ਜਾਂਦੇ ਹਨ।

ਪੈਸੇ ਕਢਵਾਉਣ ਦੇ ਮਾਮਲੇ 'ਚ ਕਿਸੇ ਵੀ ਅਣਜਾਨ ਵਿਅਕਤੀ ਦੀ ਮਦਦ ਨਾ ਲਵੋ। ਜਦੋਂ ਵੀ ਕਾਰਡ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਰਜਿਸਟਰਡ ਮੋਬਾਇਲ ਨੰਬਰ ਤੇ ਮੈਸ਼ੇਜ਼ ਆਉਂਦਾ ਹੈ। ਇਸ ਤਰ੍ਹਾਂ ਕਾਰਡ ਧਾਰਕ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਕਾਰਡ ਦੀ ਸਹੀ ਵਰਤੋਂ ਹੋ ਰਹੀ ਹੈ ਅਗਰ ਕੋਈ ਤੁਹਾਡੇ ਕਾਰਡ ਦੀ ਦੁਰਵਰਤੋਂ ਕਰਦਾ ਹੈ ਤਾਂ ਤੁਸੀਂ ਮੈਸ਼ੇਜ਼ ਵੇਖ ਕੇ ਬੈਂਕ ਵਲੋਂ ਭੇਜੇ ਨੰਬਰ ਤੋਂ ਆਪਣਾ ਅਕਾਊਂਟ ਬਲਾਕ / ਬੰਦ ਕਰਵਾ ਸਕਦੇ ਹੋ ਤਾਂ ਜੋ ਅੱਗਿਓਂ ਹੋਰ ਵਰਤੋਂ ਨਾ ਹੋ ਸਕੇ। ਵੱਖ- ਵੱਖ ਬੈਂਕਾਂ ਦੀਆਂ ਇਨ੍ਹਾਂ ਮਸ਼ੀਨਾਂ ਦੇ ਫੰਕਸ਼ਨਾਂ ਵਿੱਚ ਥੌੜ੍ਹਾ ਬਹੁਤਾ ਫਰਕ ਹੁੰਦਾ ਹੈ । ਇਸ ਨੂੰ ਧਿਆਨ ਨਾਲ ਅਪਰੇਟ ਕਰਨ ਦੀ ਲੋੜ ਹੁੰਦੀ ਹੈ, ਕੋਈ ਅਣਲੋੜੀਂਦਾ ਬਟਨ ਟੱਚ ਕਰਨ ਨਾਲ ਇਹ ਪ੍ਰਕ੍ਰਿਆ ਪੂਰੀ ਨਹੀਂ ਹੁੰਦੀ, ਫਿਰ ਦੁਬਾਰਾ ਤੋਂ ਕਰਨੀ ਪੈਂਦੀ ਹੈ।

ਪਿਛਲੇ ਕਈ ਸਾਲ ਪਹਿਲਾਂ ਮੇਰੇ ਨਾਲ ਏ.ਟੀ.ਐਮ. ਵਿਚੋਂ ਪੈਸੇ ਕਢਵਾਉਣ ਸਮੇਂ ਇੱਕ ਜੈਂਟਲ ਮੇਨ ਠੱਗੀ ਮਾਰ ਗਿਆ। ਮੈਂ ਲੁਧਿਆਣੇ ਇਕ ਨਾਮਵਰ ਹਸਪਤਾਲ ਵਿੱਚ ਸਹੁਰਾ ਸਾਹਬ ਨੂੰ ਡਿਸਚਾਰਜ਼ ਕਰਨ ਉਪਰੰਤ ਕੈਸ਼ ਕਾਊਂਟਰ ਤੇ ਬਿਲ ਬਣਵਾਉਣ ਗਿਆ ਤਾਂ ਉਨ੍ਹਾਂ ਥੋੜੀ ਉਡੀਕ ਕਰਨ ਲਈ ਕਿਹਾ। ਏਨੇ ਨੂੰ ਮੇਰੇ ਮਨ 'ਚ ਐਂਵੇ ਹੀ ਵਿਚਾਰ ਆਇਆ ਕਿ ਥੋੜੇ ਪੈਸੇ ਹੀ ਏ.ਟੀ.ਐਮ. 'ਚੋਂ ਕਢਵਾ ਲੈਨਾਂ, ਜੋ ਕਿ ਸਾਹਮਣੇ ਹੀ ਸੀ।

ਮੈਂ ਕਾਰਡ ਪਾਇਆ, ਸ਼ਾਇਦ ਕੋਈ ਆਪਸ਼ਨ ਸਹੀ ਨਾ ਦੱਬਣ ਕਾਰਨ ਪ੍ਰਕ੍ਰਿਆ ਪੂਰੀ ਨਾ ਹੋ ਸਕੀ। ਮੇਰੇ ਪਿਛਾਂਹ ਇੱਕ ਜੈਂਟਲਮੇਨ ਖੜ੍ਹਾ ਸੀ, ਉਸ ਨੇ ਕਾਰਡ ਦੁਬਾਰਾ ਪਾਉਣ ਲਈ ਕਿਹਾ ਅਤੇ ਆਪਸ਼ਨ ਦੱਬ ਕੇ ਮੈਥੋਂ ਪੈਸੇ ਐਂਟਰ ਕਰਵਾ ਕੇ, ਪਿੰਨ ਕੋਡ ਲਗਵਾ ਲਿਆ ਅਤੇ ਮੇਰੀ ਰਕਮ ਬਾਹਰ ਆ ਗਈ। ਮੈਂ ਪੈਸੇ ਅਤੇ ਕਾਰਡ ਲੈ ਕੇ ਆ ਗਿਆ। ਥੋੜ੍ਹੇ ਦਿਨਾਂ ਬਾਅਦ ਮੈਂ ਆਪਣੀ ਤਨਖਾਹ ਦੀ ਐਂਟਰੀ ਕਰਵਾਉਣ ਬੈਂਕ ਗਿਆ ਤਾਂ ਪਤਾ ਲੱਗਿਆ ਕਿ ਖਾਤੇ 'ਚ ਸਿਰਫ ਸੌ ਤੋਂ ਵੀ ਘੱਟ ਪੈਸੇ ਹਨ। ਮੈਂ ਜਦੋਂ ਸਬੰਧਤ ਕਲਰਕ ਨਾਲ ਗੱਲ ਕੀਤੀ ਤਾਂ ਉਸ ਨੇ ਮੇਰਾ ਖਾਤਾ ਦੇਖਿਆ ਜਿਸ ਵਿੱਚ ਉਸ ਤਾਰੀਖ ਦੀਆਂ ਦੋ ਐਂਟਰੀਆਂ ਸਨ। ਦੁਜੀ ਐਂਟਰੀ ਮੈਂ ਸਮਝ ਗਿਆ ਕਿ ਏ.ਟੀ.ਐਮ. ਤੋਂ ਪਿਛਲੇ ਜੈਂਟਲਮੇਨ ਨੇ ਕੰਟੀਨਿਯੂ ਕਰਕੇ ਪੂਰੀ ਰਕਮ ਚੈੱਕ ਕਰ ਕੇ ਰਾਊਂਡ ਫਿਗਰ ਵਾਲੇ ਸਾਰੇ ਪੈਸੇ ਕੱਢ ਲਏ ਕਿਉਂ ਕਿ ਉਸ ਏ.ਟੀ.ਐਮ. ਮਸੀਨ ਵਿੱਚ ਪੈਸੇ ਕਢਵਾਉਣ ਤੋਂ ਬਾਅਦ ਹੋਰ ਪੈਸੇ ਕਢਵਾਉਣ ਦੀ ਆਪਸ਼ਨ ਆਉਂਦੀ ਹੋਣੀ ਹੈ, ਜਿਸ ਦਾ ਉਹ ਵਿਅਕਤੀ ਨਜਾਇਜ਼ ਫਾਇਦਾ ਉਠਾ ਗਿਆ ਜਿਸ ਤੋਂ ਮੈਂ ਅਣਜਾਨ ਸੀ। ਚਲੋ ਰਕਮ ਸ਼ਹਿਣਯੋਗ ਸੀ, ਪਰ ਅੱਗੇ ਤੋਂ ਕੈਂਸ਼ਲ ਅਤੇ ਕਲੀਅਰ ਵਾਲਾ ਬਟਨ ਦੱਬ ਕੇ ਆਉਣ ਲੱਗ ਪਿਆ ਹਾਂ।

ਕਦੇ ਵੀ ਏ.ਟੀ.ਐਮ. ਚਲਦਾ ਛੱਡ ਕੇ ਨਾ ਆਓ, ਬੰਦ ਹੋਣ ਤੱਕ ਇੰਤਜ਼ਾਰ ਕਰੋ ਜਾਂ ਕੈਂਸ਼ਲ / ਕਲੀਅਰ ਦਾ ਬਟਨ ਦਬਾ ਕੇ ਬੰਦ ਕਰ ਕੇ ਆਵੋ। ਕਾਹਲੀ 'ਚ ਪੈਸੇ ਕਢਵਾ ਕੇ ਨਾ ਜਾਉ ਨਹੀਂ ਤਾਂ ਕਿਸੇ ਠੱਗ ਨੇ ਤੁਹਾਡਾ ਖਾਤਾ ਸਾਫ ਕਰ ਜਾਣਾ ਹੈ।

# ਟੈਕਸਟਾਈਲ ਪਾਰਕ ਲਈ ਕੇਂਦਰ ਨੂੰ ਫਤਹਿਗੜ੍ਹ ਸਾਹਿਬ 'ਚ 1000 ਏਕੜ ਜ਼ਮੀਨ ਦੇਣ ਦੀ ਪੇਸ਼ਕਸ਼

**ਚੰਡੀਗੜ੍ਹ-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 'ਪ੍ਰਧਾਨ ਮੰਤਰੀ ਮੈਗਾ ਇੰਟੈਗ੍ਰੇਟਿਡ ਟੈਕਸਟਾਈਲ ਰੀਜ਼ਨ ਤੇ ਐਪੇਰਲ ਪਾਰਕਜ਼ (ਪੀਐੱਮ ਮਿੱਤਰਾ) ਸਕੀਮ' ਅਧੀਨ ਟੈਕਸਟਾਈਲ ਪਾਰਕ ਸਥਾਪਤ ਕਰਨ ਲਈ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ 1000 ਏਕੜ ਜ਼ਮੀਨ ਭਾਰਤ ਸਰਕਾਰ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੈ। ਮੁੱਖ ਮੰਤਰੀ ਨੇ ਕੇਂਦਰੀ ਕੱਪੜਾ ਮੰਤਰੀ ਪੀਯੂਸ਼ ਗੋਇਲ ਨੂੰ ਪੱਤਰ ਭੇਜ ਕੇ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਸ ਵੱਕਾਰੀ ਪ੍ਰਾਜੈਕਟ ਨੂੰ ਸਥਾਪਤ ਕਰਨ ਦੀ ਇੱਛਾ ਪ੍ਰਗਟਾਈ ਹੈ। ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਸੂਬੇ ਨੂੰ ਉਦਯੋਗਿਕ ਵਿਕਾਸ ਦੇ ਨਕਸ਼ੇ ਉਤੇ ਉਭਾਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਮੈਗਾ ਪਾਰਕ ਦੀ ਸਥਾਪਨਾ ਕਰਦੇ ਸਮੇਂ ਕੇਂਦਰ ਅਤੇ ਸੂਬੇ ਦੇ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੁਆਰਾ ਨਿਰਧਾਰਤ ਸਾਰੀਆਂ ਵਾਤਾਵਰਣ ਪ੍ਰਵਾਨਗੀਆਂ ਅਤੇ ਮਾਪਦੰਡਾਂ ਦਾ ਪਾਲਣ ਕੀਤਾ ਜਾਵੇਗਾ। ਇਸ ਪ੍ਰਾਜੈਕਟ ਲਈ ਬੁਨਿਆਦੀ ਲੋੜਾਂ ਵਿੱਚੋਂ ਇੱਕ ਇਹ ਹੈ ਕਿ ਇਸ ਪ੍ਰਾਜੈਕਟ ਲਈ ਇਛੁੱਕ ਸੂਬਾ ਸਰਕਾਰ ਕੋਲ 1000 ਏਕੜ ਜ਼ਮੀਨ ਦਾ ਰਕਬਾ ਇਕ ਥਾਂ ਮੌਜੂਦਾ ਹੋਣਾ ਚਾਹੀਦਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਦਾ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ 'ਚ ਨਿੱਘਾ ਸਵਾਗਤ ਤੇ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਏਸ਼ੀਆ ਗੋਲਡ ਮੈਡਲਿਸਟ ਤੇ ਵਿਸ਼ਵ ਜੇਤੂ ਰੁਸਤਮ-ਏ-ਹਿੰਦ, ਅਰਜਨ ਅਵਾਰਡੀ, ਪਦਮਸ੍ਰੀ ਕਰਤਾਰ ਸਿੰਘ ਪਹਿਲਵਾਨ ਦਾ ਕੈਲੇਫੋਰਨੀਆ ਦੇ ਵੱਖ-ਵੱਖ ਸ਼ਹਿਰਾਂ 'ਚ ਨਿੱਘਾ ਸਵਾਗਤ ਤੇ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਵੱਲੋਂ ਰੌਬ ਢਿੱਲੋਂ ਪ੍ਰਧਾਨ ਤੇ ਪ੍ਰੀਤਮ ਸਿੰਘ ਸੈਕਟਰੀ ਦੀ ਅਗਵਾਈ ਹੇਠ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਨਿਵਾਜਿਆ। ਇਸ ਮੌਕੇ ਅਜੀਤ ਸਿੰਘ ਸੰਧੂ ਨੇ ਸਟੇਜ ਤੋਂ ਪਦਮਸ੍ਰੀ ਕਰਤਾਰ ਸਿੰਘ ਬਾਰੇ ਜਾਣਕਾਰੀ ਦਿੱਤੀ ਅਤੇ ਸੰਗਤ ਵੱਲੋਂ ਸਵਾਗਤ ਕੀਤਾ। ਹਰਦੂਮਣ ਸਿੰਘ ਬਿੱਲਾ ਸੰਘੇੜਾ ਕਰਤਾਰ ਸਿੰਘ ਨੂੰ ਲੈ ਕੇ ਸਟੇਜ 'ਤੇ ਪਹੁੰਚੇ। ਭਾਰੀ ਗਿਣਤੀ ਵਿਚ ਸੰਗਤਾਂ ਨੇ ਸਵਾਗਤ ਕਰਦਿਆਂ ਵਧਾਈ ਦਿੱਤੀ।

ਲੈਥਰੋਪ ਸਿਟੀ ਕੌਂਸਲ ਵੱਲੋਂ ਅਜੀਤ ਸਿੰਘ ਸੰਧੂ ਚੇਅਰਪਰਸਨ ਪਾਰਕ ਤੇ ਰੀਕ੍ਰੇਸ਼ਨ ਨੇ ਕਰਤਾਰ ਸਿੰਘ ਦੀ ਜਾਣ-ਪਛਾਣ ਕਰਵਾਈ, ਜਿੱਥੇ ਲੈਥਰੋਪ ਦੇ ਮੇਅਰ ਸੁਖਮਿੰਦਰ ਸਿੰਘ ਧਾਲੀਵਾਲ ਨੇ ਸਿਟੀ ਕੌਂਸਲ



ਮੈਂਬਰਾਂ ਵੱਲੋਂ ਕਰਤਾਰ ਸਿੰਘ ਦਾ ਸਨਮਾਨ ਕੀਤਾ। ਇਸ ਮੌਕੇ ਉਘੇ ਕਾਰੋਬਾਰੀ ਪ੍ਰੀਤਮ ਸਿੰਘ ਗਰੇਵਾਲ ਤੇ ਹਰਦੂਮਣ ਸਿੰਘ ਬਿੱਲਾ ਸੰਘੇੜਾ ਤੋਂ ਇਲਾਵਾ ਅਸ਼ੋਕ ਰਲਮਿਲੇ, ਐਕਸ ਕਮਿਸ਼ਨਰ, ਰਘਬੀਰ ਸਿੰਘ ਸ਼ੇਰਗਿੱਲ, ਰਿੱਕ ਸਰੈਵਾਲ, ਜਸਬੀਰ ਸਿੰਘ ਸੇਖੋਂ ਤੇ ਕਰਮਜੀਤ ਸਿੰਘ ਬਾਠ ਤੇ ਭਾਰੀ ਸੰਗਤ ਹਾਜ਼ਰ ਰਹੀ।

ਕੈਲੇਫੋਰਨੀਆ ਦੇ ਸ਼ਹਿਰ ਮਨਟਿਕਾ ਵਿਚ ਪਹਿਲਵਾਨਾਂ ਤੇ ਪੁਰਾਣੇ ਖਿਡਾਰੀਆਂ ਅਤੇ ਖੇਡ ਪ੍ਰੇਮੀਆ ਨੇ ਮਿਲ ਕੇ ਕਰਤਾਰ ਸਿੰਘ ਪਹਿਲਵਾਨ ਦਾ ਨਿੱਘਾ ਸਵਾਗਤ ਤੇ ਸਨਮਾਨਿਤ ਕੀਤਾ। ਇਸ ਮੌਕੇ ਅਦਾਰਾ ''ਦੇਸ਼ ਦੁਆਬਾ'' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਚੇਮਸ ਭੱਟੀ ਵੀ ਹਾਜ਼ਰ ਸਨ।

ਇਸ ਮੌਕੇ ਪਹਿਲਵਾਨਾਂ ਨੇ ਯਾਦਾਂ ਤਾਜ਼ੀਆਂ ਕੀਤੀਆਂ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਕਰਤਾਰ ਸਿੰਘ ਨੇ ਅਖਾੜਾ ਚਲਾਉਣ ਦੀ ਵਧਾਈ ਤੇ ਸ਼ਲਾਘਾ ਕੀਤੀ। ਜਸਦੇਵ ਸਿੰਘ ਧਾਲੀਵਾਲ ਕੁਸ਼ਤੀ ਕੋਚ ਤੇ ਗੁਰਪਾਲ ਸਿੰਘ ਕੁਸ਼ਤੀ ਕੋਚ ਨੇ ਵੀ ਕਰਤਾਰ ਸਿੰਘ ਦੀ ਸ਼ਲਾਘਾ ਕੀਤੀ ਅਤੇ ਵਿਸ਼ਵ ਦਾ ਨਾਮੀ ਪਹਿਲਵਾਨ ਦੱਸਿਆ।


























# ਬਾਰਡਰ ਗਸ਼ਤ ਦੌਰਾਨ ਅਧਿਕਾਰੀਆਂ ਨੂੰ ਟੈਕਸਾਸ ਸੂਬੇ ਦੇ ਰੀਓ ਗ੍ਰਾਂਡੇ ਵਿੱਚ 8 ਪ੍ਰਵਾਸੀਆਂ ਦੀਆਂ ਲਾਸ਼ਾਂ ਮਿਲੀਆਂ





**ਵਾਸ਼ਿੰਗਟਨ (ਰਾਜ ਗੋਗਨਾ)–** ਅਧਿਕਾਰੀਆਂ ਨੇ ਅੱਜ ਸ਼ੁੱਕਰਵਾਰ ਨੂੰ ਦੱਸਿਆ ਕਿ ਟੈਕਸਾਸ ਦੇ ਈਗਲ ਪਾਸ ਦੇ ਨੇੜੇ ਦਰਜਨਾਂ ਲੋਕਾਂ ਨੇ ਅਮਰੀਕਾ ਵਿੱਚ ਖਤਰਨਾਕ ਕਰਾਸਿੰਗ ਦੀ ਕੋਸ਼ਿਸ਼ ਕਰਨ ਤੋਂ ਬਾਅਦ ਰੀਓ ਗ੍ਰਾਂਡੇ ਵਿੱਚ ਘੱਟੋ-ਘੱਟ 8 ਪ੍ਰਵਾਸੀ ਮ੍ਰਿਤਕ ਪਾਏ ਗਏ। ਯੂਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਅਤੇ ਮੈਕਸੀਕਨ ਅਧਿਕਾਰੀਆਂ ਨੇ ਬੀਤੇਂ ਦਿਨ ਵੀਰਵਾਰ ਨੂੰ ਭਾਰੀ ਬਾਰਿਸ਼ ਦੇ ਦਿਨਾਂ ਤੋਂ ਬਾਅਦ ਦਰਿਆ ਪਾਰ ਕਰਕੇ ਅਮਰੀਕਾ ਵਿੱਚ ਦਾਖਿਲ ਹੋਣ ਵਾਲੇ ਲੋਕਾਂ ਦੇ ਇੱਕ ਵੱਡੇ ਇਕੱਠ ਨੂੰ ਦਾਖਿਲ ਹੋਣ ਲਈ ਰੋਕਿਆ, ਅਤੇ ਜਦੋ ਗਸ਼ਤ ਅਧਿਕਾਰੀਆਂ ਨੇ ਖੋਜ ਕੀਤੀ ਤਾਂ , ਯੂਐਸ ਅਧਿਕਾਰੀਆਂ ਨੇ 6 ਲਾਸ਼ਾਂ ਬਰਾਮਦ ਕੀਤੀਆਂ, ਜਦੋਂ ਕਿ ਮੈਕਸੀਕਨ ਟੀਮਾਂ ਨੇ 2 ਬਰਾਮਦ ਕੀਤੀਆਂ।

ਏਜੰਸੀ ਨੇ ਕਿਹਾ ਕਿ ਅਮਰੀਕੀ ਅਮਲੇ ਨੇ ਨਦੀ ਤੋਂ 37 ਹੋਰ ਲੋਕਾਂ ਨੂੰ ਬਚਾਇਆ ਅਤੇ 16 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਜਦੋਂ ਕਿ ਮੈਕਸੀਕਨ ਅਧਿਕਾਰੀਆਂ ਨੇ 39 ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ। ਸੀਬੀਪੀ ਨੇ ਕਿਹਾ ਕਿ ਸਰਹੱਦ ਦੇ ਦੋਵਾਂ ਪਾਸਿਆਂ ਦੇ ਅਧਿਕਾਰੀ ਕਿਸੇ ਵੀ ਸੰਭਾਵਿਤ ਪੀੜਤਾਂ ਦੀ ਭਾਲ ਜਾਰੀ ਰੱਖਦੇ ਹਨ। ਅਧਿਕਾਰੀਆ ਨੇ ਇਹ ਨਹੀਂ ਦੱਸਿਆ ਕਿ ਪ੍ਰਵਾਸੀ ਕਿਹੜੇ ਕਿਹੜੇ ਦੇਸ਼ ਜਾਂ ਦੇਸ਼ਾਂ ਦੇ ਸਨ ਅਤੇ ਬਚਾਅ ਜਾਂ ਖੋਜ ਬਾਰੇ ਕੋਈ ਵਾਧੂ ਜਾਣਕਾਰੀ ਨਹੀਂ ਦਿੱਤੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬਾਰਡਰ ਪੈਟਰੋਲ ਦਾ ਡੇਲ ਰੀਓ ਸੈਕਟਰ, ਜਿਸ ਵਿੱਚ ਈਗਲ ਪਾਸ ਸ਼ਾਮਲ ਹੈ, ਹੁਣ ਗੈਰ-ਕਾਨੂੰਨੀ ਕਰਾਸਿੰਗ ਲਈ ਬੜੀ ਤੇਜ਼ੀ ਨਾਲ ਸਭ ਤੋਂ ਵਿਅਸਤ ਗਲਿਆਰਾ ਬਣਦਾ ਜਾ ਰਿਹਾ ਹੈ।

# ਹਵਾਈ ਟਿਕਟਾਂ ਦੇ ਅਸਮਾਨੀ ਚੜ੍ਹੇ ਰੇਟ, ਯਾਤਰਾ ਹੋਈ ਮਹਿੰਗੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੱਜਕੱਲ੍ਹ ਹਵਾਈ ਟਿਕਟਾਂ ਦੇ ਰੇਟ ਹਵਾਈ ਜਹਾਜ਼ ਨਾਲੋਂ ਜਿਆਦਾ ਅਸਮਾਨੀ ਚੜ੍ਹੇ ਨਜ਼ਰ ਆ ਰਹੇ ਹਨ। ਭਾਰਤ ਦੇ ਵਿਚ ਦਿਵਾਲੀ ਦਿਵਾਲੇ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਜਾਣਾ ਹੈ, ਫਿਰ ਲੋਹੜੀ ਆ ਜਾਣੀ ਹੈ ਅਤੇ ਪੀ। ਆਰ। ਬਾਅਦ ਸੁੱਖਾਂ ਲਾਹੁਣ ਦੀ ਸ਼ਰਧਾ ਵੀ ਪੂਰੀ ਕੀਤੀ ਜਾਣੀ ਹੈ, ਇਸ ਕਰਕੇ ਹਰ ਕੋਈ ਆਪਣੀ-ਆਪਣੀ ਟਿਕਟ ਲੈਣ ਲਈ ਇਨੀਂ ਦਿਨੀਂ ਉਤਾਵਲਾ ਹੈ। ਹਵਾਈ ਟਿਕਟਾਂ ਵੇਚਣ ਵਾਲੇ ਜਦੋਂ ਟਿਕਟਾਂ ਦੀ ਕੀਮਤ ਦਸਦੇ ਹਨ ਤਾਂ ਗਾਹਕ ਦੇ ਮੂੰਹੋ ਇਹੀ ਸ਼ਬਦ ਨਿਕਦਾ ਹੈ ''ਹੈਂ ਐਨੀ ਮਹਿੰਗੀ'' ਅਗਲੇ ਕਹਿੰਦੇ ਆ ਬਈ ਜੇਕਰ ਲੈਣੀ ਆ ਤਾਂ ਦੱਸੋ ਵਰਨਾ ਇਸਦੀ ਗਾਰੰਟੀ ਕੋਈ ਨੀ ਕੱਲ੍ਹ ਕਿੰਨੇ ਦੀ ਮਿਲੇ। ਕੁਝ ਲੋਕ 1600 ਦੀ ਟਿਕਟ ਲੈ ਕੇ ਸੀਟਾਂ ਪੱਕੀਆਂ ਕਰਾ ਗਏ, ਫਿਰ ਓਹੀ ਸੀਟ 1900 ਤੱਕ ਗਈ, ਫਿਰ 2200 ਡਾਲਰ ਤੱਕ ਹੋਈ ਅਤੇ ਹੁਣ ਲੋਕ 3000 ਡਾਲਰ ਤੋਂ ਉਪਰ ਟਿਕਟ ਖਰੀਦ ਰਹੇ ਹਨ। ਭਾਰਤੀ ਲੋਕਾਂ ਦਾ ਆਉਣਾ-ਜਾਣਾ ਲਗਦਾ ਕਾਫੀ ਵਧ ਗਿਆ ਹੈ। ਮੈਂ ਮਲੇਸ਼ੀਆ ਏਅਰਲਾਈਨ ਦੇ ਵਿਚ ਹਾਲ ਹੀ ਦੇ ਵਿਚ ਸਫਰ ਕੀਤਾ ਹੈ, ਫਲਾਈਟ ਅਟੈਂਡੈਂਟ ਮੁੰਡੇ ਤਾਂ ਹੁਣ ਹਿੰਦੀ ਦੇ ਵਿਚ ਹੀ ਗੱਲ ਕਰਨ ਲੱਗ ਪਏ ਹਨ। ਮੈਂ ਪਿਛਲੇ ਹਫਤੇ ਇੰਡੀਆ ਤੋਂ ਆਇਆਂ, ਮੈਂ ਵਿਚਾਲੇ ਜਿਹੇ ਆ ਕੇ ਘੰਟੀ ਦੱਬ ਕੇ ਚਾਹ ਮੰਗਵਾ ਲਈ, ਚਾਹ ਦੁੱਧ ਆਦਿ ਪਾਉਣ ਕਰਕੇ ਸ਼ਾਇਦ ਠੰਡੀ ਹੋ ਗਈ, ਪਰ ਮੈਂ ਅੱਧਾ ਕੱਪ ਪੀ ਲਿਆ ਅਤੇ ਜਦੋਂ ਕੱਪ ਵਾਪਿਸ ਕਰਨ ਲੱਗਾਂ ਤਾਂ ਫਲਾਈਟ ਅਟੈਂਡੈਂਟ ਮੁੰਡਾ ਕਹਿੰਦਾ 'ਮੈਂ ਆਪ ਕੇ ਲੀਏ ਚਾਏ ਲੈ ਕੇ ਆਇਆ ਆਪ ਨੇ ਆਧੀ ਛੋੜ ਦੀ'' ਮੈਂ ਉਸ ਵੱਲ ਵੇਖਿਆ ਤੇ ਸੋਚਿਆ ਕਿ ਇਹ ਤਾਂ ਸਿੱਧਾ ਹਿੰਦੀ ਦੇ ਵਿਚ ਹੀ ਆ ਗਿਆ, ਮੈਂ ਕਿਹਾ ਕਿ ਠੰਡੀ ਹੋ ਗਈ ਸੀ, ਪਰ ਉਹ ਇਹ ਗੱਲ ਮੰਨਣ ਦੀ ਬਜਾਏ ਮੂੰਹ ਜਿਹਾ ਬਣਾ ਕੇ ਚਲਾ ਗਿਆ।




ਮੈਂ ਹੁਣੇ-ਹੁਣੇ ਨੈਟ ਉਤੇ ਟਿਕਟਾਂ ਦੀ ਕੀਮਤ ਚੈਕ ਕਰਨ ਦੀ ਕੋਸ਼ਿਸ਼ ਕੀਤੀ। ਨਵੀਂ ਦਿੱਲੀ ਲਈ ਜੋ ਕੀਮਤ ਸਾਹਮਣੇ ਆ ਰਹੀ ਹੈ ਲਗਦਾ ਹੈ ਕਿ ਬਹੁਤਿਆਂ ਨੂੰ ਹੁਣ ਆਪਣੇ ਬਟੂਏ ਦਾ ਗਲਾ ਘੁੱਟ ਕੇ ਹੀ ਇੰਡੀਆ ਜਾਣਾ ਪਵੇਗਾ। 1 ਨਵੰਬਰ ਨੂੰ ਜਾ ਕੇ 30 ਨਵੰਬਰ ਨੂੰ ਆਉਣਾ ਹੋਵੇ ਤਾਂ ਕੀਮਤ 2900 ਡਾਲਰ ਤੋਂ 3400 ਡਾਲਰ ਤੱਕ ਕੀਮਤ ਆ ਰਹੀ ਹੈ। ਜੇਕਰ ਲੋਹੜੀ ਦੁਆਲੇ ਵਾਪਿਸ ਆਉਣਾ ਹੋਵੇ ਤਾਂ ਵੀ 3600 ਡਾਲਰ ਤੱਕ ਕੰਮ ਜਾ ਪਹੁੰਚਦਾ ਹੈ। ਸਕੂਲ ਟਰਮ-4 (20 ਦਸੰਬਰ ਤੋਂ ਪਹਿਲਾਂ) ਦੇ ਖਤਮ ਹੁੰਦਿਆ ਹੀ ਬੱਚਿਆਂ ਨਾਲ ਫਲਾਈਟ ਫੜਨੀ ਹੋਵੇ ਜਾਂ ਕਹਿ ਲਈਏ ਦਸੰਬਰ ਦੇ ਅੱਧ ਵਿਚ ਜਾਣਾ ਹੋਵੇ ਅਤੇ ਲੋਹੜੀ ਵਾਲੇ ਲੱਡੂ ਖਾ ਕੇ ਵਾਪਿਸ ਆਉਣਾ ਹੋਵੇ ਤਾਂ ਇਹ ਕੀਮਤ 4000 ਡਾਲਰ ਤੋਂ 4500 ਡਾਲਰ ਤੱਕ ਆ ਰਹੀ ਹੈ। ਬਜ਼ੁਰਗ ਇਕ ਥਾਂ ਹੀ ਰਸਤੇ ਵਿਚ ਰੁਕਣਾ ਚੰਗਾ ਸਮਝਦੇ ਹਨ ਅਤੇ ਪਰ ਇਹ ਟਿਕਟਾਂ ਵੀ ਲੰਬੀ ਉਡੀਕ ਦੇ ਨਾਲ 4500 ਤੋਂ 7500 ਤੱਕ ਪੈ ਰਹੀਆਂ ਹਨ।

ਸਲਾਹ ਇਹੀ ਹੈ ਕਿ ਜੇਕਰ ਵਿਆਹ ਮੰਡਪਾਂ ਅਤੇ ਮੈਰਿਜ ਪੈਲਿਸਾਂ ਵਾਲੇ ਵਿਆਹ ਖਾਣ ਜਾਣਾ ਹੈ ਤਾਂ ਟਿਕਟਾਂ ਦੀ ਖਰੀਦੋ-ਫਰੋਖਤ ਟਾਈਮ ਨਾਲ ਕਰ ਲਓ ਨਹੀਂ ਤਾਂ ਲਾਗੀਆਂ ਵਾਲੇ ਪੈਸਿਆਂ ਦੇ ਵਿਚ ਤੁਸੀਂ ਕੱਟ ਲਾ ਕੇ ਗਰੀਬ ਮਾਰ ਕਰ ਜਾਣੀ। ਚੰਗੀ ਗੱਲ ਇਹ ਹੈ ਕਿ ਟਿਕਟਾਂ ਵਾਲੀ ਦੁਕਾਨ ਉਤੇ ਇਹ ਧਾਰ ਕੇ ਜਾਓ ਕਿ ਟਿਕਟ ਲੈ ਕੇ ਹੀ ਮੁੜਨਾ ਹੈ। ਜੇਕਰ ਪਤਾ ਕਰਕੇ ਛੱਡ ਆਏ ਤਾਂ ਅਗਲੇ ਦਿਨ ਟਿਕਟਾਂ ਦੀ ਦੁਕਾਨ ਵਾਲਿਆਂ ਨੇ ਐਨਕਾਂ ਉਪਰ ਨੂੰ ਚੱਕ ਕੇ ਇਹੀ ਕਹਿਣਾ ਕਿ ਅੱਜ ਭਾਅ ਵੱਖਰਾ ਆ ਗਿਆ ਹੈ। ਕਈ ਟਿਕਟਾਂ ਵਾਲੇ ਤਾਂ ਬਾਹਲੇ ਤੱਤੇ ਹੁੰਦੇ ਵੀ ਸੁਣੇ ਗਏ ਹਨ। ਪਰ ਬੇਨਤੀ ਹੈ ਠੰਡੇ ਰਿਹਾ ਕਰੋ। ਜਹਾਜ਼ ਪਹਿਲਾਂ ਹੀ ਬੜਾ ਤੱਤਾ ਹੋ ਕੇ ਉਡਦਾ।

# ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਬੂਟਹਾਰੀ ਵਿਖੇ ਬਹੁਮੰਤਵੀ ਖੇਡ ਸਟੇਡੀਅਮ ਦਾ ਰੱਖਿਆ ਨੀਂਹ ਪੱਥਰ





ਡੇਹਲੋ/ ਲੁਧਿਆਣਾ- ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੱਡੇ ਪੱਧਰ ਤੇ ਪਿੰਡਾਂ ਵਿੱਚ ਵਿਕਾਸ ਕੰਮਾਂ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸ ਕੜੀ ਦੇ ਤਹਿਤ ਅੱਜ ਪਿੰਡ ਬੂਟਹਾਰੀ ਵਿਖੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ 30 ਲੱਖ ਦੀ ਲਾਗਤ ਨਾਲ ਬਣਨ ਵਾਲੇ ਸਪੋਰਟਸ ਪਾਰਕ ਅਤੇ ਬਹੁਮੰਤਵੀ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗਵਾਲ ਨੇ ਆਖਿਆ ਕਿ ਆਮ ਆਦਮੀ ਪਾਰਟੀ ਦਾ ਮੁੱਖ ਮਕਸਦ ਪੰਜਾਬ ਨੂੰ ਨਮੂਨੇ ਦਾ ਸੂਬਾ ਬਣਾਉਣਾ ਹੈ। ਜਿਸ ਵਿੱਚ ਸਿੱਖਿਆ, ਸਿਹਤ ਸਹੂਲਤਾਂ ਤੇ ਖੇਡ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਪੰਜਾਬ ਦੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ "ਖੇਡਾਂ ਵਤਨ ਪੰਜਾਬ ਦੀਆਂ" ਕਰਵਾ ਰਹੀ ਹੈ। ਉਨ੍ਹਾਂ ਆਖਿਆ ਪਿੰਡ ਬੂਟਹਾਰੀ ਵਿਖੇ 30 ਲੱਖ ਦੀ ਲਾਗਤ ਨਾਲ ਜੋ ਖੇਡ ਪਾਰਕ ਬਣੇਗਾ। ਓਸ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਫੁੱਟਬਾਲ ਖੇਡ ਮੈਦਾਨ, ਜਿੰਮ ਤੋਂ ਇਲਾਵਾ ਗਰਾਊਂਡ ਦੇ ਆਲੇ ਦੁਆਲੇ ਲੋਕਾਂ ਦੀ ਸੈਰਗਾਹ ਲਈ ਪੱਕਾ ਰਸਤਾ ਤਿਆਰ ਕੀਤਾ ਜਾਵੇਗਾ। ਇਸ ਖੇਡ ਪਾਰਕ ਦੇ ਬਣਨ ਨਾਲ ਜਿੱਥੇ ਖੇਡ ਪਨੀਰੀ ਨੂੰ ਤਰਾਸ਼ਣ ਵਿੱਚ ਸਹਾਇਤਾ ਮਿਲੇਗੀ ,ਉੱਥੇ ਇਲਾਕੇ ਦਾ ਖੇਡ ਸੱਭਿਆਚਾਰ ਵੀ ਵੱਡੇ ਪੱਧਰ ਤੇ ਪ੍ਰਫੁੱਲਤ ਹੋਵੇਗਾ। ਇਸ ਮੌਕੇ ਵਿਧਾਇਕ ਸੰਗੋਵਾਲ ਨੇ ਬੁਟਾਹਰੀ ਪਿੰਡ ਦੀਆਂ ਹੋਰ ਪ੍ਰਮੁੱਖ ਮੰਗਾਂ ਜਿਨ੍ਹਾਂ ਵਿੱਚ ਪਿੰਡ ਦੀਆਂ ਡਾਕ-ਟਰੀ ਸਹੂਲਤਾਂ ਵਾਸਤੇ ਡਾਕਟਰ ਅਤੇ ਪਿੰਡ ਵਾਸਤੇ ਪਟਵਾਰੀ ਦੀ ਤਾਇਨਾਤੀ ਪੱਕੀ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਰੂਪ ਸਿੰਘ ਜਰਖੜ, ਮਨਮੋਹਨ ਸਿੰਘ ਪੱਪੂ ਕਾਲਖ, ਚਰਨਜੀਤ ਸਿੰਘ ਬੁਲਾਰਾ, ਸਰਪੰਚ ਤਰਸੇਮ ਲਾਲ, ਸਾਬਕਾ ਸਰਪੰਚ ਕੇਵਲ ਸਿੰਘ, ਮਨਜੀਤ ਸਿੰਘ ਬਟਹਾਰੀ, ਜਤਿੰਦਰ ਸਿੰਘ ਬੂਟਹਾਰੀ, ਬਲਵੰਤ ਸਿੰਘ ਬੁਟਾਹਰੀ ਗੋਗਾ ਬੂਟਹਾਰੀ, ਜੱਗੀ ਦਿਓਲ ਬਲਾਕ ਪ੍ਰਧਾਨ ਡੇਹਲੋਂ, ਗੁਰਦੀਪ ਸਿੰਘ ਸੰਗੋਵਾਲ, ਸੁਖਵਿੰਦਰ ਸਿੰਘ ਸੋਨੀ ਜਸਪਾਲ ਬਾਂਗਰ ਯੂਥ ਪ੍ਰਧਾਨ, ਰਵੀ ਝੱਮਟ ਦਫਤਰ ਇੰਚਾਰਜ ਵਿਧਾਇਕ ਸੰਗੋਵਾਲ, ਲਖਵਿੰਦਰ ਸਿੰਘ ਦਾਦ, ਦਵਿੰਦਰਪਾਲ ਸਿੰਘ ਲਾਡੀ , ਰੰਮੀ ਗਿੱਲ ਜਸਵਿੰਦਰ ਸਿੰਘ ਜੱਸੀ ਪੀ ਏ, ਮੱਖਣ ਸਿੰਘ, ਰਜਿੰਦਰ ਸਿੰਘ ਮੰਤਰੀ ਸੰਗੋਵਾਲ, ਇੰਦਰਜੀਤ ਸਿੰਘ ਹਿਮਾਯੂਪੁਰਾ, ਪ੍ਰਧਾਨ ਲਖਵੀਰ ਸਿੰਘ ਕਾਕੂ ਸੰਗੋਵਾਲ, ਸਾਹਿਬਜੀਤ ਸਿੰਘ ਸਾਬੀ ਜਰਖੜ, ਜਤਿੰਦਰਪਾਲ ਸਿੰਘ ਲੱਕੀ ਸੰਗੋਵਾਲ ਆਦਿ ਇਲਾਕੇ ਦੀਆਂ ਉਘੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਭਗਵੰਤ ਮਾਨ ਦੇ ਨਿੱਤ ਦੇ ਕੀਤੇ ਜਾ ਰਹੇ ਐਲਾਨ ਜਲਦੀ ਹੀ ਪੰਜਾਬ ਨੂੰ ਸ੍ਰੀਲੰਕਾ ਬਣਾਉਣ ਵੱਲ ਧੱਕ ਰਹੀ ਹੈ: ਅਸ਼ਵਨੀ ਸ਼ਰਮਾ

ਚੰਡੀਗੜ੍ਹ- ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ 'ਚ ਕੰਮ ਕਰਦੇ ਸਰਕਾਰੀ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਤਨਖਾਹਾਂ ਨਾ ਦੇਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਘੋਰ ਨਿਖੇਦੀ ਕਰਦਿਆਂ ਕਿਹਾ ਕਿ ਪੰਜਾਬ 'ਚ ਵੱਡੇ-ਵੱਡੇ ਸੁਧਾਰਾਂ ਦੇ ਦਾਵੇ ਕਰਨ ਵਾਲੀ ਪੰਜਾਬ ਸਰਕਾਰ ਵਲੋਂ ਸਰਕਾਰੀ ਮੁਲਾਜ਼ਮਾਂ ਅਤੇ ਗੰਨਾ ਕਿਸਾਨਾਂ ਦੀਆਂ ਅਦਾਇਗੀਆਂ ਨੂੰ ਰੋਕਣਾ ਭਗਵੰਤ ਮਾਨ ਸਰਕਾਰ ਦੀ ਨਾਕਾਮੀ ਦਾ ਪ੍ਰਤੱਖ ਸਬੂਤ ਹੈ। ਸ਼ਰਮਾ ਨੇ ਕਿਹਾ ਕਿ ਹੁਣ ਤੱਕ ਭਗਵੰਤ ਮਾਨ ਵੱਲੋਂ ਪੰਜ ਮਹੀਨਿਆਂ ਵਿੱਚ 12 ਹਜ਼ਾਰ ਕਰੋੜ ਤੋਂ ਵੱਧ ਦਾ ਕਰਜ਼ਾ ਲਿਆ ਜਾ ਚੁੱਕਾ ਹੈ, ਜੋ ਕਿ ਪਹਿਲਾਂ ਹੀ 3 ਲੱਖ ਕਰੋੜ ਰੁਪਏ ਦੀ ਵਿੱਤੀ ਕਰਜ਼ਾਈ ਪੰਜਾਬ ਨੂੰ ਹੋਰ ਵਿੱਤੀ ਸੰਕਟ ਵਿੱਚ ਪਾਉਣ ਲਈ ਇੱਕ ਵੱਡਾ ਕਦਮ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜੇਕਰ ਸੂਬਾ ਸਰਕਾਰ ਵਿੱਤੀ ਸਥਿਤੀ ਨਾਲ ਜੂਝ ਰਹੀ ਹੈ ਤਾਂ ਸਰਕਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਦੀ ਅਦਾਇਗੀ ਲਈ ਹਰ ਮਹੀਨੇ ਦੀ 25 ਤਰੀਕ ਤੱਕ ਐਡਵਾਂਸ ਰਾਸ਼ੀ ਦਾ ਪ੍ਰਬੰਧ ਕਰੇ, ਕਿਉਂਕਿ ਇਸ ਮਹਿੰਗਾਈ ਦੇ ਯੁੱਗ 'ਚ ਸਮੁੱਚਾ ਮੁਲਾਜ਼ਮ ਵਰਗ ਸਮੇਤ ਹਰ ਆਦਮੀ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਮੁਲਾਜ਼ਮਾਂ ਅਤੇ ਗੰਨਾ ਕਾਸ਼ਤਕਾਰਾਂ ਦੀਆਂ ਤਨਖਾਹਾਂ ਤੁਰੰਤ ਅਦਾ ਕੀਤੀਆਂ ਜਾਣ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਰੋਜ਼ ਜਨਤਾ ਨੂੰ ਮੂਰਖ ਬਣਾਉਣ ਲਈ ਨਵੇਂ-ਨਵੇਂ ਤਰੀਕੇ ਕੱਢਦੇ ਰਹਿੰਦੇ ਹਨ, ਜਦਕਿ ਅਸਲੀਅਤ ਇਹ ਹੈ ਕਿ ਉਨ੍ਹਾਂ ਨੇ ਪੰਜ ਮਹੀਨਿਆਂ 'ਚ ਹੀ ਹਾਰ ਮੰਨ ਲਈ ਹੈ। ਕਦੇ ਭਗਵੰਤ ਮਾਨ ਇਸ ਵਿਭਾਗ ਵਿੱਚ ਨਵੀਂ ਭਰਤੀ ਦਾ ਐਲਾਨ ਕਰਦੇ ਹਨ ਅਤੇ ਕਦੇ ਉਸ ਵਿਭਾਗ ਵਿੱਚ ਅਤੇ ਹੁਣ ਵੀ ਭਗਵੰਤ ਮਾਨ 36,000 ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕਰ ਰਹੇ ਹਨ। ਜਦੋਂ ਕਿ ਅਸਲੀਅਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਕੋਲ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਅਤੇ ਕਿਸਾਨਾਂ ਨੂੰ ਤਨਖਾਹ ਦੇਣ ਲਈ ਵੀ ਪੈਸੇ ਨਹੀਂ ਹਨ। ਪੰਜਾਬ ਸਰਕਾਰ ਹੁਣ ਇਸ ਸਭ ਲਈ ਹੋਰ ਕਰਜ਼ਾ ਲੈਣ ਦੀ ਤਿਆਰੀ ਕਰ ਰਹੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਮਹਿੰਗਾਈ ਭੱਤੇ ਦੇ ਬਕਾਏ ਦੇਣ, ਨਵੀਆਂ ਭਰਤੀਆਂ ਕਰਨ ਸਮੇਤ ਹੋਰ ਵੀ ਕਈ ਐਲਾਨ ਕਰ ਰਹੇ ਹਨ। ਪਰ ਪੰਜਾਬ ਸਰਕਾਰ ਕੋਲ ਇਸ ਲਈ ਪੈਸਾ ਕਿਥੋਂ ਅਤੇ ਕਿੰਵੇਂ ਆਵੇਗਾ, ਇਸਦੀ ਕੋਈ ਰੂਪ-ਰੇਖਾ ਨਹੀਂ ਹੈ?

ਸ਼ਰਮਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਲਿਆ ਜਾ ਰਿਹਾ ਕਰਜ਼ਾ ਪੰਜਾਬ ਨੂੰ ਅਜਿਹੇ ਵਿੱਤੀ ਸੰਕਟ ਵਿੱਚ ਪਾ ਦੇਵੇਗਾ ਜਿਸ ਤੋਂ ਨਿਕਲਣਾ ਅਸੰਭਵ ਹੋ ਜਾਵੇਗਾ ਅਤੇ ਇਹ ਸਭ ਕੁਝ ਪੰਜਾਬ ਦੀ ਹਾਲਤ ਨੂੰ ਸ੍ਰੀਲੰਕਾ ਬਣਾਉਣ ਵੱਲ ਧੱਕ ਰਹੀ ਹੈ।

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ

























ਤਸਵੀਰਾਂ- ਅਦਾਰਾ 'ਦੇਸ਼ ਦੁਆਬਾ'



**ਯੂਬਾ ਸਿਟੀ (ਡੀਡੀਬੀ)–** 28 ਅਗਸਤ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸਮੂਹ ਪ੍ਰਬੰਧਕ ਕਮੇਟੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਗਿਆ। ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਮਾਗਮ ਮੌਕੇ 26 ਅਗਸਤ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ 28 ਅਗਸਤ ਦਿਨ ਐਤਵਾਰ ਨੂੰ ਭੋਗ ਪਾਏ ਗਏ ਤੇ ਉਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ ਤੇ ਉਹਨਾਂ ਦੇ ਸਾਥੀਆਂ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਚੇਅਰਮੈਨ ਸ. ਗੁਰਨਾਮ ਸਿੰਘ ਭੰਡਾਲ ਨੇ ਇਸ ਸ਼ੁਭ ਅਵਸਰ ਤੇ ਆਪਣੇ ਵਿਚਾਰਾਂ ਨਾਲ ਜਿੱਥੇ ਸਾਂਝ ਪਾਈ, ਉਥੇ ਉਹਨਾਂ ਸਮੂਹ ਸੰਗਤ ਨੂੰ ਜੀ ਆਇਆਂ ਆਖਦਿਆਂ ਸਭ ਨੂੰ ਪਹਿਲੇ ਪ੍ਰਕਾਸ਼ ਪੁਰਬ ਮਨਾਏ ਜਾਣ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਵਧਾਈ ਦਿੱਤੀ। ਉਹਨਾਂ ਤੋਂ ਇਲਾਵਾ ਸਟੇਜ ਦੀ ਸੇਵਾ ਨਿਭਾਉਂਦਿਆਂ ਸ. ਗੁਰਦੀਪ ਸਿੰਘ ਹੀਰਾ ਸਟੇਜ ਸਕੱਤਰ ਨੇ ਵੀ ਵਿਚਾਰ ਸਾਂਝੇ ਕਰਦਿਆਂ ਹੋਰ ਬੁਲਾਰਿਆਂ ਨੂੰ ਵੀ ਬੜੇ ਹੀ ਆਦਰ ਨਾਲ ਸਟੇਜ 'ਤੇ ਬੁਲਾਇਆ, ਜਿਹਨਾਂ ਵਿਚ Wade Kirchner (Vice Mayor, Yuba City), Marc Boomgaarden (Council Member Yuba City), Grace Espindola (Council Member Yuba City), Kash Gill Candidate # Sutter County Board Education District 3 ਤੋਂ ਇਲਾਵਾ ਸ. ਕ੍ਰਿਸ਼ਨ ਸਿੰਘ, ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ") ਆਦਿ ਸ਼ਾਮਲ ਸਨ ਤੇ ਸਭ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਸ ਮੌਕੇ (ਡਾ.) ਰੌਣਕੀ ਰਾਮ ਦੀ ਕਿਤਾਬ "ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚਾ", ਚੌਧਰੀ ਈਸ਼ਵਰ ਦਾਸ ਪਵਾਰ ਦੀ ਕਿਤਾਬ "ਮਾਈ ਸਟ੍ਰਗਲ ਇਨ ਪੰਜਾਬ", ਅਤੇ ਡਾ. ਬਦਰੀ ਨਰਾਇਣ ਦੀ ਕਿਤਾਬ "ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ" ਵੀ ਰਿਲੀਜ਼ ਕੀਤੀਆਂ ਗਈਆਂ ਜੋ ਕਿ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੂੰ ਭੇਟ ਕੀਤੀਆਂ। ਅੱਜ ਦੀ ਵਿਸ਼ੇਸ਼ਤਾ ਇਹ ਸੀ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹੁਤ ਸਤਿਕਾਰ ਨਾਲ ਦੀਵਾਨ ਹਾਲ ਤੋਂ ਲੈ ਕੇ ਗੁਰੂ ਘਰ ਦੀ ਪ੍ਰਕਰਮਾ ਰੈੱਡ ਪੈਡ ਤੇ ਕਰਦਿਆਂ ਵਾਪਸੀ ਕੀਤੀ। ਜੋ ਕਿ ਬਹੁਤ ਹੀ ਮਨਮੋਹਕ ਦ੍ਰਿਸ਼ ਸੀ। ਸਮੂਹ ਸੰਗਤ ਨੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦਿਆਂ ਵਾਹਿਗੁਰੂ ਦੀ ਮਹਿਮਾ 'ਚ ਵਾਹਿਗੁਰੂ ਨਾਮ ਦਾ ਮੂਲਮੰਤਰ ਜਾਪ ਕਰ ਰਹੀਆਂ ਸਨ। ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਸੇਵਾ ਨਿਭਾਈ।

ਪ੍ਰਕਰਮਾ ਵਾਪਸੀ ਉਪਰੰਤ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਚੇਅਰਮੈਨ ਸ. ਗੁਰਨਾਮ ਸਿੰਘ ਭੰਡਾਲ ਜੀ ਨੇ ਸਮੂਹ ਗੁਰੂ ਪਿਆਰੀ ਸੰਗਤ ਤੇ ਮੀਡੀਏ ਦਾ ਧੰਨਵਾਦ ਕੀਤਾ। ਅਦਾਰਾ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ" ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਸ੍ਰੀ ਚੇਮਸ ਭੱਟੀ ਨੇ ਹਾਜਰੀ ਲਗਵਾਉਂਦਿਆਂ ਫੇਸਬੁਕ ਤੇ ਸਿੱਧਾ ਪ੍ਰਸਾਰਣ ਤੇ ਫੋਟੋਗ੍ਰਾਫੀ ਦੇ ਨਾਲ-ਨਾਲ ਵੀਡੀਓ ਦੀ ਵੀ ਸੇਵਾ ਨਿਭਾਈ। ਇਹਨਾਂ ਤੋਂ ਇਲਾਵਾ ਹੋਰ ਵੀ ਲੋਕਲ ਮੀਡੀਏ ਨੇ ਬਹੁਤ ਵਧੀਆ ਤਰੀਕੇ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵਧਾਈ ਦੀ ਪਾਤਰ ਹੈ, ਜਿਹਨਾਂ ਬਹੁਤ ਹੀ ਵਧੀਆ ਤਰੀਕੇ ਨਾਲ ਪ੍ਰਬੰਧ ਕੀਤਾ। ਇੱਥੇ ਵਰਣਨ ਕਰਨਾ ਬਣਦਾ ਹੈ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਗੁਰੂ ਘਰ ਦੀ ਬਿਹਤਰੀ ਤੇ ਕੋਈ ਨਾ ਕੋਈ ਅਜਿਹਾ ਸ਼ੁਭ ਉਪਰਾਲਾ ਕਰਦੀ ਰਹਿੰਦੀ ਹੈ, ਜਿਸ ਨਾਲ ਸੰਗਤ ਵੀ ਮਾਣ ਮਹਿਸੂਸ ਕਰਦੀ ਹੈ, ਜਿਵੇਂ ਕਿ ਗੁਰੂ ਘਰ ਦੀ ਕੁਝ ਨਾ ਕੁਝ ਡਿਵੈਲਪਮੈਂਟ ਹੁੰਦੀ ਰਹਿੰਦੀ ਹੈ, ਖਾਸ ਕਰਕੇ 2022 ਵਰ੍ਹੇ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਕਿਉਂਕਿ ਇਸ ਸਾਲ ਧੰਨ ਧੰਨ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਹਿਲਾ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ ਸੀ ਜੋ ਕਿ ਬਹੁਤ ਸਲਾਹੁਣਯੋਗ ਤੇ ਸਲਾਹਿਆ ਗਿਆ। ਅਖੀਰ 'ਚ ਅਦਾਰਾ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ" ਸਮੂਹ ਪ੍ਰਬੰਧਕ ਕਮੇਟੀ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਦਿਲੀ ਹਾਰਦਿਕ ਵਧਾਈ ਦਿੰਦਾ ਹੈ।

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ
















ਤਸਵੀਰਾਂ- ਅਦਾਰਾ 'ਦੇਸ਼ ਦੁਆਬਾ'






# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ





















# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬਹੁਤ ਸ਼ਰਧਾਪੂਰਵਕ ਮਨਾਇਆ ਗਿਆ










ਤਸਵੀਰਾਂ- ਅਦਾਰਾ 'ਦੇਸ਼ ਦੁਆਬਾ'










KB USED
AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop